

SB 403 ਦੇ ਸਮਰਥਕ ਬਿਲ ਪਾਸ ਹੋਣ ਦੀ ਖ਼ੁਸ਼ੀ ਦਾ ਇਜ਼ਹਾਰ ਕਰਦੇ ਹੋਏ।


12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE - 3
April 26, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


# ਕੈਲੇਫੋਰਨੀਆ 'ਚ ਜਾਤੀ ਭੇਦਭਾਵ ਦੇ ਖ਼ਿਲਾਫ਼ ਪਹਿਲੇ ਪੜਾਅ ਦਾ ਬਿੱਲ ਪਾਸ

## ਜਾਤੀ-ਪਾਤੀ ਭੇਦਭਾਵ ਦੇ ਸ਼ਿਕਾਰ ਲੋਕਾਂ ਵੱਲੋਂ, ਕੈਲੀਫੋਰਨੀਆ ਦੀ ਸੈਨੇਟ ਜੁਡੀਸ਼ਰੀ ਕਮੇਟੀ ਵੱਲੋਂ ਸਰਬਸੰਮਤੀ ਨਾਲ ਪਾਸ ਹੋਏ ਬਿਲ ਦਾ ਭਰਪੂਰ ਸਵਾਗਤ



ਤਸਵੀਰਾਂ–
ਪ੍ਰੇਮ ਕੁਮਾਰ ਚੁੰਬਰ
(ਦੇਸ਼ ਦੁਆਬਾ)









**ਵਾਸ਼ਿੰਗਟਨ–** ਪਹਿਲੀ ਮੁਸਲਿਮ ਤੇ ਅਫਗ਼ਾਨ-ਅਮਰੀਕਨ ਸੈਨੇਟਰ ਆਇਸ਼ਾ ਵਹਾਬ ਨੇ ਪਿਛਲੇ ਮਹੀਨੇ ਇਹ ਬਿੱਲ ਰਾਜ ਵਿਧਾਨ ਸਭਾ ਵਿਚ ਪੇਸ਼ ਕੀਤੇ ਬਿਲ 'ਤੇ ਕੈਲੀਫੋਰਨੀਆ ਦੀ ਸੈਨੇਟ ਜੁਡੀਸ਼ਰੀ ਕਮੇਟੀ ਨੇ ਸਰਬ ਸੰਮਤੀ ਨਾਲ ਮੋਹਰ ਲਗਾ ਦਿੱਤੀ ਹੈ ਜਿਸ ਵਿਚ ਜਾਤੀ ਅਧਾਰਿਤ ਪੱਖਪਾਤ 'ਤੇ ਪਾਬੰਦੀ ਲਾਉਣ ਅਤੇ ਇਸ ਨੂੰ ਗੈਰਕਾਨੂੰਨੀ ਐਲਾਨਣ ਦੀ ਤਜਵੀਜ਼ ਰੱਖੀ ਗਈ ਹੈ। ਹਾਲਾਂਕਿ ਇਸ ਦਾ ਭਾਰਤੀ-ਅਮਰੀਕੀ ਕਾਰੋਬਾਰੀ ਤੇ ਮੰਦਰ ਸੰਗਠਨਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਸੀ। ਕਮੇਟੀ ਨੇ ਮੰਗਲਵਾਰ ਸਰਬਸੰਮਤੀ ਨਾਲ ਜਾਤੀ ਪੱਖਪਾਤ ਵਿਰੋਧੀ ਬਿੱਲ ਨੂੰ ਪਾਸ ਕਰ ਕੇ ਇਸ ਨੂੰ ਸੈਨੇਟ ਕੋਲ ਮਨਜ਼ੂਰੀ ਲਈ ਭੇਜ ਦਿੱਤਾ। ਇਹ ਪਹਿਲੀ ਵਾਰ ਹੋਵੇਗਾ ਕਿ ਅਮਰੀਕਾ ਦੀ ਸੂਬਾਈ ਵਿਧਾਨਪਾਲਿਕਾ ਜਾਤੀ ਬਾਰੇ ਕਿਸੇ ਕਾਨੂੰਨ 'ਤੇ ਵਿਚਾਰ ਕਰੇਗੀ। ਜੇ ਇਹ ਬਿੱਲ ਪਾਸ ਹੁੰਦਾ ਹੈ ਤਾਂ ਅਮਰੀਕਾ ਦੇ ਇਸ ਸਭ ਤੋਂ ਵੱਧ ਆਬਾਦੀ ਵਾਲੇ ਰਾਜ ਵਿਚ ਜਾਤੀ ਪੱਖਪਾਤ ਗੈਰਕਾਨੂੰਨੀ ਹੋ ਜਾਵੇਗਾ। ਅਮਰੀਕਾ ਵਿਚ ਅਜਿਹਾ ਕਾਨੂੰਨ ਲਾਗੂ ਕਰਨ ਵਾਲਾ ਕੈਲੀਫੋਰਨੀਆ ਪਹਿਲਾ ਸੂਬਾ ਹੋਵੇਗਾ। ਇਸ ਤਹਿਤ ਜਾਤੀ ਪੱਖਪਾਤ ਨੂੰ ਰਾਜ ਦੇ ਪੱਖਪਾਤ ਵਿਰੋਧੀ ਕਾਨੂੰਨਾਂ ਵਿਚ ਸ਼ਾਮਲ ਕੀਤਾ ਜਾਣਾ ਹੈ। 'ਇਕੁਐਲਿਟੀ ਲੈਬਜ਼' ਨਾਲ


(ਬਾਕੀ ਸਫਾ 14,15,16 'ਤੇ)



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC
HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Programs of the months: April – May 2023

### April 30, 2023
### Sukhmani Sahib Path and Langar Sewa
### By Naranjan Singh and Bibi Santosh Kumari

Bhai Naranjan Singh, Bibi Santosh Kumari and family will be holsting Sukhmani Sahib Path and Langar Sewa to thank Guru Sahib for blessing them with a grandson, May Guru Sahib bless their grandson with all the happiness and keep this family in Chardi Kala.

### May 7, 2023
### 132nd Birth Anniversary of Babasaheb Dr. B.R. Ambedkar



132nd Birth anniversary of Bharat Rattan Babasaheb Dr. B.R. Ambedkar, father of the Indian Constitution, will be celebrated on May 7. 2023 in the Gurughar. Sukhmani Sahib Path and langar Sewa will be hosted by the Sangat,

Dr. B.R. Ambedkar was jurist, economist, visionary a humanitarian, great leader and renowned social reformer. Babasaheb spoke unequivocally against the inequality, injustice and discrimination. He worked tirelessly to help downtrodden people in getting education and jobs. Most of us are living a very happy life in various countries because of Babsahib's efforts and contributions. . As independent India's first law minister, he was the principal architect of the Constitution of India. He fought for women's rights and human rights. You are humbly requested to come and join us in the celebration.

### June 23-24-25, 2023
### Pittsburg Gurughar's 38th Anniversary

ਜਹ ਜਹ ਜਾਉ ਤਹਾ ਤੇਰੀ ਸੇਵਾ ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥

Sri Guru Ravidass Temple Pittsburg's 38th anniversary will be celebrated on June 25, 2023. Akhand Path will start on Friday 6/23/2023 at 10:00 AM and will conclude with Bhog ceremony on Sunday 6/25/2023. Path and langar sewa will be hosted by Gurughar sevadars and entire Sangat. Gurugahr Ragi Jatha of Giani Balwinder Singh ji will do Kirtan Sewa along with other Kirtankars.

Entire Sangat is requested to attend the function and get Guru Sahib's blessings.

**www.sriguruavidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# ਲੱਖਾਂ ਲੋਕਾਂ ਦੀ ਹਾਜਰੀ 'ਚ ਪ੍ਰਕਾਸ਼ ਸਿੰਘ ਬਾਦਲ ਦਾ ਅੰਤਿਮ ਸਸਕਾਰ

## ਪੰਜਾਬ ਸਮੇਤ ਕੇਂਦਰ ਸਰਕਾਰ ਨੇ ਵੀ ਕੀਤਾ ਛੁੱਟੀ ਦਾ ਐਲਾਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਉੱਘੀਆਂ ਸਿਆਸੀ ਅਤੇ ਪ੍ਰਸ਼ਾਸਕੀ ਸ਼ਖ਼ਸੀਅਤਾਂ ਨੇ ਦਿੱਤੀ ਸ਼ਰਧਾਂਜਲੀ





**ਸ੍ਰੀ ਮੁਕਤਸਰ ਸਾਹਿਬ (ਬਿਊਰੋ)–** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਪਿੰਡ ਬਾਦਲ ਵਿੱਚ ਅੰਤਿਮ ਸਸਕਾਰ ਕੀਤਾ ਗਿਆ। ਪੰਚਤੱਤਾਂ ਵਿੱਚ ਵਿਲੀਨ ਹੋਏ ਪ੍ਰਕਾਸ਼ ਸਿੰਘ ਬਾਦਲ ਨੂੰ ਉਨ੍ਹਾਂ ਦੇ ਪੁੱਤਰ ਅਤੇ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਨੇ ਅਗਨ ਭੇਟ ਕੀਤਾ, ਜੋ ਸਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਕਿੰਨੂ ਬਾਗ ਵਿੱਚ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਇਸ ਤੋਂ ਪਹਿਲਾਂ ਸਵੇਰੇ ਮ੍ਰਿਤਕ ਦੇਹ ਨੂੰ ਅੰਤਿਮ ਦਰਸ਼ਨਾਂ ਲਈ ਘਰ ਵਿੱਚ ਰੱਖਿਆ ਗਿਆ। ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਰਾਜਪਾਲ ਬਨਵਾਰੀ ਲਾਲ ਪੁਰੋਹਿਤ, ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ, ਐਨਸੀਪੀ ਮੁਖੀ ਸ਼ਰਦ ਪਵਾਰ, ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ, ਹਰਿਆਣਾ ਇਨੈਲੋ ਆਗੂ ਅਭੈ ਚੌਟਾਲਾ, ਕੇਂਦਰੀ ਮੰਤਰੀਆਂ ਨੇ ਉਨ੍ਹਾਂ ਦੇ ਅੰਤਿਮ ਸੰਸਕਾਰ ਵਿੱਚ ਸ਼ਿਰਕਤ ਕੀਤੀ।ਸੋਮਨਾਥ, ਸਾਬਕਾ ਸਿਹਤ ਮੰਤਰੀ ਸੁਰਜੀਤ ਜਿਆਣੀ, ਕਾਂਗਰਸੀ ਆਗੂ ਤੇ ਸਾਬਕਾ ਉਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਵੀ ਸ਼ਰਧਾਂਜਲੀ ਦੇਣ ਪਹੁੰਚੇ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੇ ਅੰਤਿਮ ਦਰਸ਼ਨਾਂ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਉੱਘੀਆਂ ਸਿਆਸੀ ਅਤੇ ਪ੍ਰਸ਼ਾਸਕੀ ਸ਼ਖ਼ਸੀਅਤਾਂ ਪਹੁੰਚੀਆਂ। ਪੰਜਾਬ ਤੋਂ ਸੈਂਕੜਿਆਂ ਦੀ ਗਿਣਤੀ ਵਿੱਚ ਅਕਾਲੀ ਦਲ ਦੇ ਵਰਕਰ ਅਤੇ ਹੋਰਨਾਂ ਪਾਰਟੀਆਂ ਦੇ ਆਗੂ ਸਿਆਸਤ ਦੇ ਬਾਬਾ ਬੋਹੜ ਮੰਨੇ ਜਾਂਦੇ ਸ੍ਰੀ ਬਾਦਲ ਦੇ ਅੰਤਿਮ ਦਰਸ਼ਨਾਂ ਲਈ ਪਹੁੰਚੇ। ਸ੍ਰੀ ਬਾਦਲ ਦੀ ਮ੍ਰਿਤਕ ਦੇਹ ਨੂੰ ਫੁੱਲਾਂ ਨਾਲ ਸਜਾ ਕੇ ਮੁਹਾਲੀ ਦੇ ਫੋਰਟਿਸ ਹਸਪਤਾਲ ਤੋਂ ਐਂਬੂਲੈਂਸ ਰਾਹੀਂ ਸ਼੍ਰੋਮਣੀ ਅਕਾਲੀ ਦਲ ਦੇ ਚੰਡੀਗੜ੍ਹ ਸਥਿਤ ਦਫ਼ਤਰ ਲਿਆਂਦਾ ਗਿਆ। ਮ੍ਰਿਤਕ ਦੇਹ ਕੋਲ ਉਨ੍ਹਾਂ ਦਾ ਪੁੱਤਰ ਸੁਖਬੀਰ ਸਿੰਘ ਬਾਦਲ, ਭਤੀਜਾ ਮਨਪ੍ਰੀਤ ਸਿੰਘ ਬਾਦਲ, ਪੋਤਾ ਅਨੰਤਵੀਰ ਸਿੰਘ, ਪਰਿਵਾਰ ਦੇ ਹੋਰ ਮੈਂਬਰ ਤੇ ਕਰੀਬੀ ਰਿਸ਼ਤੇਦਾਰ ਮੌਜੂਦ ਸਨ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਮੰਤਰੀ ਤੇ ਸਾਬਕਾ ਵਿਧਾਇਕ ਵੀ ਮੌਜੂਦ ਸੀ। ਉਧਰ ਪੰਜਾਬ ਸਰਕਾਰ ਨੇ ਭਲਕੇ 27 ਅਪਰੈਲ ਨੂੰ ਸੂਬੇ 'ਚ ਜਨਤਕ ਛੁੱਟੀ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਿੱਲੀ ਤੋਂ ਵਿਸ਼ੇਸ਼ ਜਹਾਜ਼ ਰਾਹੀਂ ਚੰਡੀਗੜ੍ਹ ਪਹੁੰਚੇ ਤੇ ਉਨ੍ਹਾਂ ਸਾਬਕਾ ਮੁੱਖ ਮੰਤਰੀ ਨੂੰ ਸ਼ਰਧਾਂਜਲੀ ਦਿੱਤੀ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਬਾਦਲ ਪਰਿਵਾਰ ਦੇ ਹੋਰਨਾਂ ਮੈਂਬਰਾਂ ਨਾਲ ਵੀ ਸ਼ੋਕ ਪ੍ਰਗਟਾਇਆ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਪੰਜਾਬੀ ਸਿੱਖ ਹਰਮਨ ਸਿੰਘ ਸੁਪਰੀਮ ਕੋਰਟ ਜੁਡੀਸ਼ੀਅਲ ਲਾਅ ਕਲਰਕ ਬਣੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਪੰਜਾਬੀ ਸਿੱਖ ਹਰਮਨ ਸਿੰਘ ਦੀ ਸੁਪਰੀਮ ਕੋਰਟ ਜੁਡੀਸ਼ੀਅਲ ਲਾਅ ਕਲਰਕ ਵਜੋਂ ਨਿਯੁਕਤੀ ਹੋਈ ਹੈ। ਉਹ ਪਹਿਲੇ ਸਿੱਖ ਹਨ ਜੋ ਇਸ ਅਹੁਦੇ ਉਪਰ ਨਿਯੁਕਤ ਹੋਏ ਹਨ। ਉਹ ਸੁਪਰੀਮ ਕੋਰਟ ਦੇ ਜਸਟਿਸ ਸੋਨੀਆ ਸੋਟੋਮੇਅਰ ਲਈ ਕੰਮ ਕਰਨਗੇ। ਹਰਮਨ ਸਿੰਘ ਨੇ ਅੰਡਰ-ਗਰੈਜੂਏਟ ਡਿਗਰੀ ਕੋਲੰਬੀਆ ਯੂਨੀਵਰਸਿਟੀ ਤੋਂ ਕੀਤੀ ਸੀ ਜਿਥੇ ਉਸ ਨੇ ਗਣਿਤ ਤੇ ਅਰਥ ਸਾਸ਼ਤਰ ਦੀ ਪੜਾਈ ਕੀਤੀ। ਲਾਅ ਸਕੂਲ ਤੋਂ ਪਹਿਲਾਂ ਉਨਾਂ ਨੇ ਸਿੱਖ ਅਮੈਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਵਿਖੇ ਮਨੁੱਖੀ ਹੱਕਾਂ ਸਬੰਧੀ ਕੰਮ ਕੀਤਾ। ਉਪਰੰਤ ਉਹ ਲਾਅ ਸਕੂਲ ਵਿਚ ਦਾਖਲ ਹੋਏ ਜਿਥੇ ਉਨਾਂ ਨੇ ਸਿਵਲ ਰਾਈਟਸ ਲਿਟੀਗੇਸ਼ਨ ਦੀ ਪੜਾਈ ਕੀਤੀ।

# ਟੀਵੀ ਚੈਨਲ ਵੱਲੋਂ ਕੀਤੇ ਖੁਲਾਸੇ ਤੋਂ ਬਾਅਦ ਭਾਜਪਾ ਨੇ ਕੀਤੀ ਕੇਜਰੀਵਾਲ ਦੇ ਅਸਤੀਫੇ ਦੀ ਮੰਗ

**ਨਵੀਂ ਦਿੱਲੀ–** ਆਮ ਆਦਮੀ ਪਾਰਟੀ (ਆਪ) ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਦੀ ਸਿਵਲ ਲਾਈਨਜ਼ ਸਥਿਤ ਸਰਕਾਰੀ ਰਿਹਾਇਸ਼ ਦੀ ਕਰੀਬ 45 ਕਰੋੜ ਰੁਪਏ ਨਾਲ ਮੁਰੰਮਤ ਕੀਤੀ ਗਈ ਹੈ, ਟਾਈਮਜ਼ ਨਾਓ ਦੀ ਇੱਕ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ। ਰਿਪੋਰਟਾਂ ਦੇ ਸਾਹਮਣੇ ਆਉਣ ਤੋਂ ਬਾਅਦ, ਭਾਜਪਾ ਦੇ ਕਈ ਨੇਤਾਵਾਂ ਨੇ 'ਆਪ' ਦੀ ਨਿੰਦਾ ਕੀਤੀ ਹੈ। ਕਈਆਂ ਨੇ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਕੇਜਰੀਵਾਲ ਦੇ ਅਸਤੀਫੇ ਦੀ ਮੰਗ ਵੀ ਕੀਤੀ ਹੈ।

"ਆਪ੍ਰੇਸ਼ਨ ਸ਼ੀਸ਼ਮਹਿਲ" ਸਿਰਲੇਖ ਵਾਲੀ ਰਿਪੋਰਟ ਤੋਂ ਬਾਅਦ ਭਾਜਪਾ ਨੇਤਾਵਾਂ ਨੇ ਪਾਰਟੀ ਦੀਆਂ ਕਦਰਾਂ-ਕੀਮਤਾਂ 'ਤੇ ਸਵਾਲ ਉਠਾਉਂਦੇ ਹੋਏ ਸੂਬਾ ਪ੍ਰਧਾਨ ਦੀ ਨਿੰਦਾ ਕਰਨੀ ਸ਼ੁਰੂ ਕਰ ਦਿੱਤੀ। ਚੈਨਲ ਨੇ ਦਾਅਵਾ ਕੀਤਾ ਹੈ ਕਿ ਮੁੱਖ ਮੰਤਰੀ ਦੇ ਸਰਕਾਰੀ ਬੰਗਲੇ ਦੇ ਨਵੀਨੀਕਰਨ 'ਤੇ ਟੈਕਸਦਾਤਾਵਾਂ ਦੇ 44.78 ਕਰੋੜ ਰੁਪਏ ਖਰਚ ਕੀਤੇ ਗਏ ਸਨ।



**ਵਿਸ਼ਨੂੰ ਵਰਧਾ ਰਾਜਨ ਨੇ ਕੇਜਰੀਵਾਲ ਦੀ ਕੀਤੀ ਨਿੰਦਾ**

ਆਂਧਰਾ ਪ੍ਰਦੇਸ਼ ਭਾਜਪਾ ਦੇ ਸੂਬਾ ਜਨਰਲ ਸਕੱਤਰ ਵਿਸ਼ਨੂੰ ਵਰਧਾ ਰਾਜਨ ਨੇ ਕੇਜਰੀਵਾਲ ਦੀ 'ਆਮ ਆਦਮੀ' ਦੀ ਤਸਵੀਰ 'ਤੇ ਚੁਟਕੀ ਲੈਂਦਿਆਂ ਉਨ੍ਹਾਂ ਦੀ ਆਲੋਚਨਾ ਕੀਤੀ। ਉਨ੍ਹਾਂ ਲਿਖਿਆ, "'ਆਮ ਆਦਮੀ' ਦੇ ਨਾਂ 'ਤੇ ਸਿਆਸਤ 'ਚ ਆਏ ਮਿਸਟਰ @ArivndKe-jirwal ਨੇ ਆਪਣੀ ਸ਼ਾਨੋ-ਸ਼ੌਕਤ ਲਈ ਆਪਣੇ ਘਰ ਦੀ ਮੁਰੰਮਤ 'ਤੇ ਜਨਤਾ ਦੀ ਮਿਹਨਤ ਦੀ ਕਮਾਈ ਦੇ 44.78 ਕਰੋੜ ਰੁਪਏ ਖਰਚ ਕੀਤੇ। ਕਾਮਨ ਮੈਨ ਜਾਂ 'ਕਾਨ ਮੈਨ'।"

ਤਜਿੰਦਰ ਪਾਲ ਸਿੰਘ ਬੱਗਾ ਨੇ ਦਿੱਲੀ ਦੇ ਮੁੱਖ ਮੰਤਰੀ ਨੂੰ ਚੋਰ ਕਿਹਾ- ਉੱਤਰਾਖੰਡ ਦੇ ਭਾਜਪਾ ਆਗੂ ਤਜਿੰਦਰ ਪਾਲ ਸਿੰਘ ਬੱਗਾ ਨੇ ਦਿੱਲੀ ਦੇ ਮੁੱਖ ਮੰਤਰੀ ਨੂੰ ਚੋਰ ਦੱਸਦੇ ਹੋਏ ਕਿਹਾ ਹੈ ਕਿ ਉਸ ਨੇ ਸਰਕਾਰੀ ਫੰਡਾਂ ਦੀ ਵਰਤੋਂ ਕਰਕੇ ਵੀਅਤਨਾਮ ਤੋਂ ਆਪਣੇ 'ਮਹਿਲ' ਲਈ 3.5 ਕਰੋੜ ਰੁਪਏ ਦਾ ਸੰਗਮਰਮਰ ਮੰਗਵਾਇਆ ਹੈ।

# ਮੋਦੀ ਸਰਨੇਮ ਵਿਵਾਦ 'ਚ ਫਸੇ ਰਾਹੁਲ ਗਾਂਧੀ ਨੇ ਗੁਜਰਾਤ ਹਾਈਕੋਰਟ ਪਹੁੰਚੇ

**ਨਵੀਂ ਦਿੱਲੀ–** ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸੂਰਤ ਸੈਸ਼ਨ ਕੋਰਟ ਵਲੋਂ ਦੋਸ਼ੀ ਠਹਿਰਾਏ ਜਾਣ 'ਤੇ ਰੋਕ ਲਗਾਉਣ ਦੀ ਉਨ੍ਹਾਂ ਦੀ ਪਟੀਸ਼ਨ ਨੂੰ ਖਾਰਿਜ ਕੀਤੇ ਜਾਣ ਤੋਂ ਬਾਅਦ ਗੁਜਰਾਤ ਹਾਈ ਕੋਰਟ ਦਾ ਰੁਖ ਕੀਤਾ ਹੈ। ਸੂਰਤ ਸੈਸ਼ਨ ਅਦਾਲਤ ਨੇ ਵੀਰਵਾਰ ਨੂੰ ਕਾਂਗਰਸ ਨੇਤਾ ਰਾਹੁਲ ਗਾਂਧੀ ਦੀ ਭਾਜਪਾ ਵਿਧਾਇਕ ਪੂਰਨੇਸ਼ ਮੋਦੀ ਦੁਆਰਾ ਦਾਇਰ ਅਪਰਾਧਿਕ ਮਾਣਹਾਨੀ ਦੇ ਕੇਸ ਵਿਚ ਮੈਜਿਸਟ੍ਰੇਟ ਅਦਾਲਤ ਦੁਆਰਾ ਉਨ੍ਹਾਂ ਨੂੰ ਸੁਣਾਈ ਗਈ ਦੋ ਸਾਲ ਦੀ ਸਜ਼ਾ ਨੂੰ ਰੋਕਣ ਦੀ ਅਪੀਲ ਨੂੰ ਖਾਰਜ ਕਰ ਦਿੱਤਾ। ਵਧੀਕ ਸੈਸ਼ਨ ਜੱਜ ਆਰਪੀ ਮੋਗੇਰਾ ਦੀ ਅਦਾਲਤ ਨੇ ਕਿਹਾ ਸੀ ਕਿ ਅਪੀਲਕਰਤਾ ਨੂੰ ਇਸ ਤੱਥ 'ਤੇ ਅਦਾਲਤ ਨੂੰ ਸਥਾਪਤ ਕਰਨ ਤੇ ਸੰਤੁਸ਼ਟ ਕਰਨ ਦੀ ਜ਼ਰੂਰਤ ਹੈ ਕਿ ਇਹ ਕੇਸ ਦੋਸ਼ੀ ਠਹਿਰਾਉਣ ਦੇ ਵਿਰੁੱਧ ਸਟੇਅ ਦੇਣ ਲਈ ਇੱਕ ਦੁਰਲੱਭ ਅਤੇ ਅਸਧਾਰਣ ਕੇਸ ਹੈ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ "ਦੋਸ਼ੀ ਠਹਿਰਾਏ ਜਾਣ ਦੇ ਵਿਰੁੱਧ ਸਟੇਅ ਨਾ ਦੇਣ ਦੇ ਬੇਇਨਸਾਫ਼ੀ ਅਤੇ ਨਾ ਪੂਰਣਯੋਗ ਨੁਕਸਾਨ ਦੇ ਅਟੱਲ ਨਤੀਜੇ ਹੋਣੇ ਚਾਹੀਦੇ ਹਨ ਅਤੇ ਸ਼ੱਕੀ ਦੋਸ਼ਾਂ ਨੂੰ ਛੱਡ ਕੇ ਕੋਈ ਅਪਰਾਧਿਕ ਰੁਝਾਨ ਨਹੀਂ ਹੋਣਾ ਚਾਹੀਦਾ ਹੈ"।

# ਤਿੱਬਤੀਆਂ ਦੇ ਧਰਮਗੁਰੂ ਦਲਾਈ ਲਾਮਾ ਨੂੰ ਮਿਲਿਆ ਰੈਮਨ ਮੈਗਸੇਸੇ ਪੁਰਸਕਾਰ



**ਧਰਮਸ਼ਾਲਾ–** ਤਿੱਬਤੀਆਂ ਦੇ ਧਰਮਗੁਰੂ ਦਲਾਈ ਲਾਮਾ ਨੂੰ ਬੁੱਧਵਾਰ ਨੂੰ ਨਿੱਜੀ ਤੌਰ 'ਤੇ ਰੈਮਨ ਮੈਗਸੇਸੇ ਪੁਰਸਕਾਰ ਭੇਟ ਕੀਤਾ ਗਿਆ। ਮੈਕਲੋਡਗੰਜ ਸਥਿਤ ਨਿਵਾਸ 'ਤੇ 64 ਸਾਲ ਬਾਅਦ ਰੈਮਨ ਮੈਗਸੇਸੇ ਐਵਾਰਡ ਫਾਊਂਡੇਸ਼ਨ ਦੀ ਚੇਅਰਪਰਸਨ ਸੁਸੰਨਾ ਬੀ. ਅਫਾਨ ਤੇ ਟਰੱਸਟੀ ਐਮਿਲੀ ਏ ਅਬ੍ਰੇਰਾ ਨੇ ਮੁਲਾਕਾਤ ਕੀਤੀ। ਕਮਿਊਨਿਟੀ ਲੀਡਰਸ਼ਿਪ ਲਈ ਧਰਮਗੁਰੂ ਨੂੰ ਦਿੱਤਾ ਜਾਣ ਵਾਲਾ ਇਹ ਪਹਿਲਾ ਕੌਮਾਂਤਰੀ ਪੁਰਸਕਾਰ ਸੀ। ਤਿੱਬਤੀਆਂ ਦੇ ਧਰਮ ਤੇ ਸਭਿਆਚਾਰ ਦੀ ਸੰਭਾਲ ਲਈ ਦਲੇਰੀ ਭਰੇ ਸੰਘਰਸ਼ 'ਚ ਦਲਾਈ ਲਾਮਾ ਨੂੰ ਭਾਈਚਾਰਕ ਅਗਵਾਈ ਲਈ 31 ਅਗਸਤ, 1959 'ਚ ਫਾਉਂਡੇਸ਼ਨ ਨੇ ਪੁਰਸਕਾਰ ਫਿਲਪੀਨਸ 'ਚ ਦਿੱਤਾ ਸੀ। ਉਸ ਸਮੇਂ ਧਰਮ ਗੁਰੂ ਵੱਲੋਂ ਉਨ੍ਹਾਂ ਦੇ ਵੱਡੇ ਭਰਾ ਗਿਆਲੋ ਥੋਂਡੁਪ ਨੇ ਇਹ ਪੁਰਸਕਾਰ ਹਾਸਲ ਕੀਤਾ ਸੀ। ਉਸ ਸਮੇਂ ਦਲਾਈ ਲਾਮਾ ਦੀ ਉਮਰ 24 ਸਾਲ ਦੀ। ਇਸ ਪੁਰਸਕਾਰ ਦੀ ਸਥਾਪਨਾ ਤੋਂ ਬਾਅਦ ਦਲਾਈ ਲਾਮਾ ਸਭ ਤੋਂ ਘੱਟ ਉਮਰ 24 ਸਾਲ ਦੇ ਸਨ।




# ਅਮਰੀਕੀ ਏਅਰਲਾਈਨਜ਼ ਦੇ ਜਹਾਜ਼ ਦੇ ਇੰਜਣ ਨੂੰ ਲੱਗੀ ਅੱਗ, ਸੰਭਾਵੀ ਤੌਰ 'ਤੇ ਪੰਛੀ ਟਕਰਾਉਣ ਕਾਰਨ ਵਾਪਰਿਆ ਹਾਦਸਾ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਕੋਲੰਬਸ, ਓਹੀਓ ਵਿਚ ਇਕ ਅਮਰੀਕੀ ਏਅਰਲਾਈਨਜ਼ ਦੇ ਜਹਾਜ਼ ਦੇ ਇੰਜਣ ਨੂੰ ਉਡਾਣ ਭਰਨ ਉਪਰੰਤ ਅੱਗ ਲੱਗ ਗਈ ਜਿਸ ਕਾਰਨ ਉਸ ਨੂੰ ਵਾਪਿਸ ਹਵਾਈ ਅੱਡੇ ਉਪਰ ਉਤਾਰਨਾ ਪਿਆ। ਇਹ ਹਾਦਸਾ ਸੰਭਾਵੀ ਤੌਰ 'ਤੇ ਜਹਾਜ਼ ਨਾਲ ਪੰਛੀ ਦੇ ਟਕਰਾਉਣ ਕਾਰਨ ਵਾਪਰਿਆ ਹੈ। ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਅਨੁਸਾਰ ਸਥਾਨਕ ਸਮੇ ਅਨੁਸਾਰ ਸਵੇਰੇ 8 ਵਜੇ ਦੇ ਆਸਪਾਸ ਬੋਇੰਗ 737 ਨੇ ਕੋਲੰਬਸ ਤੋਂ ਫੋਨਿਕਸ ਲਈ ਉਡਾਣ ਭਰੀ ਸੀ ਜਿਸ ਉਪਰੰਤ ਅਮਲੇ ਨੇ ਸੰਭਾਵੀ ਤੌਰ 'ਤੇ ਜਹਾਜ਼ ਨਾਲ ਪੰਛੀ ਟਕਰਾਉਣ ਦੀ ਰਿਪੋਰਟ ਕੀਤੀ ਸੀ। ਉਪਰੰਤ ਜਹਾਜ਼ ਜੌਹਨ ਗਲੈਨ ਕੋਲੰਬਸ ਅੰਤਰ ਰਾਸ਼ਟਰੀ ਹਵਾਈ ਅੱਡੇ ਉਪਰ ਸੁਰੱਖਿਅਤ ਉਤਾਰ ਲਿਆ ਗਿਆ। ਹਵਾਈ ਅੱਡੇ ਦੇ ਇਕ ਅਧਿਕਾਰੀ ਨੇ ਕਿਹਾ ਹੈ ਕਿ ਇਸ ਘਟਨਾ ਉਪਰੰਤ ਥੋੜੀ ਦੇਰ ਲਈ ਬੰਦ ਕੀਤੇ ਹਵਾਈ ਅੱਡੇ ਨੂੰ ਮੁੜ ਖੋਲ ਦਿੱਤਾ ਗਿਆ ਹੈ। ਏਅਰ ਲਾਈਨਜ਼ ਨੇ ਇਕ ਬਿਆਨ ਵਿਚ ਕਿਹਾ ਹੈ ਕਿ 'ਤਕਨੀਕੀ ਖਰਾਬੀ' ਕਾਰਨ ਜਹਾਜ਼ ਨੂੰ ਉਤਾਰਨਾ ਪਿਆ ਹੈ।

# ਸ਼ਲਾਭ ਕੁਮਾਰ ਨਵ ਗਠਿਤ ਰਿਪਬਲੀਕਨ ਹਿੰਦੂ ਭਾਰਤੀ ਅਮਰੀਕੀ ਕੁਲੀਸ਼ਨ ਦੇ ਮੁਖੀ ਹੋਣਗੇ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਰਿਪਬਲੀਕਨ ਪਾਰਟੀ ਨੇ ਨਵੀਂ ਹਿੰਦੂ ਐਂਡ ਇੰਡੀਅਨ ਅਮੈਰੀਕਨ ਕੁਲੀਸ਼ਨ ਦਾ ਗਠਨ ਕੀਤਾ ਹੈ। ਰਿਪਬਲੀਕਨ ਨੈਸ਼ਨਲ ਕਮੇਟੀ ਦੀ ਮੁਖੀ ਰੋਨਾ ਮੈਕਡੋਨਲ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਸ਼ਲਾਭ 'ਸ਼ੈਲੀ' ਕੁਮਾਰ ਜੋ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਸਮਰਥਕ ਹਨ, ਨੂੰ ਨਵ ਗਠਿਤ ਰਿਪਬਲੀਕਨ ਹਿੰਦੂ-ਭਾਰਤੀ ਅਮਰੀਕੀ ਕੁਲੀਸ਼ਨ ਦਾ ਕੌਮੀ ਚੇਅਰਮੈਨ ਥਾਪਿਆ ਗਿਆ ਹੈ। ਜਾਰੀ ਪ੍ਰੈਸ ਬਿਆਨ ਵਿਚ ਪਾਰਟੀ ਨੇ ਕਿਹਾ ਹੈ ਕਿ ਸ਼ਲਾਭ ਕੁਮਾਰ ਹਿੰਦੂਆਂ ਤੇ ਭਾਰਤੀਆਂ ਵਿਚ ਪਾਰਟੀ ਨੂੰ ਮਜਬੂਤ ਕਰਨ ਲਈ ਕੰਮ ਕਰਨਗੇ। ਮੈਕਡੋਨਲ ਨੇ ਕਿਹਾ ਹੈ ਕਿ ਰਿਪਬਲੀਕਨ ਪਾਰਟੀ ਹਿੰਦੂਆਂ ਤੇ ਭਾਰਤੀ-ਅਮਰੀਕੀ ਪਰਿਵਾਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ। ਉਨਾਂ ਕਿਹਾ ਕਿ ਪਾਰਟੀ ਹਿੰਦੂਆਂ ਤੇ ਭਾਰਤੀ ਅਮਰੀਕੀਆਂ ਵੱਲੋਂ ਅਮਰੀਕਾ ਦੇ ਵਿਕਾਸ ਵਿਚ ਪਾਏ ਯੋਗਦਾਨ ਨੂੰ ਬਹੁਤ ਅਹਿਮੀਅਤ ਦਿੰਦੀ ਹੈ।

# ਅਮਰੀਕਾ ਦੇ ਮੇਨ ਰਾਜ ਵਿਚ ਆਪਣੇ ਮਾਤਾ-ਪਿਤਾ ਸਮੇਤ 4 ਹੱਤਿਆਵਾਂ ਕਰਨ ਵਾਲਾ ਸ਼ੱਕੀ ਦੋਸ਼ੀ, ਕੁਝ ਦਿਨ ਪਹਿਲਾਂ ਹੀ ਆਇਆ ਸੀ ਜੇਲ ਕੱਟ ਕੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਦੇ ਮੇਨ ਰਾਜ ਦੇ ਛੋਟੇ ਜਿਹੇ ਕਸਬੇ ਬੋਅਡੋਇਨ ਦੇ ਪੋਰਟਲੈਂਡ ਖੇਤਰ ਵਿਚ ਬੀਤੇ ਦਿਨ ਆਪਣੇ ਮਾਪਿਆਂ ਸਮੇਤ 4 ਹੱਤਿਆਵਾਂ ਕਰਨ ਉਪਰੰਤ ਇੰਟਰਸਟੇਟ ਮਾਰਗ ਉਪਰ ਜਾ ਰਹੇ ਵਾਹਣਾਂ 'ਤੇ ਗੋਲੀਬਾਰੀ ਕਰਕੇ 3 ਜਣਿਆਂ ਨੂੰ ਜ਼ਖਮੀ ਕਰਨ ਦੇ ਮਾਮਲੇ ਵਿਚ ਪੁਲਿਸ ਵੱਲੋਂ ਸ਼ੱਕੀ ਦੋਸ਼ੀ ਜੋਸਫ ਈਟੋਨ (34) ਨੂੰ ਗ੍ਰਿਫਤਾਰ ਕਰਨ ਦੀ ਖਬਰ ਹੈ। ਪੁਲਿਸ ਦਾ ਕਹਿਣਾ ਹੈ ਕਿ ਬੋਅਡੋਇਨ ਦੇ ਇਕ ਘਰ ਵਿਚੋਂ 4 ਲਾਸ਼ਾਂ ਬਰਾਮਦ ਕਰਨ ਦੇ ਕੁਝ ਘੰਟਿਆਂ ਬਾਅਦ ਹੀ ਸ਼ੱਕੀ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਅਨੁਸਾਰ ਈਟੋਨ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਉਸ ਵਿਰੁੱਧ ਅਰੰਭ ਵਿੱਚ 4 ਹੱਤਿਆਵਾਂ ਦੇ ਦੋਸ਼ ਆਇਦ ਕੀਤੇ ਗਏ ਹਨ। ਬਾਅਦ ਵਿਚ ਹੋਰ ਦੋਸ਼ ਵੀ ਆਇਦ ਕੀਤੇ ਜਾ ਸਕਦੇ ਹਨ। ਮੇਨ ਸਟੇਟ ਪੁਲਿਸ ਕਰਨਲ ਬਿਲ ਰੋਸ ਨੇ ਕਿਹਾ ਹੈ ਕਿ ਉਹ ਜਾਂਚ ਕਰ ਹਨ ਕਿ ਇਹ ਕਾਂਡ ਕਿਉਂ ਵਾਪਰਿਆ। ਪੁਲਿਸ ਨੇ ਮ੍ਰਿਤਕਾਂ ਦੀ ਪਛਾਣ ਸ਼ੱਕੀ ਦੋਸ਼ੀ ਦੇ ਮਾਤਾ-ਪਿਤਾ ਸਿਨਥਿਆ ਤੇ ਡੇਵਿਡ ਈਟੋਨ ਅਤੇ ਉਨਾਂ ਦੇ ਮਿਤਰ ਜੋੜੇ ਰੌਬਰਟ ਤੇ ਪਟੀ ਈਗਰ ਵਜੋਂ ਕੀਤੀ ਹੈ। ਇੰਟਰਸਟੇਟ ਮਾਰਗ ਉਪਰ ਗੋਲੀਆਂ ਲੱਗਣ ਕਾਰਨ ਜ਼ਖਮੀ ਹੋਏ ਇਕ ਪਰਿਵਾਰ ਦੇ 3 ਮੈਂ-ਬਰਾਂ ਵਿਚ ਸੀਨ ਹੇਲਸੇਅ (51), ਜਸਟਿਨ (29) ਤੇ ਪੇਜ (25) ਸ਼ਾਮਿਲ ਹਨ। ਈਟੋਨ 14 ਅਪ੍ਰੈਲ ਨੂੰ ਹੀ ਹਮਲਾ ਕਰਨ ਦੇ ਇਕ ਮਾਮਲੇ ਵਿਚ ਤਕਰੀਬਨ 2 ਸਾਲ ਦੀ ਕੈਦ ਕਟਕੇ ਜੇਲ ਵਿਚੋਂ ਬਾਹਰ ਆਇਆ ਸੀ ਤੇ ਮੇਨ ਸਟੇਟ ਦੇ ਕਾਨੂੰਨ ਅਨੁਸਾਰ ਉਸ ਉਪਰ ਹਥਿਆਰ ਰੱਖਣ ਦੀ ਪਾਬੰਦੀ ਲਾਗੂ ਸੀ।

# ਅਮਰੀਕਾ ਦੇ ਉੱਤਰੀ ਕੈਰੋਲੀਨਾ ਰਾਜ ਵਿਚ 6 ਸਾਲਾ ਬੱਚੀ ਤੇ ਉਸ ਦੇ ਮਾਪਿਆਂ ਨੂੰ ਮਾਰੀ ਗੋਲੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਦੇ ਉੱਤਰੀ ਕੈਰੋਲੀਨਾ ਰਾਜ ਵਿਚ ਚਰਲੋਟ ਨੇੜੇ ਇਕ ਵਿਅਕਤੀ ਵੱਲੋਂ ਗੋਲੀਆਂ ਮਾਰ ਕੇ ਇਕ 6 ਸਾਲਾ ਬੱਚੀ ਤੇ ਉਸ ਦੇ ਮਾਪਿਆਂ ਨੂੰ ਜ਼ਖਮੀ ਕਰ ਦੇਣ ਦੀ ਖਬਰ ਹੈ। ਪੁਲਿਸ ਨੇ 24 ਸਾਲਾ ਰਾਬਰਟ ਲੋਇਸ ਸਿੰਗਲੈਟਰੀ ਨੂੰ ਗ੍ਰਿਫਤਾਰ ਕਰ ਲਿਆ ਹੈ। ਗੈਸਟਨ ਕਾਊਂਟੀ ,ਉੱਤਰੀ ਕੈਰੋਲੀਨਾ ਦੇ ਬੁਲਾਰੇ ਐਡਮ ਜੋ ਬੌਗ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਸਿੰਗਲੈਟਰੀ ਹਿਲਜਬੋਰੋਘ ਕਾਊਂਟੀ, ਫਲੋਰਿਡਾ ਪੁਲਿਸ ਦੀ ਹਿਰਾਸਤ ਵਿਚ ਹੈ। ਇਸ ਤੋਂ ਪਹਿਲਾਂ ਗੈਸਟਨ ਕਾਊਂਟੀ ਪੁਲਿਸ ਨੇ ਕਿ ਹਾ ਸੀ ਕਿ ਉਹ ਸਿੰਗਲੈਟਰੀ ਦੀ ਭਾਲ ਕਰ ਰਹੀ ਹੈ ਜੋ ਹੱਥਿਆਰਬੰਦ ਹੈ ਤੇ ਉਹ ਖਤਰਨਾਕ ਹੋ ਸਕਦਾ ਹੈ। ਗਵਾਂਢੀਆਂ ਦਾ ਕਹਿਣਾ ਹੈ ਕਿ ਝਗੜਾ ਉਸ ਸਮੇ ਸ਼ੁਰੂ ਹੋਇਆ ਜਦੋਂ ਇਕ ਬਾਸਕਟਬਾਲ ਸਿੰਗਲੈਟਰੀ ਦੇ ਵੇਹੜੇ ਵਿਚ ਚਲਾ ਗਿਆ। ਬਾਸਕਟਬਾਲ ਲੈਣ ਗਏ ਬੱਚਿਆਂ ਨੂੰ ਉਸ ਨੇ ਬੁਰਾ ਭਲਾ ਕਿਹਾ। ਇਕ ਬੱਚੀ ਦੇ ਪਿਤਾ ਨੇ ਸਿੰਗਲੈਟਰੀ ਨੂੰ ਸਮਝਾਇਆ ਕਿ ਉਹ ਬੱਚਿਆਂ ਨੂੰ ਬੁਰਾ ਭਲਾ ਕਹਿਣਾ ਬੰਦ ਕਰੇ ਤੇ ਜੇਕਰ ਕੋਈ ਸਮੱਸਿਆ ਹੈ ਤਾਂ ਉਹ ਉਸ ਦੇ ਘਰ ਆਵੇ ਆਪਾਂ ਬੈਠ ਕੇ ਹੱਲ ਕਰ ਲੈਂਦੇ ਹਾਂ। ਇਸ ਉਪਰੰਤ ਸਿੰਗਲੈਟਰੀ ਆਪਣੀ ਗੰਨ ਲੈ ਕੇ ਗਵਾਂਢੀਆਂ ਦੇ ਘਰ ਗਿਆ ਤੇ ਬਿਨਾਂ ਸੋਚੋ ਸਮਝੇ ਉਸ ਨੇ ਗੋਲੀ ਚਲਾ ਦਿੱਤੀ।









ਦੇਸ਼ ਦੁਆਬਾ

# ਡਾ. ਅੰਬੇਡਕਰ, ਇਕ ਵਿਚਾਰਧਾਰਾ ਦਾ ਨਾਂ

ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਡਕਰ ਦਾ ਜਨਮ ਦਿਹਾੜਾ ਮਨਾਉਂਦਿਆਂ ਅੱਜ ਅਸੀਂ ਬਾਬਾ ਸਾਹਿਬ ਬਾਰੇ ਤਾਂ ਬਹੁਤ ਕੁਝ ਕਹਿੰਦੇ ਹਾਂ, ਉਹਨਾਂ ਨੂੰ ਮਹਾਨ ਵਿਦਵਾਨ ਕਹਿੰਦੇ ਹਾਂ, ਮਨੁੱਖੀ ਅਧਿਕਾਰ ਚੈਂਪੀਅਨ, ਭਾਰਤੀ ਸੰਵਿਧਾਨ ਦਾ ਨਿਰਮਾਤਾ ਕਹਿੰਦੇ ਹਾਂ ਅਤੇ ਦੱਬੇ-ਕੁਚਲੇ ਸਮਾਜ ਲਈ ਲੜਨ ਵਾਲਾ ਯੋਧਾ ਵੀ ਕਹਿੰਦੇ ਹਾਂ। ਆਮ ਲੋਕੀਂ ਵੀ ਡਾ. ਅੰਬੇਡਕਰ ਦੀ ਵਿਦਵਤਾ ਦੇ ਕਾਇਲ ਹਨ ਪਰ ਉਹਨਾਂ ਦੀਆਂ ਸਿੱਖਿਆਵਾਂ ਤੇ ਅਮਲ ਅਤੇ ਵਿਚਾਰ ਬਹੁਤ ਘੱਟ ਹੁੰਦਾ ਹੈ। ਅਸੀਂ ਬਾਬਾ ਸਾਹਿਬ ਜਾਂ ਬਹੁਜਨ ਸਮਾਜ ਦੇ ਹੋਰ ਮਹਾਂਪੁਰਖਾਂ ਦਾ ਗੁਣਗਾਣ ਬਹੁਤ ਕਰਦੇ ਹਾਂ, ਉਹਨਾਂ ਨੂੰ ਮੰਨਦੇ ਵੀ ਹਾਂ ਪਰ ਉਹਨਾਂ ਦੇ ਦਰਸਾਏ ਮਾਰਗ 'ਤੇ ਨਹੀਂ ਚੱਲਦੇ। ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਸਾਰੇ ਧਰਮਾਂ, ਫਿਰਕਿਆਂ ਦੇ ਲੋਕ ਡਾ. ਅੰਬੇਡਕਰ ਨੂੰ ਮਹਾਨ ਵਿਦਵਾਨ ਮੰਨਦੇ ਹਨ ਪਰ ਉਹਨਾਂ ਨੂੰ ਪੜ੍ਹਨ, ਉਹਨਾਂ ਦੀ ਵਿਦਵਤਾ ਨੂੰ ਗਹਿਰਾਈ ਨਾਲ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ।

ਭਾਰਤ ਦੀਆਂ ਸਰਕਾਰਾਂ- ਸਿਆਸੀ ਪਾਰਟੀਆਂ ਜਨਮ ਦਿਨ ਤੇ ਅਨੇਕਾਂ ਭਲਾਈ ਯੋਜਨਾਵਾਂ ਬਣਾਉਣ 'ਚ ਜੁਟੀਆਂ ਹਨ ਪਰ ਬਾਬਾ ਸਾਹਿਬ ਦੇ ਸੁਪਨਿਆਂ ਦਾ ਭਾਰਤ ਜਿੱਥੇ ਉਹ ਦਲਿਤ ਸਮਾਜ ਅਤੇ ਔਰਤ ਵਰਗ ਦੇ ਨਾਲ-ਨਾਲ ਸਾਰੇ ਮੁਲਕ ਦਾ ਭਲਾ ਚਾਹੁੰਦੇ ਸਨ, ਉਹ ਅਜੇ ਦੂਰ ਦੀ ਗੱਲ ਨਜ਼ਰ ਆਉਂਦੀ ਹੈ। ਡਾ. ਅੰਬੇਡਕਰ ਨੇ ਆਪਣਾ ਬਹੁਤਾ ਸਮਾਂ ਦਲਿਤ ਅਤੇ ਦੱਬੇ ਕੁਚਲੇ ਵਰਗ ਨੂੰ ਉਪਰ ਚੁੱਕਣ ਅਤੇ ਉਹਨਾਂ ਦੇ ਕਲਿਆਣ ਲਈ ਲਗਾਇਆ ਪਰ ਅੱਜ ਸਿਆਸੀ ਪਾਰਟੀਆਂ ਇਸ ਵਰਗ ਨੂੰ ਵੋਟ ਬੈਂਕ ਹੀ ਮੰਨਦੀਆਂ ਹਨ।

ਭਾਰਤ ਵਿਚ ਡਾ. ਅੰਬੇਡਕਰ ਦੁਆਰਾ ਦਿੱਤੀ ਗਈ ਸੰਵਿਧਾਨਕ ਰਿਜ਼ਰਵੇਸ਼ਨ ਦੀ ਮੰਗ ਦਿਨੋ ਦਿਨ ਪ੍ਰਬੱਲ ਹੁੰਦੀ ਜਾ ਰਹੀ ਹੈ। ਭਾਰਤ ਵਿਚ ਇਸ ਨੂੰ ਲੈ ਕੇ ਨਫਰਤ ਦੀ ਰਾਜਨੀਤੀ ਵੀ ਹੁੰਦੀ ਹੈ ਅਤੇ ਸਮਾਜਿਕ ਤੌਰ ਤੇ ਵੀ ਵਿਰੋਧੀਆਂ ਵੱਲੋਂ ਨਫਰਤ ਵਾਲਾ ਮਾਹੌਲ ਬਣਾਇਆ ਜਾਂਦਾ ਹੈ। ਭਾਰਤ ਵਿਚ ਰਿਜ਼ਰਵੇਸ਼ਨ ਦੇ ਹੱਕਦਾਰ ਲੋਕ ਜਦੋਂ ਵਿਦੇਸ਼ ਵਿਚ ਜਾਂਦੇ ਹਨ ਅਤੇ ਰਹਿੰਦੇ ਹਨ ਤਾਂ ਉਹ ਵਿਦੇਸ਼ਾਂ ਵਿਚ ਕਦੇ ਵੀ ਰਿਜ਼ਰਵੇਸ਼ਨ ਦੀ ਮੰਗ ਨਹੀਂ ਕਰਦੇ, ਕਿਉਂ? ਕਿਉਂਕਿ ਇਥੇ ਰੁਜਗਾਰ ਦੇ ਇੰਨੇ ਜਿਆਦਾ ਮੌਕੇ ਹਨ ਕਿ ਰਿਜ਼ਰਵੇਸ਼ਨ ਦੀ ਲੋੜ ਨਹੀਂ ਪੈਂਦੀ। ਦੁਨੀਆਂ ਦੇ ਹੋਰਨਾਂ ਮੁਲਕਾਂ ਵਿਚ ਜਾਤੀਵਾਦ ਭਾਰਤ ਵਰਗਾ ਹੈ ਹੀ ਨਹੀਂ ਅਤੇ ਨਾ ਹੀ ਵਿਤਕਰਾ ਕੀਤਾ ਜਾਂਦਾ। ਪੱਛਮੀ ਮੁਲਕਾਂ ਨੇ ਆਪਣਾ ਸਿਸਟਮ ਹੀ ਅਜਿਹਾ ਵਧੀਆ ਬਣਾਇਆ ਹੈ ਕਿ ਉਥੇ ਹਰੇਕ ਨਾਗਰਿਕ ਦੇ ਕਲਿਆਣ ਲਈ ਪੂਰਾ ਸਿਸਟਮ ਕੰਮ ਕਰਦਾ ਹੈ। ਭਾਰਤ ਵਿਚ ਅਸਮਾਨਤਾ ਹੋਣ ਦੇ ਕਾਰਨ ਹੀ ਰਿਜ਼ਰਵੇਸ਼ਨ ਦੀ ਵਿਵਸਥਾ ਕਰਨੀ ਪਈ ਅਤੇ ਅੱਜ ਇਹ ਸਿਆਸੀ ਅਤੇ ਸਮਾਜਿਕ ਨਫਰਤ ਦਾ ਸ਼ਿਕਾਰ ਵੀ ਹੋ ਰਹੀ ਹੈ। ਕਿਉਂ ਨਾ ਭਾਰਤ ਸਰਕਾਰ ਇਕ ਅਜਿਹਾ ਹੀ ਸਿਸਟਮ ਅਖਤਿਆਰ ਕਰੇ, ਜਿਸ ਵਿਚ ਸਾਰੇ ਨਾਗਰਿਕਾਂ ਨੂੰ ਬਰਾਬਰੀ ਮਿਲੇ ਅਤੇ ਬਰਾਬਰ ਆਪਣੀ ਤਰੱਕੀ ਦਾ ਮੌਕਾ ਮਿਲੇ, ਫਿਰ ਭਾਰਤ ਵਿਚ ਵੀ ਰਿਜ਼ਰਵੇਸ਼ਨ ਦੀ ਲੋੜ ਨਹੀਂ ਰਹੇਗੀ, ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇਕਰ ਸਮੇਂ ਦੀਆਂ ਸਰਕਾਰਾਂ ਦੁਆਰਾ ਸਦੀਆਂ ਤੋਂ ਲਤਾੜੇ ਗਏ ਵਰਗ ਨੂੰ ਬਰਾਬਰ ਖੜ੍ਹਾ ਕੀਤਾ ਜਾਂਦਾ।

ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਜਿਵੇਂ ਬਾਬਾ ਸਾਹਿਬ ਦੇ ਜਨਮ ਦਿਨ ਮਨਾਉਣ ਦੀ, ਖਾਸ ਕਰਕੇ ਬਾਬਾ ਸਾਹਿਬ ਦਾ ਕੁਝ ਸਾਲ ਪਹਿਲਾਂ ਜਨਮ ਦਿਨ ਮਨਾਉਣ 'ਚ ਰੁਚੀ ਦਿਖਾਈ ਗਈ, ਕਿੰਨਾ ਚੰਗਾ ਹੋਵੇਗਾ ਜੇਕਰ ਡਾ. ਅੰਬੇਡਕਰ ਵੱਲੋਂ ਦਿੱਤੀ ਸੰਵਿਧਾਨਕ ਨਸੀਹਤ ਧਿਆਨ ਵਿਚ ਰੱਖ ਕੇ, ਭਾਰਤ ਸਰਕਾਰ ਤੇ ਉਥੋਂ ਦੀਆਂ ਰਾਜ ਸਰਕਾਰਾਂ ਅਮਲੀ ਰੂਪ 'ਚ ਉਹਨਾਂ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਵੀ ਸੁਹਿਰਦਤਾ ਨਾਲ ਕੰਮ ਕਰਨ।

ਇਹੀ ਬਾਬਾ ਸਾਹਿਬ ਨੂੰ ਸੱਚੀ ਵਧਾਈ ਹੋ ਸਕਦੀ ਹੈ।

ਅਦਾਰਾ 'ਦੇਸ਼ ਦੁਆਬਾ' ਬਾਬਾ ਸਾਹਿਬ ਦੇ ਜਨਮ ਦਿਨ ਤੇ ਆਪਣੇ ਸਾਰੇ ਪਾਠਕਾਂ ਅਤੇ ਸ਼ੁਭਚਿੰਤਕਾਂ ਨੂੰ ਹਾਰਦਿਕ ਵਧਾਈ ਦਿੰਦਾ ਹੈ।

# ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਿਉਂ ਕੀਤਾ ਗਿਆ ਅਤੇ ਇਸ ਦਾ ਪ੍ਰਤੀਕਰਮ ਕੀ ਹੋਇਆ?



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰੂ ਜੀ ਦੀ ਸ਼ਹੀਦੀ ਦੇ ਕਾਰਨ-ਗੁਰੂ ਨਾਨਕ ਸਾਹਿਬ ਤੋਂ ਬਲਕਿ ਭਗਤਾਂ ਤੋਂ ਲੈ ਕੇ ਹੁਣ ਗੁਰੂ ਅਰਜਨ ਸਾਹਿਬ ਤੱਕ ਸਭ ਗੁਰੂਆਂ ਭਗਤਾਂ ਨੇ ਸੱਚ ਦਾ ਪ੍ਰਚਾਰ ਰੱਬੀ ਗਿਆਨ ਦੁਆਰਾ ਸ਼ਾਂਤਮਈ ਢੰਗ ਨਾਲ ਕੀਤਾ ਪਰ ਫਿਰ ਵੀ ਵਕਤੀਆ ਹਕੂਮਤਾਂ ਤੇ ਉਨ੍ਹਾਂ ਦੇ ਝੋਲੀ ਚੁੱਕਾਂ ਅਤੇ ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਹਮੇਸ਼ਾਂ ਇਸ ਦਾ ਵਿਰੋਧ ਕੀਤਾ। ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਤਾਂ ਇਸ ਕਰਕੇ ਕੀਤਾ ਕਿ ਉਨ੍ਹਾਂ ਦੁਆਰਾ ਫੈਲਾਏ ਭਰਮਜਾਲ-ਕਰਮਕਾਂਡਾਂ ਦਾ ਗੁਰੂਆਂ ਭਗਤਾਂ ਨੇ ਕਰੜਾ ਵਿਰੋਧ ਕਰਕੇ ਭੋਲੀ-ਭਾਲੀ ਜਨਤਾ ਨੂੰ ਜਾਗਰੂਕ ਕੀਤਾ। ਇਸ ਨਾਲ ਇਨ੍ਹਾਂ ਲੋਕਾਂ ਦੀ ਧਰਮ ਦੇ ਨਾਂ ਤੇ ਚਲਾਈ ਹੋਈ ਰੋਜੀ-ਰੋਟੀ ਵਾਲੀ ਦੁਕਾਨਦਾਰੀ ਤੇ ਅਸਰ ਪਿਆ ਅਤੇ ਅਜਿਹੇ ਲੋਕਾਂ ਵਲੋਂ ਹੀ ਹਕੂਮਤ ਦੇ ਕੰਨ ਭਰੇ ਗਏ ਕਿ ਜੇ ਵੇਲੇ ਸਿਰ ਗੁਰੂਆਂ-ਭਗਤਾਂ ਦੀਆਂ ਸਰਗਰਮੀਆਂ ਤੇ ਕਰੜੀ ਨਿਗ੍ਹਾ ਨਾਂ ਰੱਖੀ ਗਈ ਤਾਂ ਇਹ ਲੋਕ ਹਕੂਮਤ ਦਾ ਤਖ਼ਤਾ ਉਲਟਾ ਸਕਦੇ ਹਨ।ਇਸ ਮਾਮਲੇ ਵਿੱਚ ਸਿੱਧ, ਜੋਗੀ, ਉਦਾਸੀ, ਬ੍ਰਾਹਮਣ, ਮੌਲਾਣੇ, ਸ੍ਰੀ ਚੰਦੀਏ, ਪ੍ਰਿਥੀ ਚੰਦੀਏ, ਚੰਦੂਸ਼ਾਹੀਏ, ਬੀਰਬਲ ਬ੍ਰਾਹਮਣ ਆਦਿਕ ਜਿੱਥੇ ਵਕਤੀਆ ਹਕੂਮਤ ਦੇ ਕੰਨ ਭਰਦੇ ਰਹੇ ਓਥੇ ਤੁਰਾਨ ਦੇ ਰਹਿਣਵਾਲੇ ਮੁਹੰਮਦ ਬਾਕੀ ਬਿਲਾ ਦੇ ਚੇਲੇ ਸ਼ੇਖ ਅਹਿਮਦ ਸਰਹੱਦੀ ਅਤੇ ਉਸ ਦੇ ਚੇਲੇ ਮੁਰਤਜ਼ਾ ਖਾਂ ਜੋ ਅਤਿ ਕਟੜਵਾਦੀ ਚਿਸ਼ਤੀ ਮੁਸਲਮਾਨ ਅਤੇ ਜੋ ਸਿਰਫ ਤੇ ਸਿਰਫ ਹਰ ਪਾਸੇ ਇਸਲਾਮ ਹੀ ਇਸਲਾਮ ਦੇਖਣਾ ਚਾਹੁੰਦੇ ਸਨ, ਏਨਾਂ ਦਾ ਵੀ ਸਿੱਧਾ ਹੱਥ ਸੀ। ਇਵੇਂ ਸੌੜੀ ਸੋਚ ਵਾਲੇ ਧਾਰਮਿਕ ਆਗੂ ਅੱਗ-ਬਲੂਲੇ ਹੋ ਉੱਠੇ ਜੋ ਪਹਿਲੇ ਵੀ ਆਪਸ ਵਿੱਚ ਲੜ ਰਹੇ ਸਨ-ਖਹਿ ਮਰਦੇ ਬਹੁ ਬਾਹਮਣ ਮੌਲਾਣੇ (ਭਾ.ਗੁ.) ਸਾਡੇ ਬਹੁਤੇ ਢਾਡੀ ਤੇ ਪ੍ਰਚਾਰਕ ਇਕੱਲੇ ਚੰਦੂ ਤੇ ਦੋਸ਼ ਲਾਉਂਦੇ ਹਨ ਪਰ ਚੰਦੂ ਤਾਂ ਇੱਕ ਮਾਮੂਲੀ ਅਹਿਲਕਾਰ ਸੀ। ਚੰਦੂ ਨੇ ਰਿਸ਼ਤਾ ਕਰਨ ਵੇਲੇ ਗੁਰੂ-ਕਿਆਂ ਵਿਰੁੱਧ ਕਬੋਲ ਬੋਲੇ ਸਨ ਕਿ ਚਉਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ, ਸਿੱਖ ਸੰਗਤ ਨੇ ਇਸ ਦਾ ਕਰੜਾ ਵਿਰੋਧ ਕੀਤਾ ਸੀ।



ਗੁਰੂਆਂ-ਭਗਤਾਂ ਦੇ ਸੱਚੇ-ਸੁੱਚੇ ਤੇ ਸਿਧੇ-ਸਾਦੇ ਸੁਨਹਿਰੀ ਉਪਦੇਸ਼ਾਂ ਕਰਕੇ ਧੜਾ-ਧੜ ਹਿੰਦੂ ਅਤੇ ਮੁਸਲਮਾਨ ਸਿੱਖ ਬਣ ਰਹੇ ਸਨ ਇਹ ਗੱਲ ਉਸ ਵੇਲੇ ਦਾ ਇਤਿਹਾਸਕਾਰ ਮੋਹਸਨਫਾਨੀ ਵੀ ਲਿਖਦਾ ਹੈ। ਭਾਵੇਂ ਜਾਤ ਅਭਿਮਾਨੀਆਂ ਅਤੇ ਕਟੜਵਾਦੀਆਂ ਨੇ ਅਕਬਰ ਬਾਦਸ਼ਾਹ ਦੇ ਵੀ ਕੰਨ ਭਰੇ ਪਰ ਅਕਬਰ ਖੁਲ੍ਹ-ਦਿਲਾ ਹੋਣ ਕਰਕੇ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਕਿਉਂਕਿ ਅਕਬਰ ਬਾਦਸ਼ਾਹ ਕਈ ਵਾਰ ਗੁਰੂ ਦਰਬਾਰ ਆਇਆ ਅਤੇ ਗੁਰੂਆਂ ਦੀ ਸਿਖਿਆ ਤੋਂ ਪ੍ਰਭਾਵਿਤ ਹੋਇਆ ਅਤੇ ਕਿਰਸਾਨਾਂ ਦਾ ਮਾਲੀਆ ਅਤੇ ਹਿੰਦੂਆਂ ਦੇ ਤੀਰਥਾਂ ਦਾ ਟੈਕਸ ਵੀ ਮੁਆਫ ਕਰ ਗਿਆ। ਹੁਣ ਅਕਬਰ ਦੀ ਮੌਤ ਤੋਂ ਬਾਅਦ ਉਸ ਦੇ ਸ਼ਰਾਬੀ-ਕਬਾਬੀ ਪੁੱਤਰ ਜਹਾਂਗੀਰ ਨੂੰ ਇਨ੍ਹਾਂ ਕਟੜਵਾਦੀਆਂ ਨੇ ਇਸ ਕਰਕੇ ਰਾਜ ਗੱਦੀ ਤੇ ਬੈਠਾਇਆ ਕਿ ਜਹਾਂਗੀਰ ਇਸਲਾਮ ਦਾ ਪ੍ਰਚਾਰ ਕਰੇਗਾ ਅਤੇ ਸਿੱਖ ਲਹਿਰ ਨੂੰ ਖਤਮ ਕਰ ਦੇਵੇਗਾ ਪਰ ਉਸ ਨੂੰ ਕੀ ਪਤਾ ਸੀ ਕਿ ਇਹ ਲਹਿਰ ਸਗੋਂ ਹੋਰ ਵਧੇ ਫੁੱਲੇਗੀ।

ਇਸ ਸਬੰਧ ਵਿੱਚ ਜਹਾਂਗੀਰ ਖੁਦ ਵੀ ਆਪਣੀ ਸਵੈ ਜੀਵਨੀ "ਤੁਜ਼ਕਿ ਜਹਾਂਗੀਰੀ" ਵਿੱਚ ਲਿਖਦਾ ਹੈ ਕਿ "ਬਿਆਸ ਦਰਿਆ ਕੰਡੇ ਗੋਇੰਵਾਲ ਨਗਰ ਵਿੱਚ ਇੱਕ ਪੀਰਾਂ ਬਜੁਰਗਾਂ ਦੇ ਭੇਸ ਵਿੱਚ ਅਰਜਨ ਨਾਮ ਦੇ ਹਿੰਦੂ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਮਗਰ ਲਾ ਕੇ ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ ਲੋਕ ਉਸ ਨੂੰ ਗੁਰੂ ਆਖਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚਲ ਰਹੀ ਸੀ ਚਿਰ ਤੋਂ ਮੈਂ ਸੋਚ ਰਿਹਾ ਸੀ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਇਸ "ਗੁਰੂ" (ਗੁਰੂ ਅਰਜਨ) ਨੂੰ ਇਸਲਾਮ ਵਿੱਚ ਲੈ ਆਂਦਾ ਜਾਵੇ। ਇਨ੍ਹਾਂ ਦਿਨਾਂ ਚ' ਹੀ ਹਕੂਮਤ ਦਾ ਬਾਗੀ ਖੁਸਰੋ ਇਧਰ ਆਇਆ ਤੇ ਇਸ "ਗੁਰੂ" ਨੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾ ਕੇ ਜਿੱਥੇ ਉਸ ਦੀ ਕਾਮਯਾਬੀ ਦੀ ਅਰਦਾਸ ਕੀਤੀ ਓਥੇ ਮਾਲੀ ਸਹਾਇਤਾ ਵੀ ਕੀਤੀ। ਜਦੋਂ ਮੈਨੂੰ ਇਸ ਦਾ ਪਤਾ ਲਗਾ ਤਾਂ ਮੈ ਹੁਕਮ ਕੀਤਾ ਕਿ ਇਸ "ਗੁਰੂ" ਨੂੰ ਪਕੜ ਕੇ ਮੇਰੇ ਹਵਾਲੇ ਕੀਤਾ ਜਾਵੇ ਉਸ ਦਾ ਘਰ ਘਾਟ ਬੱਚੇ ਤੇ ਮਾਲ ਅਸਬਾਬ ਮੁਰਤਜਾ ਖਾਂ ਦੇ ਹਵਾਲੇ ਕਰਕੇ ਇਸ ਨੂੰ "ਯਾਸਾ ਦੰਡ" ਦੇ ਕੇ ਮਾਰ ਦਿੱਤਾ ਜਾਵੇ (ਯਾਸਾ ਦੰਡ ਪੁਰਾਣੇ ਮੰਗੋਲੀਆ ਲੋਕ ਜਿਨ੍ਹਾਂ ਦਾ ਵਹਿਸ਼ੀਪੁਣਾ ਮਸ਼ਹੂਰ ਹੈ, ਦਿਆ ਕਰਦੇ ਸਨ। ਜਿਸ ਵਿੱਚ ਕਿਸੇ ਮਹਾਂਪੁਰਖ ਨੂੰ ਬਿਨਾ ਖੂਨ ਡੋਲੇ ਮਾਰਿਆ ਜਾਂਦਾ, ਡਰ ਹੁੰਦਾ ਕਿ ਉਸ ਦੇ ਖੂਨ ਤੋਂ ਹੋਰ ਸ਼ਹੀਦ ਨਾਂ ਪੈਦਾ ਹੋ ਜਾਣ) ਇਸ ਤਰੀਕੇ ਨਾਲ ੩੦ ਮਈ ਸੰਨ ੧੬੦੬ ਨੂੰ ਗੁਰੂ ਅਰਜਨ ਸਾਹਿਬ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਸ਼ਹੀਦੀ ਦਾ ਪ੍ਰਤੀਕਰਮ-ਜਿਸ ਦਾ ਅਸਰ ਇਹ ਹੋਇਆ ਕਿ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਗੁਰੂ ਪਿਤਾ ਦੇ ਆਦੇਸ਼ ਤੇ ਚਲਦਿਆਂ ਅਕਾਲ ਤਖ਼ਤ ਦੀ ਰਚਨਾ ਕੀਤੀ, ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਣ ਲਈਆਂ ਤੇ ਦੂਰ ਦੂਰ ਹੁਕਮਨਾਮੇ ਭੇਜ ਦਿੱਤੇ ਕਿ ਹੁਣ ਸਿੱਖ ਰਸਤਾਂ-ਬਸਤਾਂ ਦੇ ਨਾਲ ਜਵਾਨੀਆਂ, ਸ਼ਸ਼ਤਰ ਅਤੇ ਘੋੜੇ ਭੇਟ ਕਰਨ, ਸ਼ਸ਼ਤਰ ਵਿਦਿਆ ਦਾ ਅਭਿਆਸ ਕਰਨ ਅਤੇ ਸ਼ਿਕਾਰ ਖੇਡਣ। ਇਸ ਤਰ੍ਹਾਂ ਥੋੜੇ ਚਿਰ ਵਿੱਚ ਹੀ ਗੁਰੂ ਦੀ ਫੌਜ ਤਿਆਰ ਹੋ ਗਈ। ਗੁਰੂ ਜੀ ਨੇ ਜ਼ਾਲਮ ਹਕੂਮਤ ਨਾਲ ਚਾਰ ਜੰਗਾਂ ਲੜੀਆਂ ਜਿਨ੍ਹਾਂ ਵਿੱਚ ਸਰਕਾਰ ਨੂੰ ਕਰਾਰੀ ਹਾਰ ਹੋਈ। ਲੋਕ ਇਨਸਾਫ ਲਈ ਦਿੱਲੀ ਦਾ ਤਖ਼ਤ ਛੱਡ ਅਕਾਲ-ਤਖ਼ਤ 'ਤੇ "ਗੁਰੂ" ਦੀ ਸ਼ਰਣ ਆਉਣ ਲੱਗ ਪਏ। ਮੁਗਲੀਆਂ ਹਕੂਮਤ ਦੀਆਂ ਜੜਾਂ ਖੋਖਲੀਆਂ ਹੋ ਗਈਆਂ। ਜਹਾਂਗੀਰ ਨੂੰ ਸੁਲਾਹ ਲਈ ਗੁਰੂ ਦੀ ਸ਼ਰਣ ਆਉਣਾ ਪਿਆ। ਸਤਵੇਂ ਅਤੇ ਅਠਵੇਂ ਗੁਰੂ ਤੱਕ ਸ਼ਾਂਤੀ ਰਹੀ ਪਰ ਗੁਰੂ ਦਰਬਾਰ ਵਿੱਚ ਸਿੱਖ ਫੌਜ ਹਮੇਸ਼ਾਂ ਬਰਕਰਾਰ ਰਹੀ। ਨੌਵੇਂ ਗੁਰੂ ਨੇ ਵੀ ਧਰਮ ਦੀ ਖਾਤਰ ਮਜ਼ਲੂਮ ਦੀ ਰੱਖਿਆ ਲਈ ਆਪਾ ਕੁਰਬਾਨ ਕੀਤਾ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖੰਡੇ ਦੀ ਪਹੁਲ ਦੇ ਕੇ ਖ਼ਾਲਸਾ ਫੌਜ ਦਾ ਲਕਬ ਦਿੱਤਾ ਅਤੇ ਸਦਾ ਤਿਆਰ ਬਰ ਤਿਆਰ ਰਹਿਣ ਦਾ ਆਦੇਸ਼ ਦਿੱਤਾ। ਔਰੰਗਜ਼ੇਬ ਦੀ ਜ਼ਾਲਮ ਹਕੂਮਤ ਅਤੇ ਅਕਿਰਤਘਣ ਪਹਾੜੀ ਰਾਜਿਆਂ ਨਾਲ ੧੪ ਜੰਗਾਂ ਬੇਇਨਸਾਫੀ ਅਤੇ ਜ਼ੁਲਮ ਦੇ ਵਿਰੁੱਧ ਲੜੀਆਂ। ਜਿਸਦੇ ਫਲਸਰੂਪ ਬਾਬਾ ਬੰਦਾ ਸਿੰਘ ਬਹਾਦਰ ਨੇ ੮ ਸਾਲ ਰਾਜ ਕੀਤਾ, ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਨਾਮ ਦਾ ਸਿੱਕਾ ਚਲਾਇਆ, ਜ਼ਾਲਮ ਹਕੂਮਤ ਤੋਂ ਗਿਣ-ਗਿਣ ਕੇ ਬਦਲੇ ਲੈ, ਖਾਸ ਕਰਕੇ ਮਸੂਮ ਬੱਚਿਆਂ ਸਾਹਿਬਜ਼ਾਦਿਆਂ ਨੂੰ ਬੇਇਨਸਾਫੀ ਤੇ ਬੇਕਿਰਕੀ ਨਾਲ ਸ਼ਹੀਦ ਕਰਨ ਵਾਲੇ ਵਜ਼ੀਰ ਖਾਂ ਸੂਬਾ ਸਰਹੰਦ ਨੂੰ ਕੀਤੀ ਦਾ ਫਲ ਭੁਗਤਾਉਂਦੇ ਹੋਏ, ਸਰਹੰਦ ਦੀ ਇਟ ਨਾਲ ਇੱਟ ਖੜਕਾਈ। ਅੱਠ ਸਾਲ ਬਹੁਤ ਹੀ ਵਧੀਆ ਰਾਜ ਪ੍ਰਬੰਧ ਕੀਤਾ ਜਿਸ ਵਿੱਚ ਸਭ ਦੇ ਹੱਕਾਂ ਦੀ ਰਾਖੀ ਕਰਦੇ ਹੋਏ ਵਾਹੀਯੋਗ ਜ਼ਮੀਨਾਂ ਕਿਰਤੀ ਕਿਸਾਨਾਂ ਵਿੱਚ ਵੰਡੀਆਂ, ਸਿੱਖ ਫੌਜ ਵਿੱਚ ਅਕੀਦਤਮੰਦ ਹਿੰਦੂ ਅਤੇ ਮੁਸਲਮਾਨ ਵੀ ਭਰਤੀ ਕੀਤੇ ਅਤੇ ਧਰਮ ਅਸਥਾਨਾਂ ਦੀ ਸੇਵਾ ਕਰਦੇ ਹੋਏ ਗੁਰਦੁਆਰੇ, ਮਸਜਿਦਾਂ ਅਤੇ ਮੰਦਰ ਵੀ ਬਣਵਾਏ।

ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਤੋਂ ਬਾਅਦ ਸਿੱਖਾਂ ਦੇ ੬੫ ਜਥੇ ਬਣ ਗਏ ਜਿਨ੍ਹਾਂ ਨੇ ਸ੍ਰ. ਕਪੂਰ ਸਿੰਘ ਨੂੰ ਨਵਾਬੀ ਅਤੇ ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੂੰ "ਸੁਲਤਾਨਲ-ਕੌਮਿ" ਭਾਵ ਕੌਮ ਦਾ ਬਾਦਸ਼ਾਹ ਥਾਪਿਆ। ਇਨ੍ਹਾਂ ਬਹਾਦਰ ਤੇ ਸੇਵਾ ਦੇ ਪੁੰਜ ਮਹਾਂਨ ਆਗੂਆਂ ਦੀ ਸੁਜੋਗ ਅਗਵਾਈ ਵਿੱਚ ਜੰਗਲਾਂ ਬੇਲਿਆਂ ਵਿੱਚ ਰਹਿੰਦੇ ਹੋਏ ਵੀ ਜ਼ਾਲਮ ਸਰਕਾਰ ਨੂੰ ਭੜਥੂ ਪਾਈ ਰੱਖਿਆ। ਫਿਰ ੬੫ ਜਥਿਆਂ ਤੋਂ ੧੨ ਮਿਸਲਾਂ ਬਣ ਗਈਆਂ। ਸਿੱਖ ਮਿਸਲਾਂ ਵੀ ਨੇ ਵੀ ਜ਼ਾਲਮ ਹਕੂਮਤ ਨੂੰ ਸੁਖ ਦੀ ਨੀਂਦ ਨਾ ਸੌਣ ਦਿੱਤਾ ਅਤੇ ਮਹਾਂਰਾਜਾਂ ਰਣਜੀਤ ਸਿੰਘ ਦੀ ਅਗਵਾਈ ਵਿੱਚ ੫੦ ਸਾਲ ਰਾਜ ਕੀਤਾ ਜੋ ਫੁੱਟ ਕਰਕੇ ਜਾਂਦਾ ਰਿਹਾ ਤੇ ਅੱਜ ਤੱਕ ਨਹੀ ਮਿਲਿਆ। ਗੁਰਦੁਆਰਿਆਂ ਉੱਤੇ ਮਹੰਤ ਕਾਬਜ਼ ਹੋ ਗਏ ਜੋ ਭਾਰੀ ਕੁਰਬਾਨੀਆਂ ਕਰਕੇ ਕੱਢਣੇ ਪਏ। ਫਿਰ ਸਿੰਘ ਸਭਾ ਲਹਿਰ ਪੈਦਾ ਹੋਈ, ਸਿੱਖੀ ਦਾ ਪ੍ਰਚਾਰ ਹੋਇਆ ਪਰ ਇਨ੍ਹਾਂ ਕਰਮਕਾਂਡੀ ਮਹੰਤਾਂ ਦਾ ਅਸਰ ਖਤਮ ਨਹੀਂ ਹੋਇਆ। ਜੂਨ ੧੯੮੪ ਵਿੱਚ ਫਿਰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਇਕੱਤਰ ਹੋਈਆਂ ਹਜਾਰਾਂ ਸੰਗਤਾਂ ਸਮੇਤ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਭਾਰਤੀ ਹਕੂਮਤ ਨੇ ਹਮਲਾ ਕਰ ਦਿੱਤਾ ਜਿਵੇਂ ਮਹੰਤ ਨਰੈਣੂ ਨੇ ਨਨਕਾਣਾ ਸਾਹਿਬ ਤੇ ਨਿਹੱਥੇ ਸਿੰਘਾਂ ਤੇ ਕੀਤਾ ਸੀ। ਪਰ ਬਾਬਾ ਜਰਨੈਲ ਸਿੰਘ ਦੀ ਅਗਵਾਈ ਅਤੇ ਜਨਰਲ ਸ਼ੁਬੇਗ ਸਿੰਘ ਦੀ ਕਮਾਣ ਹੇਠ ਮੁਠੀ ਭਰ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਮੁਕਾਬਲਾ ਕਰਕੇ ਦੱਸ ਦਿੱਤਾ ਕਿ ਅਜੇ ਸਾਡੇ ਵਿੱਚ ਸਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਦੀ ਕੁਰਬਾਨੀ, ਸਾਹਿਬਜ਼ਾਦੇ ਅਤੇ ਅਨੇਕਾਂ ਅਕੀਦਤਮੰਦ ਤੇ ਬਹਾਦਰ ਸਿੰਘ ਸਿੰਘਣੀਆਂ ਦੀ ਸ਼ਹੀਦੀ ਦਾ ਖੂਨ ਗਰਮ ਹੈ।

ਦੇਖੋ! ਗੁਰੂਆਂ-ਭਗਤਾਂ ਨੇ ਤਾਂ ਜ਼ੁਲਮ ਅੱਗੇ ਗੋਡੇ ਨਹੀਂ ਸਨ ਟੇਕੇ ਪਰ ਅੱਜ ਅਸੀਂ ਗੁਰ-ਹੁਕਮਾਂ ਨੂੰ ਛਿੱਕੇ ਟੰਗ ਡੇਰੇਦਾਰ ਸਾਧਾਂ-ਸੰਤਾਂ ਅੱਗੇ ਹੱਥ ਜੋੜੀ ਖੜੇ ਹਾਂ। ਖ਼ਾਲਸਾ ਪੰਥ ਨੂੰ ਕਈ ਸੰਪ੍ਰਦਾਵਾਂ ਵਿੱਚ ਵੰਡੀ ਬੈਠੇ ਹਾਂ ਜੋ ਆਏ ਦਿਨ ਸਾਨੂੰ ਲੁੱਟ ਕੇ ਸਾਡਾ ਸ਼ੋਸ਼ਣ ਕਰ ਰਹੇ ਹਨ। ਗੁਰੂ ਅਰਜਨ ਸਾਹਿਬ ਦੀ ਸਭ ਤੋਂ ਵੱਡੀ ਦੇਣ ਸੰਸਾਰ ਵਾਸਤੇ ਭਗਤਾਂ ਅਤੇ ਗੁਰਆੂਂ ਦੀ ਬਾਣੀ ਦੀ ਸੰਪਾਦਨੈ ਜੋ ਸਾਇੰਟੇਫਿਕ ਰੱਬੀ ਗਿਆਨ ਜਿਸ ਨੂੰ "ਪੋਥੀ ਪਰਮੇਸ਼ਰ ਕਾ ਥਾਨ" ਕਿਹਾ ਅਤੇ ਫੁਰਮਾਇਆ "ਗ੍ਰੰਥ ਰਿਦਾ ਗੁਰ ਕਾ ਇਹ ਜਾਨੋ ਊਤਮ ਹੈ ਸਰਬ ਸਬ ਥਾਂਨ ਰਹੈ ਹੈਂ" ਕਿਉਂਕਿ ਦੇਹ ਸਰੀਰ ਹਰ ਵੇਲੇ ਹਰ ਥਾਂ ਨਹੀਂ ਹੋ ਸਕਦੇ ਅਤੇ ਬਿਨਸਣਹਾਰ ਹਨ। ਜਿਸ ਵਿੱਚ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ ਕਰਕੇ ਦਸਵੇਂ ਪਾਤਸ਼ਾਹ ਨੇ ਗੁਰ ਗੱਦੀ ਦੇ ਕੇ "ਸ਼ਬਦ ਗੁਰੂ ਗ੍ਰੰਥ ਸਾਹਿਬ" ਕਹਿ ਸੀਸ ਨਿਵਾਇਆ। ਇਸ ਗ੍ਰੰਥ ਦਾ ਸਿਧਾਂਤ ਸਰਬੱਤ ਦਾ ਭਲਾ ਮੰਗਦਾ ਹੋਇਆ ਫੁਰਮਾਂਦਾ ਹੈ- ਜਗਤ ਜਲੰਦਾ ਰਖ ਲੈ ਆਪਣੀ ਕ੍ਰਿਪਾਧਾਰ॥ ਅਵਲ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ..॥ ਨਾ ਕੋ ਬੈਰੀ ਨਹੀਂ ਬਿਗਾਨਾ ਸਗਲ ਸੰਗਿ ਹਮ ਕੋ ਬਨਿ ਆਈ॥ ਵਿਦਿਆ ਵੀਚਾਰੀ ਤਾ ਪਰਉਪਕਾਰੀ॥ ਘਾਲਿ ਖਾਇ ਕਿਛ ਹਥਹੁ ਦੇਇ ਨਾਨਕ ਰਾਹੁ ਪਛਾਣੈ ਸੇਇ॥ ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥ (ਗੁਰੂ ਗ੍ਰੰਥ)


ਸੱਚ ਨਾਲ ਝੂਠ ਹਮੇਸ਼ਾਂ ਟਕਰਾਂਦਾ ਰਿਹਾ ਤੇ ਟਕਰਉਂਦਾ ਰਹੇਗਾ। ਜੋ ਕੌਮਾਂ ਇੱਠੀਆਂ ਹੋ ਕੇ ਮੁਕਾਬਲਾ ਕਰਦੀਆਂ ਨੇ ਉਹ ਸਦਾ ਜੇਤੂ ਰਹਿੰਦੀਆਂ ਹਨ। ਸੋ ਸਾਨੂੰ ਵੀ ਅੱਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੂੰ ਦਿਲੋਂ ਯਾਦ ਕਰਦੇ ਹੋਏ ਆਪਣੇ ਸਾਰੇ ਮਤ-ਭੇਦ ਖ਼ਤਮ ਕਰਕੇ ਡੇਰੇ ਅਤੇ ਸੰਪ੍ਰਦਾਵਾਂ ਨੂੰ ਛੱਡ, ਖ਼ਾਲਸਾ ਪੰਥ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਇਹ ਹੀ ਗੁਰੂ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਅਤੇ ਫਿਰ ਬਾਬਰ, ਮੁਹੰਮਦ ਬਾਕੀ ਬਿੱਲਾ, ਮੁਰਤਜਾ ਖਾਂ, ਜਹਾਂਗੀਰ, ਬੀਰਬਲ ਬ੍ਰਾਹਮਣ, ਚੰਦੂ ਸ਼ਵਾਹੀਆ, ਔਰੰਗਜ਼ੇਬ, ਜ਼ਕਰੀਆ ਖਾਂ, ਮੀਰ ਮੰਨੂੰ, ਅਜੋਕੇ ਆਰ. ਐਸ. ਐਸ. ਵਰਗੇ ਹਿੰਦੂ, ਡੇਰੇਦਾਰ ਸਾਧ ਅਤੇ ਉਨ੍ਹਾਂ ਦੇ ਪਿਛਲੱਗ ਲੀਡਰ ਸਿੱਖ ਕੌਮ ਦਾ ਨੁਕਸਾਨ ਨਹੀਂ ਕਰ ਸੱਕਣਗੇ ਜੋ ਅੱਜ ਸਰਬਸਾਂਝੇ ਸ਼ਬਦ ਗੁਰੂ ਗ੍ਰੰਥ ਸਾਹਿਬ ਦਾ ਵੀ ਕਰ ਰਹੇ ਹਨ। ਇਸ ਮਾਜਰੇ ਨੂੰ ਸਮਝਣ ਦੀ ਲੋੜ ਹੈ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਅਮਰੀਕਾ ਦੇ ਓਕਲਾਹੋਮਾ ਰਾਜ ਵਿਚ ਆਪਣੇ ਮਾਲਕ ਦੀ ਹੱਤਿਆ ਕਰਨ ਵਾਲੇ ਰਿਚਰਡ ਗਲੋਸਿਪ ਨੂੰ 18 ਮਈ ਨੂੰ ਲਾਇਆ ਜਾਵੇਗਾ ਜ਼ਹਿਰ ਦਾ ਟੀਕਾ



**ਸੈਕਰਾਮੈਂਟੋ, ਕੈਲੀਫੋਰਨੀਆ–** ਓਕਲਾਹੋਮਾ ਦੀ ਇਕ ਅਮਰੀਕੀ ਅਦਾਲਤ ਨੇ ਆਪਣੇ ਬੌਸ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 60 ਸਾਲਾ ਰਿਚਰਡ ਗਲੋਸਿਪ ਨਾਮੀ ਵਿਅਕਤੀ ਵੱਲੋਂ ਸਜ਼ਾ ਵਿਰੁੱਧ ਕੀਤੀ ਗਈ ਅਪੀਲ ਰੱਦ ਕਰ ਦਿੱਤੀ ਹੈ। ਓਕਲਾਹੋਮਾ ਕੋਰਟ ਆਫ ਕ੍ਰਿਮੀਨਲ ਅਪੀਲ ਦਾ ਇਹ ਨਿਰਨਾ ਦੋ ਹਫਤੇ ਪਹਿਲਾਂ ਵਿਸ਼ੇਸ਼ ਕੌਂਸਲ ਦੀ ਆਈ ਰਿਪੋਰਟ ਤੋਂ ਬਾਅਦ ਦਿੱਤਾ ਗਿਆ ਹੈ ਜਿਸ ਰਿਪੋਰਟ ਵਿਚ ਗਲੋਸਿਪ ਦੀ ਮੌਤ ਦੀ ਸਜ਼ਾ ਖਤਮ ਕਰਨ ਤੇ ਨਵੇਂ ਸਿਰੇ ਤੋਂ ਸੁਣਵਾਈ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ। ਜਿਊਰੀ ਦੇ 5 ਜੱਜਾਂ ਨੇ ਸਰਬਸੰਮਤੀ ਨਾਲ ਆਪਣਾ ਫੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਗਲੋਸਿਪ ਨੂੰ ਬਚਾਅ ਕਰਨ ਦਾ ਹਰ ਮੌਕਾ ਦਿੱਤਾ ਗਿਆ ਹੈ ਤੇ ਸਾਨੂੰ ਉਸ ਨੂੰ ਰਾਹਤ ਦੇਣ ਦਾ ਕੋਈ ਵੀ ਕਾਨੂੰਨੀ ਜਾਂ ਵਾਸਤਵਿਕ ਆਧਰਾ ਨਹੀਂ ਲੱਭਾ।

ਸਾਬਕਾ ਮੋਟਲ ਮੈਨੇਜਰ ਗਲੋਸਿਪ ਪਿਛਲੇ 26 ਸਾਲ ਤੋਂ ਜੇਲ ਵਿਚ ਬੰਦ ਹੈ। ਅਦਾਲਤ ਨੇ 1998 ਵਿਚ ਉਸ ਨੂੰ ਆਪਣੇ ਮਾਲਕ ਬੈਰੀ ਵੈਨ ਟੀਸ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਸੀ। ਉਹ 1997 ਤੋਂ ਜੇਲ ਵਿਚ ਬੰਦ ਹੈ ਤੇ ਕਾਨੂੰਨੀ ਚਾਰਜੋਈ ਕਾਰਨ ਹੁਣ ਤੱਕ ਮੌਤ ਦੀ ਸਜ਼ਾ ਤੋਂ ਬਚਦਾ ਆ ਰਿਹਾ ਹੈ। ਉਸ ਨੂੰ 18 ਮਈ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ।


# ਅਮਰੀਕਾ ਵਿਚ ਭਾਰਤੀ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ, 2021 ਵਿਚ ਉੱਚ ਪੜਾਈ ਲਈ ਗਿਆ ਸੀ ਅਮਰੀਕਾ



**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਓਹੀਓ ਰਾਜ ਦੀ ਰਾਜਧਾਨੀ ਕੋਲੰਬਸ ਵਿਚ ਭਾਰਤੀ ਮੂਲ ਦੇ ਵਿਦਿਆਰਥੀ 25 ਸਾਲਾ ਵੀਰਾ ਸਾਈਸ਼ ਦੀ ਅਣਪਛਾਤੇ ਵਿਅਕਤੀ ਵੱਲੋਂ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਆਂਧਰਾ ਪ੍ਰਦੇਸ਼ ਦੇ ਰਹਿਣ ਵਾਲੇ ਸਾਈਸ਼ ਨੂੰ 2 ਹਫਤਿਆਂ ਬਾਅਦ ਗਰੈਜੂਏਟ ਦੀ ਡਿਗਰੀ ਮਿਲਣੀ ਸੀ। ਉਸ ਨੂੰ ਬੀਤੇ ਦਿਨ ਰਾਤ 12.50 ਵਜੇ ਸ਼ੈਲ ਫਿਊਲ ਸਟੇਸ਼ਨ ਉਪਰ ਗੋਲੀ ਮਾਰੀ ਗਈ ਜਿਥੇ ਉਹ ਕਲਰਕ ਵਜੋਂ ਕੰਮ ਕਰਦਾ ਸੀ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਕੋਲੰਬਸ ਪੁਲਿਸ ਨੇ ਸ਼ੱਕੀ ਹਮਲਾਵਰ ਦੀ ਤਸਵੀਰ ਜਾਰੀ ਕੀਤੀ ਹੈ ਤੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਹਮਲਾਵਰ ਬਾਰੇ ਕੋਈ ਵੀ ਸੂਚਨਾ ਦੇਣ ਲਈ ਉਸ ਨਾਲ ਸੰਪਰਕ ਕਰਨ। ਹਾਲਾਂ ਕਿ ਹੱਤਿਆ ਪਿੱਛੇ ਕਾਰਨ ਸਪੱਸ਼ਟ ਨਹੀਂ ਹੈ ਪਰੰਤੂ ਪੁਲਿਸ ਨੂੰ ਸ਼ੱਕ ਹੈ ਕਿ ਲੁੱਟ ਦੇ ਇਰਾਦੇ ਨਾਲ ਹੱਤਿਆ ਹੋਈ ਹੈ। ਸਾਈਸ਼ ਨਵੰਬਰ 2021 ਵਿਚ ਉੱਚ ਪੜਾਈ ਲਈ ਅਮਰੀਕਾ ਆਇਆ ਸੀ ਤੇ ਉਹ ਪੜਾਈ ਦੇ ਨਾਲ ਨਾਲ ਨੌਕਰੀ ਵੀ ਕਰਦਾ ਸੀ। ਉਸ ਦੇ ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਐਲੂਰੂ,ਆਂਧਰਾ ਪ੍ਰਦੇਸ ਵਿਚ ਰਹਿੰਦੀ ਉਸ ਦੀ ਮਾਂ ਤੇ ਵੱਡਾ ਭਰਾ ਗਹਿਰੇ ਸਦਮੇ ਵਿਚ ਹਨ। ਉਨਾਂ ਨੇ ਭਾਰਤ ਸਕਰਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਸਾਈਸ਼ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਵਿਚ ਸਹਾਇਤਾ ਕਰੇ।

# ਕਾਲੇ ਵਿਅਕਤੀ ਨੂੰ ਗੋਲੀ ਮਾਰਨ ਵਾਲੀ ਮਿਨੇਸੋਟਾ ਦੀ ਸਾਬਕਾ ਪੁਲਿਸ ਅਫਸਰ ਦੀ ਹੋਵੇਗੀ ਰਿਹਾਈ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਮਿਨੇਸੋਟਾ ਰਾਜ ਦੀ ਸਾਬਕਾ ਪੁਲਿਸ ਅਫਸਰ ਕਿਮ ਪੌਟਰ ਜਿਸ ਵੱਲੋਂ ਇਕ ਟਰੈਫਿਕ ਸਟਾਪ 'ਤੇ ਚਲਾਈ ਗੋਲੀ ਨਾਲ ਡੌਂਟ ਰਾਈਟ ਨਾਮੀ ਕਾਲੇ ਵਿਅਕਤੀ ਦੀ ਮੌਤ ਹੋ ਗਈ ਸੀ, ਦੀ 16 ਮਹੀਨੇ ਦੀ ਸਜ਼ਾ ਭੁਗਤਣ ਉਪਰੰਤ 24 ਅਪ੍ਰੈਲ ਨੂੰ ਰਿਹਾਈ ਹੋਣ ਦੀ ਖਬਰ ਹੈ। ਕਿਮ ਪੌਟਰ ਜਿਸ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਗਲਤੀ ਨਾਲ ਗੰਨ ਨੂੰ ਹੱਥ ਪਾ ਲਿਆ ਸੀ, ਨੂੰ ਜੱਜ ਨੇ ਅਪ੍ਰੈਲ 2021 ਵਿਚ ਸਖਤ ਸਜ਼ਾ ਦੇਣ ਦੀ ਥਾਂ ਦੋ ਸਾਲ ਦੀ ਨਰਮ ਸਜ਼ਾ ਸੁਣਾਈ ਸੀ। ਮਿ-ਨੇਸੋਟਾ ਡਿਪਾਰਟਮੈਂਟ ਆਫ ਕੋ-ਰੈਕਸ਼ਨਜ ਦੇ ਬੁਲਾਰੇ ਐਂਡੀ ਸਕੂਗਮੈਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਕਿਮ ਪੌਟਰ ਦੀ ਸੁਰੱਖਿਆ ਦੇ ਮੱਦੇਨਜ਼ਰ ਲਾਅ ਇਨਫੋਰਸਮੈਂਟ ਦੇ ਅਧਿਕਾਰੀਸਥਿੱਤੀ ਉਪਰ ਨਜ਼ਰ ਰਖ ਰਹੇ ਹਨ। ਰਿਹਾਈ ਉਪਰੰਤ ਕਿਮ ਪੌਟਰ ਦੀ 21 ਦਸੰਬਰ ਤੱਕ ਨਿਗਰਾਨੀ ਕੀਤੀ ਜਾਵੇਗੀ।



# ਅਮਰੀਕਾ ਵਿਚ ਦੋ ਥਾਵਾਂ 'ਤੇ ਗੋਲੀਬਾਰੀ ਵਿਚ ਇਕ ਬੱਚੀ ਸਮੇਤ 8 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–** ਵਾਸ਼ਿੰਗਟਨ, ਡੀ ਸੀ ਵਿਚ ਬੀਤੀ ਰਾਤ ਦੋ ਥਾਵਾਂ ਤੇ ਗੋਲੀਬਾਰੀ ਹੋਣ ਦੀ ਖਬਰ ਹੈ ਜਿਸ ਦੌਰਾਨ ਇਕ 12 ਸਾਲਾਂ ਦੀ ਬੱਚੀ ਸਮੇਤ 8 ਵਿਅਕਤੀ ਜ਼ਖਮੀ ਹੋ ਗਏ। ਪੁਲਿਸ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਆਪਸ ਵਿਚ ਜੋੜ ਕੇ ਜਾਂਚ ਕਰ ਰਹੀ ਹੈ। ਅਧਿਕਾਰੀਆਂ ਅਨੁਸਾਰ ਮੈਟਰੋਪੋਲੀਟਨ ਪੁਲਿਸ ਵਿਭਾਗ ਦੇ ਅਫਸਰਾਂ ਨੂੰ ਰਾਤ 10 ਵਜੇ ਦੇ ਆਸਪਾਸ ਜਿਲੇ ਦੇ ਦੱਖਣ ਪੱਛਮੀ ਚਤੁਰਭੁਜ ਹਿੱਸੇ ਵਿਚ ਗੋ-ਲੀਆਂ ਚਲਣ ਦੀ ਸੂਚਨਾ ਮਿਲੀ ਸੀ ਜਿਸ ਉਪਰੰਤ ਤੁਰੰਤ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਜਿਥੇ ਉਨਾਂ ਨੂੰ 7 ਵਿਅਕਤੀ ਜ਼ਖਮੀ ਹਾਲਤ ਵਿਚ ਮਿਲੇ। ਹਾਲਾਂ ਕਿ ਉਨਾਂ ਦੇ ਜ਼ਖਮ ਜਾਨ ਲੇਵਾ ਨਹੀਂ ਹਨ। ਪੁਲਿਸ ਅਨੁਸਾਰ ਜ਼ਖਮੀਆਂ ਵਿਚੋਂ ਕੁਝ ਤਾਂ ਖੁਦ ਹੀ ਸਥਾਨਕ ਹਸਪਤਾਲ ਵਿਚ ਪਹੁੰਚ ਗਏ। ਪੁਲਿਸ ਅਜੇ ਇਸ ਗੋਲੀਬਾਰੀ ਦਾ ਜਾਇਜ਼ਾ ਹੀ ਲੈ ਰਹੀ ਸੀ ਤਾਂ ਉਸ ਨੂੰ ਇਥੋਂ ਥੋਹੜੀ ਦੂਰ ਗੋਲੀ ਚੱਲਣ ਦੀ ਸੂਚਨਾ ਮਿਲੀ ਜਿਥੇ ਇਕ 12 ਸਾਲਾਂ ਦੀ ਬੱਚੀ ਗੋਲੀ ਵੱਜਣ ਕਾਰਨ ਜ਼ਖਮੀ ਹੋ ਗਈ। ਪੁਲਿਸ ਅਨੁਸਾਰ ਬੱਚੀ ਦੀ ਹਾਲਤ ਸਥਿਰ ਹੈ ਤੇ ਉਸ ਦਾ ਜ਼ਖਮ ਵੀ ਚਿੰਤਾਜਨਕ ਨਹੀਂ ਹੈ। ਪੁਲਿਸ ਨੂੰ ਦੋਨਾਂ ਥਾਵਾਂ ਤੋਂ ਕਈ ਕਾਰਤੂਸ ਮਿਲੇ ਹਨ। ਪੁਲਿਸ ਇਕ ਕਾਲੇ ਰੰਗ ਦੀ ਸੇਡਾਨ ਕਾਰ ਜੋ ਸੰਭਾਵੀ ਤੌਰ ਮਰਸੀਡੀਜ਼ ਹੋ ਸਕਦੀ ਹੈ, ਜਿਸ ਵਿਚੋਂ ਲੋਕਾਂ ਨੇ ਗੋਲੀਆਂ ਚੱਲਦੀਆਂ ਵੇਖੀਆਂ ਸਨ, ਦੀ ਭਾਲ ਕਰ ਰਹੀ ਹੈ। ਪਲਿਸ ਵਿਭਾਗ ਦੇ ਅਸਿਸਟੈਂਟ ਚੀਫ ਆਂਦਰੇ ਰਾਈਟ ਨੇ ਕਿਹਾ ਹੈ ਕਿ ਅਸੀਂ ਦੋਨਾਂ ਘਟਨਾਵਾਂ ਨੂੰ ਆਪਸ ਵਿਚ ਜੋੜ ਕੇ ਜਾਂਚ ਕਰ ਰਹੇ ਹਾਂ। ਹਾਲਾਂ ਕਿ ਹੋ ਸਕਦਾ ਹੈ ਕਿ ਅਜਿਹਾ ਨਾ ਹੋਵੇ ਪਰੰਤੂ ਸਮੁੱਚੇ ਹਾਲਾਤ ਦੇ ਮਦੇਨਜ਼ਰ ਮੈ ਕਹਿ ਸਕਦਾ ਹਾਂ ਕਿ ਦੋਨਾਂ ਘਟਨਾਵਾਂ ਦਾ ਆਪਸ ਵਿਚ ਸਬੰਧ ਹੈ।



# ਅਕਾਲੀ ਦਲ ਅਮਰੀਕਾ ਦੇ ਵੱਖ ਵੱਖ ਅਕਾਲੀ ਆਗੂਆਂ ਵੱਲੋਂ ਸ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣਾ ਉੱਤੇ ਗਹਿਰਾ ਦੁੱਖ ਦਾ ਪ੍ਰਗਟਾਵਾ



**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਵਿਚਲੇ ਅਕਾਲੀ ਦਲ ਬਾਦਲ ਦੇ ਵੱਖ ਵੱਖ ਸਿਰਕੱਢ ਆਗੂਆਂ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਆਕਾਲੀ ਦਲ ਬਾਦਲ ਦੇ ਸਰਪ੍ਰਸਤ ਸ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਇਜਹਾਰ ਕੀਤਾ ਹੈ। ਇਸ ਮੌਕੇ ਯੂਬਾ ਸਿਟੀ ਤੋਂ ਅਕਾਲੀ ਆਗੂ ਗੁਰਨਾਮ ਸਿੰਘ ਪੰਮਾ, ਗੁਰਮੇਜ ਸਿੰਘ ਗਿੱਲ, ਦਲਬੀਰ ਸਿੰਘ ਗਿੱਲ, ਸੁਖਵਿੰਦਰ ਸਿੰਘ, ਜਸਬੀਰ ਸਿੰਘ ਕੁਲਾਰ, ਲਖਵਿੰਦਰ ਸਿੰਘ ਸਹੋਤਾ, ਬਲਬੀਰ ਸਿੰਘ ਸੋਹਲ, ਜਸਵੰਤ ਬੈਂਸ, ਹਰਭਜਨ ਸਿੰਘ ਢੇਰੀ, ਦਿਲਬਾਗ ਬੈਂਸ, ਜਸਵਿੰਦਰ ਸਿੰਘ ਹੀਰ, ਚਰਨਜੀਤ ਸਿੰਘ ਚੌਹਾਨ, ਰਾਜਵਿੰਦਰ ਸਿੰਘ ਮਾਨ ਆਦਿ ਵਲੋਂ ਸਿਆਸਤ ਦਾ ਬੋਹੜ ਮੰਨੇ ਜਾਂਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਉਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਅਮਰੀਕਨ ਅਕਾਲੀ ਆਗੂ ਗੁਰਨਾਮ ਸਿੰਘ ਪੰਮਾ ਨੇ ਕਿਹਾ ਜੋ ਅਗਵਾਈ ਸਿਆਸੀ ਤੌਰ ਤੇ ਪੰਜਾਬ ਨੂੰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੋਂ ਮਿਲੀ ਤੇ ਜੋ ਪੰਜਾਬ ਦੀ ਤਰੱਕੀ ਉਹਨਾਂ ਦੇ ਸਮੇਂ ਹੋਈ ਉਸ ਦਾ ਉਸ ਦਾ ਜ਼ਿਕਰ ਪੰਜਾਬ ਦੀ ਸਿਆਸਤ ਵਿੱਚ ਨਾ ਹੀ ਕਿਤੇ ਮਿਲਿਆ ਹੈ ਤੇ ਨਾ ਹੀ ਅੱਗੋਂ ਮਿਲੇਗਾ। ਉਨਾਂ ਨੇ ਅਫ਼ਸੋਸ ਜ਼ਹਿਰ ਕਰਦੇ ਹੋਏ ਕਿਹਾ, ਪ੍ਰਕਾਸ਼ ਸਿੰਘ ਬਾਦਲ ਜਿਹੇ ਨੇਕ ਆਗੂ ਦੁਨੀਆਂ ਤੇ ਬਾਰ ਬਾਰ ਨਹੀ ਆਉਣਗੇ, ਅਤੇ ਸਾਡੇ ਵਿਚੋਂ ਇੱਕ ਘਾਗ ਸਿਆਸਤਦਾਨ ਖੋਹ ਗਿਆ। ਇਸ ਤੋਂ ਇਲਾਵਾ ਵੈਸਟ ਕੋਸਟ ਦੇ ਪ੍ਰਧਾਨ, ਕੁਲਵੰਤ ਸਿੰਘ ਖਹਿਰਾ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਕ ਯੋਗ ਸਿਆਸਤਦਾਨ ਸੀ, ਜਿਨ੍ਹਾਂ ਨੇ ਹਮੇਸ਼ਾਂ ਪੰਥ ਅਤੇ ਪੰਜਾਬ ਦੀ ਯੋਗ ਅਗਵਾਈ ਕੀਤੀ ਅਤੇ ਪੰਜਾਬ ਨੂੰ ਸਿੱਖੀ ਦਾ ਮਾਡਲ ਬਣਾ ਕੇ ਦੁਨੀਆਂ ਸਾਹਮਣੇ ਪੇਸ਼ ਕੀਤਾ। ਪੰਜਾਬ ਵਾਸੀ ਉਹਨਾਂ ਦੇ ਕੀਤੇ ਕਾਰਜਾਂ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਣਗੇ। ਇਸ ਤੋਂ ਇਲਾਵਾ ਅਕਾਲੀ ਦਲ ਦੇ ਸੁਰਿੰਦਰ ਸਿੰਘ ਨਿੱਝਰ, ਯੂਥ ਅਕਾਲੀ ਦਲ ਦੇ ਰਵਿੰਦਰ ਸਿੰਘ ਬੋਇਲ, ਆਦਿ ਨੇ ਵੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਉਣੇ ਉਤੇ ਗਹਿਰਾ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਪਰਕਾਸ਼ ਸਿੰਘ ਬਾਦਲ ਅਜਿਹੀ ਨੇਕ ਰੂਹ ਸੀ ਜਿਸ ਨੇ ਸਿਆਸਤ ਤੇ ਧਰਮ ਨੂੰ ਅਲੱਗ ਰੱਖਦੇ ਪੰਜਾਬ ਵਿਚ ਭਲੇ ਲਈ ਅਨੇਕਾਂ ਕਾਰਜ ਕੀਤੇ।

# ਅਮਰੀਕਾ ਵਿਚ ਚਰਚ ਨੂੰ ਸਾੜਣ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਇਕ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਓਹੀਓ ਰਾਜ ਵਿਚ ਇਕ ਚਰਚ ਨੂੰ ਸਾੜਣ ਦੀ ਕੋਸ਼ਿਸ਼ ਕਰਨ ਦੇ ਮਾਮਲੇ ਵਿਚ ਪੁਲਿਸ ਵੱਲੋਂ ਇਕ ਨਵ ਨਾਜ਼ੀ ਗਰੁੱਪ ਦੇ ਮੈਂਬਰ ਨੂੰ ਗ੍ਰਿਫਤਾਰ ਕਰਨ ਦੀ ਖਬਰ ਹੈ। 20 ਸਾਲਾ ਏਮਨ ਡੀ ਪੈਨੀ ਜੋ ਅਲਾਇੰਸ, ਓਹੀਓ ਦਾਵਸਨੀਕ ਹੈ, ਵਿਰੁੱਧ ਕਲੈਵਲੈਂਡ ਦੀ ਯੂ ਐਸ ਡਿਸਟ੍ਰਿਕਟ ਕੋਰਟ ਵਿਚ ਬਦਨੀਤੀ ਤਹਿਤ ਧਮਾਕਾਖੇਜ਼ ਸਮਗਰੀ ਵਰਤਣ ਤੇ ਖਤਰਨਾਕ ਉਪਕਰਣ ਰਖਣ ਦੇ ਦੋਸ਼ ਆਇਦ ਕੀਤੇ ਗਏ ਹਨ। ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਪੈਨੀ ਨੇ ਚੈਸਟਰਲੈਂਡ ਵਿਚ 'ਚਰਚ ਆਫ ਚੈਸਟਰਲੈਂਡ'' ਨੂੰ ਸਾੜਣ ਲਈ 'ਮੋਲੋਟੋਵ ਕਾਕਟੇਲ' ਦੀ ਵਰਤੋਂ ਕੀਤੀ। ਨਿਆਂ ਵਿਭਾਗ ਦੁਆਰਾ ਜਾਰੀ ਪ੍ਰੈਸ ਬਿਆਨ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ।




ਅਦਾਲਤ ਵਿਚ ਦਾਇਰ ਹਲਫੀਆ ਬਿਆਨ ਵਿਚ ਐਫ ਬੀ ਆਈ ਨੇ ਦਾਅਵਾ ਕੀਤਾ ਹੈ ਕਿ ਪੈਨੀ ਇਕ ਨਾਜ਼ੀ ਪੱਖੀ ਗਰੁੱਪ 'ਵਾਈਟ ਲਿਵਜ਼ ਮੈਟਰ' ਦਾ ਮੈਂਬਰ ਹੈ। ਐਫ ਬੀ ਆਈ ਅਨੁਸਾਰ ਇਹ ਗਰੁੱਪ ਨਸਲਵਾਦੀ ਤੇ ਨਾਜ਼ੀ ਸਮਰਥਕ ਹੈ। ਇਹ ਗਰੁੱਪ ਗੋਰਿਆਂ ਤੋਂ ਬਿਨਾਂ ਬਾਕੀ ਭਾਈਚਾਰਿਆਂ ਵਿਰੁੱਧ ਨਫ਼ਰਤ ਵਾਲੀ ਪਹੁੰਚ ਰਖਦਾ ਹੈ। ਅਪਰਾਧਿਕ ਸ਼ਿਕਾਇਤ ਅਨੁਸਾਰ ਪੈਨੀ ਨੇ ਮੰਨਿਆ ਹੈ ਕਿ ਉਸ ਨੇ 'ਮੋਲੋਟੋਵ ਕਾਕਟੇਲ' ਦੀ ਵਰਤੋਂ ਕਰਕੇ ਚਰਚ ਨੂੰ ਸਾੜਣ ਦੀ ਕੋਸ਼ਿਸ਼ ਕੀਤੀ ਹੈ। ਯੈ ਐਸ ਅਟਾਰਨੀ ਦੇ ਦਫਤਰ ਦੇ ਚੀਫ ਡਿਪਟੀ ਕਲਰਕ ਮਿਸ਼ੈਲ ਸਜ਼ਟੂਲ ਅਨੁਸਾਰ ਉਸ ਵਿਰੁੱਧ ਸੁਣਵਾਈ ਵੀਰਵਾਰ ਨੂੰ ਹੋਵੇਗੀ। ਪੈਨੀ ਇਸ ਸਮੇ ਰਿਮਾਂਡ ਤਹਿਤ ਪੁਲਿਸ ਹਿਰਾਸਤ ਵਿਚ ਹੈ। ਅਸਿਸਟੈਂਟ ਅਟਾਰਨੀ ਜਨਰਲ ਮੈਥੀਊ ਡੀ ਓਲਸਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਨਿਆਂ ਵਿਭਾਗ ਦਾ ਇਹ ਫਰਜ਼ ਹੈ ਕਿ ਉਹ ਸਾਰੇ ਅਮਰੀਕੀਆਂ ਦੇ ਹੱਕਾਂ ਦੀ ਰਾਖੀਕਰੇ। ਮੈ ਇਸ ਮਾਮਲੇ ਵਿਚ ਲਾਅ ਇਨਫੋਰਸਮੈਂਟ ਅਧਿਕਾਰੀਆਂ ਦੀ ਕਾਰਵਾਈ ਦੀ ਸ਼ਲਾਘਾ ਕਰਦਾ ਹਾਂ।

# ਅਮਰੀਕਾ ਦੇ ਟੈਕਸਾਸ ਰਾਜ ਵਿਚ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ 9 ਛੋਕਰੇ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਟੈਕਸਾਸ ਰਾਜ ਵਿਚ ਪ੍ਰੋਮ ਪਾਰਟੀ ਦੌਰਾਨ ਹੋਈ ਗੋਲੀਬਾਰੀ ਕਾਰਨ 9 ਮੁੰਡੇ ਤੇ ਕੁੜੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਜਸਪਰ ਕਾਊਂਟੀ ਸ਼ੈਰਿਫ ਦੇ ਦਫਤਰ ਅਨੁਸਾਰ ਅੱਧੀ ਰਾਤ ਤੋਂ ਬਾਅਦ ਜਸਪਰ ਦੇ ਉੱਤਰ ਵਿਚ ਇਕ ਘਰ ਵਿਚ ਗੋਲੀ ਚੱਲਣ ਦੀ ਸੂਚਨਾ ਮਿਲਣ ਉਪਰੰਤ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਉਨਾਂ ਨੂੰ ਮੌਕੇ'ਤੇ 9 ਨਬਾਲਗ ਮਿਲੇ ਜੋ ਜ਼ਖਮੀ ਸਨ ਹਾਲਾਂ ਕਿ ਜ਼ਖਮ ਜਾਨਲੇਵਾ ਨਹੀਂ ਹਨ। ਇਨਾਂ ਸਾਰਿਆਂ ਦੀ ਉਮਰ 15 ਤੋਂ 19 ਸਾਲ ਦੇ ਦਰਮਿਆਨ ਹੈ। ਜ਼ਖਮੀਆਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਸ਼ੈਰਿਫ ਦਫਤਰ ਅਨੁਸਾਰ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਸਬੰਧਤ ਲੋਕਾਂ ਤੋਂ ਪੁੱਛਗਿੱਛ ਕੀਤੀ ਜਾਵੇਗੀ।

# ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਬੇਅਦਬੀ ਦੀ ਘਟਨਾ ਨੇ ਹਿਰਦੇ ਵਲੂੰਧਰੇ

**ਵਿਸ਼ੇਸ਼ ਰਿਪੋਰਟ : ਜੇ ਸਿੰਘ 'ਭਡਿਆਰ'**

ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਬੇਅਦਬੀ ਦੀਆਂ ਘਟਨਾਵਾਂ ਪੰਜਾਬ ਨੂੰ ਹਨੇਰੇ ਵੱਲ ਧੱਕ ਰਹੀਆਂ ਹਨ। ਸਰਕਾਰ ਅਤੇ ਪ੍ਰਸ਼ਾਸਨ ਨੂੰ ਇਸ 'ਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਹੁਣ ਤਾਜ਼ਾ ਮਾਮਲਾ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਮੋਰਿੰਡਾ ਵਿਖੇ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਦਰਅਸਲ ਇੱਥੇ ਅਖੰਡ ਪਾਠ ਦੀ ਚਲਦੀ ਲੜੀ ਦੌਰਾਨ ਇਕ ਵਿਅਕਤੀ ਜਸਵੀਰ ਸਿੰਘ ਉਰਫ ਜੱਸੀ ਜੁੱਤੀਆਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਕ ਪਹੁੰਚ ਗਿਆ ਅਤੇ ਉਸ ਨੇ ਤਾਬਿਆ 'ਤੇ ਬੈਠੇ ਗ੍ਰੰਥੀ ਸਿੰਘ ਨਾਲ ਕੁੱਟਮਾਰ ਕੀਤੀ। ਇਸ ਦੌਰਾਨ ਗ੍ਰੰਥੀ ਸਿੰਘਾਂ ਦੀ ਦਸਤਾਰ ਵੀ ਲਹਿ ਗਈ ਇਹ ਘਟਨਾ ਸੀਸੀਟੀਵੀ ਕੈਮਰਿਆਂ ਵਿਚ ਕੈਦ ਹੋ ਗਈ। ਘਟਨਾ ਦੇ ਵੀਡੀਓ ਵਾਇਰਲ ਹੋ ਰਹੇ ਹਨ, ਜਿਸ ਵਿਚ ਦੇਖਿਆ ਜਾ ਸਕਦਾ ਹੈ ਕਿ ਇਕ ਵਿਅਕਤੀ ਆਉਂਦਾ ਹੈ ਅਤੇ ਪਾਠ ਕਰ ਰਹੇ ਗ੍ਰੰਥੀ ਸਿੰਘਾਂ ਨੂੰ ਕੁੱਟਣਾ ਸ਼ੁਰੂ ਕਰ ਦਿੰਦਾ ਹੈ। ਇਸ ਸਮੇਂ ਗੁਰਦੁਆਰਾ ਸਾਹਿਬ ਵਿਚ ਸੰਗਤ ਵੀ ਮੌਜੂਦ ਸੀ। ਘਟਨਾ ਦੀ ਜਾਣਕਾਰੀ ਮਿਲਦਿਆਂ ਦੀ ਪੁਲਿਸ ਮੌਕੇ 'ਤੇ ਪਹੁੰਚੀ। ਸੰਗਤ ਨੇ ਮੁਲਜ਼ਮ ਨੂੰ ਫੜ ਕੇ ਉਸ ਦੀ ਕੁੱਟਮਾਰ ਕਰਕੇ ਪੁਲਿਸ ਹਵਾਲੇ ਕਰ ਦਿੱਤਾ ਹੈ। ਪੁਲਿਸ ਨੇ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

**ਬੇਅਦਬੀ ਮਾਮਲੇ ਵਿੱਚ ਧਰਨਾ ਪ੍ਰਦਰਸ਼ਨ**

ਬੇਅਦਬੀ ਮਾਮਲੇ ਦੇ ਰੋਸ ਵਿੱਚ ਨਿਹੰਗ ਸਿੰਘਾਂ ਵੱਲੋਂ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ ਤੇ ਰੋਸ ਵੱਜੋਂ ਮਰਿੰਡਾ ਵਿੱਚ ਰੋਡ ਜਾਮ ਕੀਤਾ ਗਿਆ। ਇਸੇ ਦੌਰਾਨ ਪ੍ਰਦਰਸ਼ਨ ਕਰ ਰਹੇ ਲੋਕਾਂ ਨਾਲ ਸ੍ਰੀ ਚਮਕੌਰ ਸਾਹਿਬ ਤੋਂ ਵਿਧਾਇਕ ਡਾ. ਚਰਨਜੀਤ ਸਿੰਘ ਨੇ ਵੇਰਕਾ ਚੌਂਕ ਮੋਰਿੰਡਾ ਪਹੁੰਚ ਕੇ ਮੁਲਾਕਾਤ ਕੀਤੀ। ਇਸ ਦੌਰਾਨ ਸਿੱਖ ਜਥੇਬੰਦੀਆਂ ਨੇ ਵਿਧਾਇਕ ਅੱਗੇ ਮੰਗ ਰੱਖੀ ਕਿ ਗੁਰਦੁਆਰਾ ਕਮੇਟੀ ਉੱਤੇ ਵੀ ਮਾਮਲਾ ਦਰਜ ਕੀਤਾ ਜਾਵੇ ਤੇ ਮੁਲਜ਼ਮ ਨੂੰ ਵੀ ਸਖ਼ਤ ਤੋਂ ਸਖ਼ਤ ਸਜਾ ਦਿੱਤੀ ਜਾਵੇ। ਇਸ ਮੌਕੇ ਉੱਤੇ ਪਹੁੰਚੇ ਵਿਧਾਇਕ ਡਾ. ਚਰਨਜੀਤ ਸਿੰਘ ਵੱਲੋ ਹਰ ਸੰਭਵ ਮਦਦ ਤੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਇਸ ਮਾਮਲੇ ਵਿੱਚ ਲੋਕਾਂ ਦੇ ਨਾਲ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਬਰਦਾਸ਼ਤ ਯੋਗ ਨਹੀਂ ਹੈ।

**ਦੋਸ਼ੀਆਂ ਨੂੰ ਦਿੱਤੀ ਜਾਵੇਗੀ ਸਖ਼ਤ ਸਜ਼ਾ : ਭਗਵੰਤ ਮਾਨ**

ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮਾਮਲੇ ਵਿੱਚ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਉਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਟਵੀਟ ਕਰਕੇ ਕਿਹਾ-ਮੋਰਿੰਡਾ ਦੇ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਵਾਪਰੀ ਘਟਨਾ ਬੇਹੱਦ ਨਿੰਦਣਯੋਗ ਹੈ ਅਤੇ ਇਸ ਘਟਨਾ ਲਈ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਜੋ ਕੋਈ ਵੀ ਨਿੰਦਾ ਦਾ ਕੰਮ ਕਰੇਗਾ ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ...ਸਾਡੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਸਭ ਤੋਂ ਪਹਿਲਾਂ ਹੈ...




**ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਜਤਾਈ ਚਿੰਤਾ**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਦੇ ਮੋਰਿੰਡਾ ਦੇ ਕੋਤਵਾਲੀ ਗੁਰਦੁਆਰੇ ਵਿੱਚ ਹੋਈ ਬੇਅਦਬੀ ਦੀ ਘਟਨਾ ਸਬੰਧੀ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਮੋਰਿੰਡਾ ਵਿਖੇ ਇੱਕ ਘਟੀਆ ਵਿਅਕਤੀ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ 'ਤੇ ਬੈਠੇ ਗ੍ਰੰਥੀ ਸਿੰਘ ਦੀ ਕੁੱਟਮਾਰ ਕਰਦਾ ਹੈ ਅਤੇ ਗੁਰੂ ਸਾਹਿਬ ਜੀ ਦੀ ਬੇਅਦਬੀ ਕਰਦਾ ਹੈ ਜੋ ਚਿੰਤਾ ਦਾ ਵਿਸ਼ਾ ਹੈ। ਦੋਸ਼ੀ ਖਿਲਾਫ਼ ਸਰਕਾਰ ਸਖ਼ਤ ਕਾਰਵਾਈ ਕਰੇ ਕਿਉਂਕਿ ਜਦੋਂ ਤੱਕ ਅਜਿਹੇ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਨਹੀਂ ਹੁੰਦੀ, ਬੇਅਦਬੀ ਦੀਆਂ ਘਟਨਾਵਾਂ ਨਹੀਂ ਰੁਕਣਗੀਆਂ।

**ਸ਼੍ਰੋਮਣੀ ਕਮੇਟੀ ਨੇ ਲਿਆ ਨੋਟਿਸ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੋਸ਼ੀ ਵਿਅਕਤੀ ਖਿਲਾਫ਼ ਸਖ਼ਤ ਤੇ ਮਿਸਾਲੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿੱਖਾਂ ਵਿੱਚ ਬਹੁਤ ਸਤਿਕਾਰ ਹੈ, ਪਰ ਦੁੱਖ ਦੀ ਗੱਲ ਹੈ ਕਿ ਬੇਅਦਬੀ/ਅਪਵਿੱਤਰ ਦੀਆਂ ਘਟਨਾਵਾਂ ਰੁਕ ਨਹੀਂ ਰਹੀਆਂ। ਧਾਮੀ ਨੇ ਕਿਹਾ ਕਿ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ ਦੋਸ਼ੀਆਂ ਖਿਲਾਫ ਕੀਤੀ ਗਈ ਢਿੱਲਮੱਠ ਕਾਰਨ ਅਜਿਹੀਆਂ ਤਾਕਤਾਂ ਨੂੰ ਹੌਸਲਾ ਮਿਲ ਰਿਹਾ ਹੈ। ਹਰਜਿੰਦਰ ਸਿੰਘ ਧਾਮੀ ਨੇ ਕਿਹਾ- ਜੇਕਰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ ਤਾਂ ਕੋਈ ਜੁਰਮ ਕਰਨ ਦੀ ਹਿੰਮਤ ਨਹੀਂ ਕਰੇਗਾ।

**ਕੈਪਟਨ ਅਮਰਿੰਦਰ ਨੇ ਕੀਤੀ ਕਾਰਵਾਈ ਦੀ ਕੀਤੀ ਮੰਗ**

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕਰਕੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਉਠਾਈ ਹੈ। ਕੈਪਟਨ ਨੇ ਇੱਕ ਟਵੀਟ ਵਿੱਚ ਕਿਹਾ- ਮੋਰਿੰਡਾ ਦੇ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਬੇਅਦਬੀ ਦੀ ਘਟਨਾ ਬੇਹੱਦ ਨਿੰਦਣਯੋਗ ਹੈ। ਮੈਂ ਪੰਜਾਬ ਪੁਲਿਸ ਨੂੰ ਅਪੀਲ ਕਰਦਾ ਹਾਂ ਕਿ ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ।

**ਸੁਖਬੀਰ ਬਾਦਲ ਨੇ 'ਆਪ' 'ਤੇ ਸਾਧਿਆ ਨਿਸ਼ਾਨਾ**

ਅਕਾਲੀ ਦਲ ਦੇ ਮੁਖੀ ਸੁਖਬੀਰ ਬਾਦਲ ਨੇ ਕਿਹਾ- ਇੰਝ ਜਾਪਦਾ ਹੈ ਕਿ ਮੋਰਿੰਡਾ ਵਿੱਚ ਬੇਅਦਬੀ ਦੀ ਨਿੰਦਣਯੋਗ ਕਾਰਵਾਈ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ, ਸਿੱਖਾਂ ਦੇ ਜਬਰ ਅਤੇ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਵਿੱਚ ਅਸਫਲ ਰਹਿਣ ਤੋਂ ਧਿਆਨ ਹਟਾਉਣ ਲਈ ਬੁਰੀ ਤਰ੍ਹਾਂ ਘਿਰੀ 'ਆਪ' ਸਰਕਾਰ ਦੀ ਇੱਕ ਚਾਲ ਹੈ। ਅਸਲ ਦੋਸ਼ੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ।

**ਰਵਨੀਤ ਬਿੱਟੂ ਨੇ ਸੰਗਤ ਨੂੰ ਸ਼ਾਂਤੀ ਬਣਾਈ ਰੱਖਣ ਦੀ ਕੀਤੀ ਅਪੀਲ**

ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਮੋਰਿੰਡਾ ਤੋਂ ਬੇਅਦਬੀ ਦੀ ਦੁਖਦਾਈ ਘਟਨਾ ਸਾਹਮਣੇ ਆਈ। 80-90 ਦੇ ਦਹਾਕੇ ਵਿਚ ਪੰਜਾਬ ਨੇ ਬਹੁਤ ਕਾਲਾ ਦੌਰ ਦੇਖਿਆ ਪਰ ਕਦੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਮੈਲੀ ਅੱਖ ਨਾਲ ਦੇਖਣ ਦੀ ਕਿਸੇ ਦੀ ਜੁਰਅਤ ਨਹੀਂ ਸੀ। ਕਦੇ ਸੋਚਿਆ ਨਹੀਂ ਸੀ ਕਿ ਪੰਜਾਬ ਦਾ ਮਾਹੌਲ ਅਜਿਹਾ ਹੋਵੇਗਾ ਕਿ ਏਹੋ ਜਿਹੇ ਪਾਪ ਹੋਣਗੇ। ਇਸ ਦੇ ਨਾਲ ਹੀ ਉਹਨਾਂ ਨੇ ਸੰਗਤ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ।

**ਦੋਸ਼ੀ ਮੰਦਬੁੱਧੀ ਨਹੀਂ, ਟਾਰਗੇਟ ਬਣਾ ਕੇ ਕੀਤੀ ਬੇਅਦਬੀ-ਚੰਨੀ**

ਇਸ ਮੌਕੇ ਸਾਬਕਾ ਸੀਐਮ ਚਰਨਜੀਤ ਸਿੰਘ ਚੰਨੀ ਵੀ ਮੌਕੇ ਉਤੇ ਪੁੱਜੇ। ਚੰਨੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿ ਇਹ ਬੰਦਾ ਕੋਈ ਮੰਦਬੁੱਧੀ ਨਹੀਂ ਹੈ। ਇਸ ਬੰਦੇ ਨੇ ਇੱਕ ਟਾਰਗੇਟ ਬਣਾ ਕੇ ਇਹ ਬੇਅਦਬੀ ਕੀਤੀ ਹੈ। ਚੰਨੀ ਨੇ ਕਿਹਾ ਕਿ ਇਹ ਸਭ ਕੁਝ ਇਕ ਸਾਜਿਸ਼ ਦੇ ਤਹਿਤ ਹੋਇਆ ਹੈ। ਚੰਨੀ ਨੇ ਕਿਹਾ ਕਿ ਮੈਂ ਸੰਗਤ ਦੇ ਫੈਸਲੇ ਨਾਲ ਹਾਂ।

**ਲਾਲਪੁਰਾ ਨੇ ਸਰਕਾਰ ਨੂੰ ਲਿੱਖਿਆ ਪੱਤਰ**

ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਲਾਲਪੁਰਾ ਨੇ ਸਰਕਾਰ ਨੂੰ ਪੱਤਰ ਲਿਖਿਆ ਹੈ ਜਿਸ ਵਿੱਚ ਉਨ੍ਹਾਂ ਇਸ ਘਟਨਾ ਦੀ ਨਿੰਦਾ ਕੀਤੀ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਵੀ ਨਿਸ਼ਾਨਾ ਸਾਧਦਿਆਂ ਕਿਹਾ ਕਿ ਜਦੋਂ ਤੋਂ ਪੰਜਾਬ 'ਚ 'ਆਪ' ਦੀ ਸਰਕਾਰ ਆਈ ਹੈ, ਸੂਬੇ 'ਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਨਾਲ ਵਿਗੜ ਚੁੱਕੀ ਹੈ। ਮੁੱਖ ਮੰਤਰੀ ਭਗਵੰਤ ਮਾਨ ਹਰ ਫਰੰਟ 'ਤੇ ਫੇਲ ਹੋ ਚੁੱਕੇ ਹਨ। ਤੁਹਾਡੀ ਅਗਵਾਈ ਵਿੱਚ ਪੰਜਾਬ ਦੇ ਹਾਲਾਤ ਬਹੁਤ ਨਾਜ਼ੁਕ ਹਨ। ਫੇਲ੍ਹ ਹੋਈ 'ਆਪ' ਸਰਕਾਰ ਨੂੰ ਪੰਜਾਬ ਜਲਦ ਹੀ ਮੂੰਹ ਤੋੜਵਾਂ ਜਵਾਬ ਦੇਵੇਗਾ। ਲਾਲਪੁਰਾ ਦਾ ਕਹਿਣਾ ਹੈ ਕਿ ਉਸ ਦਾ ਕਹਿਣਾ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਬਾਰੇ ਪਹਿਲਾਂ ਸੋਚਿਆ ਨਹੀਂ ਗਿਆ ਸੀ। ਜੇਕਰ ਸਰਕਾਰਾਂ ਪਹਿਲਾਂ ਹੀ ਗੰਭੀਰ ਹੁੰਦੀਆਂ ਅਤੇ ਕਥਿਤ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਤਾਂ ਇਨ੍ਹਾਂ ਘਟਨਾਵਾਂ ਤੋਂ ਬਚਿਆ ਜਾ ਸਕਦਾ ਸੀ।

ਦੂਜੇ ਪਾਸੇ ਕੁਝ ਸਾਲ ਪਹਿਲਾਂ ਸ੍ਰੀ ਕੇਸਗੜ੍ਹ ਸਾਹਿਬ ਵਿੱਚ ਵੀ ਬੇਅਦਬੀ ਦੀ ਘਟਨਾ ਵਾਪਰੀ ਸੀ। ਉਸ ਨੂੰ ਪਤਾ ਲੱਗਾ ਕਿ ਮੁਲਜ਼ਮ ਨੂੰ ਬਰੀ ਕਰ ਦਿੱਤਾ ਗਿਆ ਹੈ, ਇਹ ਘਟਨਾਵਾਂ ਚਿੰਤਾ ਦਾ ਵਿਸ਼ਾ ਹਨ।

**ਬੇਅਦਬੀ ਮਾਮਲੇ ਦੀ ਡੂੰਘਾਈ ਨਾਲ ਜਾਂਚ ਹੋਵੇ : ਕਾਲਕਾ**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਮੋਰਿੰਡਾ ਦੇ ਗੁਰਦੁਆਰਾ ਸਾਹਿਬ ਕੋਤਵਾਲੀ ਵਿਚ ਬੇਅਦਬੀ ਦੀ ਵਾਪਰੀ ਘਟਨਾ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਇਸ ਮਾਮਲੇ ਵਿਚ ਸਾਜ਼ਿਸ਼ ਦੇ ਪਹਿਲੂ ਦੀ ਵੀ ਡੂੰਘਾਈ ਨਾਲ ਜਾਂਚ ਕਰਵਾਈ ਜਾਵੇ ਅਤੇ ਮੌਜੂਦਾ ਮਾਮਲੇ ਦੇ ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ।







# ਪੰਥਕ ਢਾਡੀ ਜਥਾ ਭਾਈ ਪੂਰਨ ਸਿੰਘ ਅਰਸੀ ਸ੍ਰੀ ਅੰਮ੍ਰਿਤਸਰ ਵਾਲੇ ਨਿਊਯਾਰਕ 'ਚ



**ਨਿਊਯਾਰਕ–** ਸਤਿਗੁਰੂ ਹਰਿਗੋਬਿੰਦ ਸਿੰਘ ਮਹਾਰਾਜ ਜੀ ਦੇ ਦਰ ਦਾ ਪੰਥਕ ਢਾਡੀ ਜਥਾ ਭਾਈ ਪੂਰਨ ਸਿੰਘ ਅਰਸੀ ਸ੍ਰੀ ਅਮਿਰਤਸਰ ਵਾਲੇ ਨਿਊਯਾਰਕ 'ਚ ਅਪਣੇ ਸਾਥੀਆ ਸਾਰੰਗੀ ਮਾਸਟਰ ਸੀਤਲ ਸਿੰਘ ਸੀਤਲ, ਢਾਢੀ ਕੁਲਦੀਪ ਸਿੰਘ ਕੋਮਲ ਅਤੇ ਢਾਢੀ ਪਲਵਿੰਦਰ ਸਿੰਘ ਪ੍ਰੇਮੀ ਨਾਲ ਪਹੁੰਚੇ ਹਨ। ਇੱਥੇ ਵੱਖ ਵੱਖ ਗੁਰੂਘਰਾ ਵਿੱਚ ਸੰਗਤ ਨਾਲ ਗੁਰ ਇਤਿਹਾਸ ਦੀ ਸਾਂਝ ਪਾਉਂਦੇ ਅਸੀਸ ਪ੍ਰਾਪਤ ਕਰਨਗੇ। ਢਾਡੀ ਜਥੇ ਨਾਲ 929-519-1662 ਤੇ ਸੰਪਰਕ ਕੀਤਾ ਹਾਂ ਸਕਦਾ ਹੈ।

# ਨੌਜਵਾਨ ਸਭਾ ਨੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਪਿੰਡ ਜੰਡਿਆਲਾ ਵਿਖੇ ਮਨਾਇਆ

**ਜੰਡਿਆਲਾ–** ਨੌਜਵਾਨ ਸਭਾ ਨੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ 132 ਵਾਂ ਜਨਮ ਦਿਨ ਪਿੰਡ ਜੰਡਿਆਲਾ ਵਿਖੇ ਬਹੁਤ ਹੀ ਉਤਸ਼ਾਹ ਨਾਲ ਮਨਾਇਆ। ਸਵੇਰੇ ਦੇ 10 ਵਜੇ ਤੋਂ ਸ਼ਾਮ 4ਵਜੇ ਤੱਕ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੱਲੋਂ ਖ਼ੂਨਦਾਨ ਕੈਂਪ ਲਗਾਇਆ ਗਿਆ। ਰਾਤ ਨੂੰ ਪਹਿਲਾਂ ਤਾਂ ਜੀਵਨ ਮਹਿਮੀ ਜ਼ੋ ਕਿ ਇੱਕ ਮਿਸ਼ਨਰੀ ਗਾਇਕ ਹੈ। ਜੀਵਨ ਮਹਿਮੀ ਨੇ ਆਪਣੇ ਗੀਤਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਬਾਬਾ ਸਾਹਿਬ ਦੇ ਕ੍ਰਾਂਤੀਕਾਰੀ ਗੀਤ ਸੁਣਾ ਕੇ ਬਹੁਜਨ ਸਮਾਜ ਨੂੰ ਜਾਗਰੂਕ ਕੀਤਾ। ਇਸ ਤੋਂ ਬਾਅਦ ਬਲਵੀਰ ਸਿੰਘ ਸਾਬਕਾ ਸਰਪੰਚ ਪਿੰਡ ਲਾਦੀਆ ਨੇ ਸੰਬੋਧਨ ਕੀਤਾ। ਕਲਾਂ ਮੰਚ ਨਗਰ ਵਾਲਿਆਂ ਨੇ ਆਪਣੇ ਨਾਟਕਾਂ ਵਿੱਚ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਦੀ ਗੱਲ ਕੀਤੀ। ਇਸ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਮਨਾਉਣ ਲਈ ਰਾਕੇਸ਼ ਮਾਹੀ, ਸੋਮਾ ਪ੍ਰਧਾਨ, ਅਵਤਾਰ ਮਾਹੀ, ਪ੍ਰੇਮ ਚੰਦ, ਹਰਪ੍ਰੀਤ ਮਾਹੀ, ਹੈਪੀ ਕਰਨ ਮਹਿੰਮੀ, ਵਿੱਕੀ ਵੀਨੇ ਮਹਿੰਮੀ, ਲਖਵਿੰਦਰ ਬੰਗਾ, ਗੱਗਾ ਦੀਪਾ ਮਾਹੀ, ਹਨੀ ਮਹਿੰਮੀ, ਅਮਨਦੀਪ ਮਹਿੰਮੀ, ਅਜੈ ਮਾਹੀ, ਜੀਵਨ ਮਹਿੰਮੀ, ਰਾਜਾ ਮਾਹੀ ਅਤੇ ਲੱਖਾਂ ਬੰਗਾ ਦੀ ਵਿਸ਼ੇਸ਼ ਤੌਰ ਤੇ ਇਸ ਪ੍ਰੋਗਰਾਮ ਨੂੰ ਕਰਨ ਲਈ ਨੱਠ ਭੱਜ ਕੀਤੀ। ਪਿੰਡ ਦੀ ਸਮੂਹ ਸੰਗਤ ਉਥੇ ਹਾਜ਼ਰ ਸੀ।



**– ਚਰਨਜੀਤ ਸੱਲ੍ਹਾ**

# ਬੇ-ਏਰੀਆ ਸੀਨੀਅਰ ਖੇਡਾਂ ਵਿੱਚ ਪੰਜਾਬੀ ਚੋਬਰਾਂ ਨੇ ਵਿਖਾਏ ਜੌਹਰ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਸੈਨ-ਮਟਿ (ਕੈਲੇਫੋਰਨੀਆਂ)–** ਸਥਾਨਿਕ ਸੈਨ-ਮਟਿਓ ਸਿਟੀ ਕਾਲਜ ਵਿੱਚ ਬੇ-ਏਰੀਆ ਸੀਨੀਅਰ ਖੇਡਾਂ ਦਾ ਅਯੋਜਨ ਕੀਤਾ ਗਿਆ। ਇਹਨਾਂ ਖੇਡਾਂ ਵਿੱਚ ਪੂਰੇ ਅਮੈਰਿਕਾ ਤੋਂ ਸੀਨੀਅਰ ਖਿਡਾਰੀ ਭਾਗ ਲੈਣ ਵਾਸਤੇ ਪਹੁੰਚੇ ਹੋਏ ਸਨ।ਇਹ ਖੇਡਾਂ ਕਾਲਜ ਦੇ ਟ੍ਰੈਕ ਐਂਡ ਫੀਲਡ ਖੇਤਰ ਵਿੱਚ ਕਰਵਾਈਆਂ ਗਈਆਂ। ਇਹਨਾਂ ਖੇਡਾਂ ਵਿੱਚ ਹਰ ਉਮਰ ਵਰਗ ਦੇ 150 ਪੁਰਸ਼ ਅਤੇ ਔਰਤਾਂ ਨੇ ਭਾਗ ਲਿਆ। ਜ਼ਿਆਦਾਤਰ ਭਾਗੀਦਾਰ ਕੈਲੀਫੋਰਨੀਆ ਦੇ ਸਨ।

ਫਰਿਜ਼ਨੋ ਤੋਂ ਗੁਰਬਖਸ਼ ਸਿੱਧੂ ਨੇ ਥਰੋਅ ਵਿੱਚ ਹਿੱਸਾ ਲਿਆ। ਉਹਨਾਂ ਨੇ ਹੈਮਰ ਥਰੋਅ ਵਿੱਚ 39:92 ਮੀਟਰ ਲਗਭਗ 131 ਫੁੱਟ ਦੀ ਦੂਰੀ ਨਾਲ ਗੋਲਡ



ਮੈਡਲ ਜਿੱਤਿਆ। ਡਿਸਕਸ਼ਨ ਥਰੋਅ ਵਿੱਚ 32:75 ਮੀਟਰ 106 ਫੁੱਟ ਦੀ ਦੂਰੀ ਨਾਲ ਸੋਨ ਤਗਮਾ ਅਤੇ ਸ਼ਾਟ ਪੁਟ ਵਿੱਚ 8:81 ਮੀਟਰ ਲਗਭਗ 28 ਫੁੱਟ ਦੀ ਦੂਰੀ ਨਾਲ ਚਾਂਦੀ ਦਾ ਤਗਮਾ ਜਿੱਤਿਆ।

ਫਰਿਜ਼ਨੋ ਦੇ 56 ਸਾਲ ਦੇ ਨੌਜਵਾਨ ਕਮਲਜੀਤ ਬੈਨੀਪਾਲ ਨੇ 800 ਮੀਟਰ ਦੌੜ ਵਿੱਚ 3:03:00 ਮਿੰਟ ਦੇ ਸਮੇਂ ਵਿੱਚ ਸਿਲਵਰ ਮੈਡਲ ਜਿੱਤਿਆ। ਉਸਨੇ 400 ਮੀਟਰ ਦੀ ਦੌੜ ਵਿੱਚ ਵੀ ਹਿੱਸਾ ਲਿਆ ਅਤੇ ਆਪਣੀ ਉਮਰ ਵਰਗ ਵਿੱਚ 1:16:00 ਮਿੰਟ ਦੇ ਸਮੇਂ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ। ਇੱਥੇ ਇਹ ਗੱਲ ਵੀ ਜਿਕਰਯੋਗ ਹੈ ਕਿ ਫਰਿਜ਼ਨੋ ਗੁਰਬਖਸ਼ ਸਿੰਘ ਸਿੱਧੂ ਪਹਿਲਾਂ ਵੀ ਸੀਨੀਅਰ ਗੇਮਾਂ ਵਿੱਚ ਮੈਡਲ ਜਿੱਤਕੇ ਪੰਜਾਬੀ ਭਾਈਚਾਰੇ ਦਾ ਨਾਮ ਉੱਚਾ ਕਰ ਚੁੱਕੇ ਹਨ।



ਸਰਕਾਰੀ ਮਿਡਲ ਸਕੂਲ, ਮੱਟਰਾਂ (ਸੰਗਰੂਰ) ਦੇ ਵਿਦਿਆਰਥੀ ਦੁਆਰਾ ਤਿਆਰ ਕੀਤੀ ਇਕ ਪੇਂਟਿੰਗ।

**ਤਸਵੀਰ– ਚਮਨਦੀਪ ਸਰਮਾ**




# ਕੂਦੂਜ਼ ਦੇ ਵਿਸਾਖੀ ਮੇਲੇ 'ਤੇ ਸੱਭਿਆਚਾਰਕ ਪ੍ਰੋਗਰਾਮ ਅਤੇ ਕਬੱਡੀ ਦੇ ਹੋਏ ਮੈਚ

## "ਮੇਲੇ 'ਤੇ ਚਮਕਿਆ ਖਾਲਸਾਈ ਰੰਗ"













**ਫਰਿਜ਼ਨੋ, ਕੈਲੇਫੋਰਨੀਆਂ (ਗੁਰਿੰਦਰਜੀਤ ਨੀਟਾ ਮਾ-ਛੀਕੇ / ਕੁਲਵੰਤ ਧਾਲੀਆਂ)–** ਫਰਿਜਨੋ ਦੇ ਲਾਗਲੇ ਸ਼ਹਿਰ ਕੂਦੂਜ਼ ਦੇ ਗੁਰਦਵਾਰਾ ਪੈਸੇਫਿੱਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ ਵਿਖੇ ਉੱਘੇ ਕਿਰਸਾਨ ਸੌਗੀ ਕਿੰਗ, ਸ. ਚਰਨਜੀਤ ਸਿੰਘ ਬਾਠ ਅਤੇ ਸਹਿਯੋਗੀ ਸੱਜਣਾਂ ਦੇ ਸਹਿਯੋਗ ਨਾਲ 30ਵਾਂ ਸਲਾਨਾ ਵਿਸਾਖੀ ਮੇਲਾ ਬੜੀ ਧੂੰਮ-ਧਾਮ ਨਾਲ ਮਨਾਇਆ ਗਿਆ। ਮੇਲੇ ਵਿੱਚ ਲਾਲ, ਨੀਲੀਆਂ, ਕੇਸਰੀ ਦਸਤਾਰਾਂ ਅਤੇ ਦੁਪੱਟੇ ਖਾਲਸਾਈ ਜਾਹੋ ਜਲਾਲ ਵਿੱਚ ਰੰਗੇ ਕਿੱਸੇ ਪੰਜਾਬ ਦੇ ਇਤਿਹਾਸਕ ਸਥਾਨ ਦਾ ਭੁਲੇਖਾ ਪਾ ਰਹੇ ਸਨ। ਇਸ ਮੌਕੇ ਵਿਸ਼ੇਸ਼ ਦੀਵਾਨ ਸਜਾਏ ਗਏ, ਜਿੱਥੇ ਬਹੁਤ ਸਾਰੇ ਕੀਰਤਨੀਏ ਜਥੇ ਸੰਗਤਾਂ ਨੂੰ ਅਨੰਦਮਈ ਕੀਰਤਨ ਸਰਵਨ ਕਰਵਾ ਰਹੇ ਸਨ। ਇਸ ਮੌਕੇ ਕਥਾਵਾਚਕਾਂ ਨੇ ਸ਼ਬਦ ਗੁਰੂ ਨਾਲ ਸੰਗਤਾਂ ਨੂੰ ਜੋੜਿਆ। ਸੁਆਦਿਸ਼ਟ ਛੱਤੀ ਪ੍ਰਕਾਰ ਦੇ ਭੋਜਨ ਦਾ ਸੰਗਤਾਂ ਲੰਗਰਾਂ ਵਿੱਚ ਅਨੰਦ ਮਾਣ ਰਹੀਆਂ ਸਨ। ਗੁਰਦਵਾਰਾ ਸਹਿਬ ਦੀਆਂ ਗਰਾਉਂਡਾ ਵਿੱਚ ਝੂਲੇ ਆਦਿ ਬੱਚਿਆਂ ਲਈ ਖਾਸ ਅਕਰਸ਼ਕ ਰਹੇ। ਬੱਚਿਆਂ ਦੀਆਂ ਦੌੜਾਂ ਕਰਵਾਈਆਂ ਗਈਆ। ਬਾਸਕਟਵਾਲ ਦੇ ਮੈਚ ਹੋਏ। ਰੱਸਾਕਸ਼ੀ ਦੇ ਜੌਹਰ ਵੇਖਣ ਨੂੰ ਮਿਲੇ। ਇਸ ਮੌਕੇ ਸੱਭਿਆਚਾਰ ਸਟੇਜ ਦਾ ਅਗਾਜ਼ ਰਾਜ ਬਰਾੜ ਨੇ ਵਿਸਾਖੀ ਨੂੰ ਸਮਰਪਿਤ ਗੀਤ ਨਾਲ ਕੀਤਾ। ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਨੇ ਖ਼ਾਲਸੇ ਦੇ ਸਾਜਨਾਂ ਦਿਵਸ ਨੂੰ ਸਮਰਪਿਤ ਭਾਸ਼ਨ ਕੀਤੇ। ਜੀ. ਐਚ. ਜੀ, ਭੰਗੜਾ ਕੂਈਨਜ਼, ਸ਼ਾਨੇ ਭੰਗੜਾ, ਸੈਂਟਰਲਵੈਲੀ ਭੰਗੜਾ, ਸਿਰ ਦਾ ਤਾਜ਼ ਨੇ ਧੀਆਂ, ਸਹੇਲੀਆਂ ਆਦਿ ਦੀਆਂ ਗਿੱਧੇ ਭੰਗੜੇ ਦੀਆਂ ਟੀਮਾਂ ਨੇ ਖ਼ੂਬ ਰੰਗ ਬੰਨਿਆ। ਇਸ ਮੌਕੇ ਨਿਹਚਲ ਅਟਵਾਲ ਦੀ ਸੋਲੋ ਪ੍ਰਫੌਰਮੈਂਸ ਬੇਹੱਦ ਪਸੰਦ ਕੀਤਾ ਗਿਆ। ਇਸ ਸਮਾਗਮ ਦੌਰਾਨ ਸ. ਚਰਨਜੀਤ ਸਿੰਘ ਬਾਠ ਨੇ ਸ਼ੈਰਿਫ ਡੀਪਾਰਟਮੈਂਟ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਗੁਰਦਵਾਰਾ ਨਾਨਕ ਪ੍ਰਕਾਸ਼ ਫਰਿਜਨੋ ਦੇ ਗੱਤਕਾ ਟੀਮ ਦੇ ਮੈਂਬਰਾਂ ਨੇ ਦਿਲਕਸ਼ ਗੌਤਕੇ ਦੇ ਜੌਹਰ ਵਿਖਾਕੇ ਮਹੌਲ ਨੂੰ ਖਾਲਸਾਈ ਰੰਗ ਵਿੱਚ ਰੰਗਿਆ। ਸਟੇਜ ਸੰਚਾਲਨ ਸ. ਬਲਵੀਰ ਸਿੰਘ ਢਿੱਲੋ ਅਤੇ ਡਾ. ਮਨਰੀਤ ਕੌਰ ਨੇ ਬਾਖ਼ੂਬੀ ਕੀਤਾ। ਮੇਲੇ ਵਿੱਚ ਲੱਗੇ ਹੋਏ ਸਟਾਲਾਂ ਤੋਂ ਲੋਕ ਵੱਖੋ ਵੱਖ ਜਾਣਕਾਰੀ ਲੈ ਰਹੇ ਸਨ। ਫਾਰਮਰ ਅਜੀਤ ਸਿੰਘ ਗਿੱਲ ਅਤੇ ਸਹਿਯੋਗੀਆਂ ਵੱਲੋਂ ਮੁੱਫਤ ਦਸਤਾਰਾਂ ਸਜਾਈਆਂ ਜਾ ਰਹੀਆ ਸਨ। ਇਸ ਮੌਕੇ ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਦੇ ਪੱਤਰਕਾਰ ਕੁਲਵੰਤ ਧਾਲੀਆਂ ਅਤੇ ਨੀਟਾ ਮਾਛੀਕੇ ਨੂੰ ਸਨਮਾਨਿਤ ਕੀਤਾ ਗਿਆ। ਉਪਰੰਤ ਲੋਕਲ ਕਬੱਡੀ ਦੇ ਮੈਚ ਹੋਏ, ਜਿਹੜੇ ਦਰਸ਼ਕਾਂ ਨੇ ਬੜੇ ਉਤਸ਼ਾਹ ਨਾਲ ਵੇਖੇ।

ਪੰਜਾਬੀ ਭਾਈਚਾਰੇ ਦਾ ਮਾਣ ਕਬੱਡੀ ਕੁਮੈਂਟੇਟਰ ਰਾਜਵਿੰਦਰ ਰੰਡਿਆਲਾ ਨੇ ਲੰਮੇ ਸਮੇਂ ਬਾਅਦ ਕਬੱਡੀ ਗਰਾਉਂਡ ਵਿੱਚ ਹਾਜ਼ਰੀ ਭਰੀ, ਉਹਨਾਂ ਆਪਣੇ ਨਵੇਂ ਸ਼ੇਅਰਾਂ ਨਾਲ ਖ਼ੂਬ ਰੰਗ ਬੰਨਿਆ। ਕਬੱਡੀ ਮੈਚਾਂ ਦੀ ਕਮੈਂਟਰੀ ਸੁਚੱਜੇ ਢੰਗ ਨਾਲ ਕੁਮੈਂਟੇਟਰ ਸਵਰਨ ਸਿੰਘ ਨੇ ਕੀਤੀ। ਅਖੀਰ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ ਖਾਲਸਾਈ ਜਾਹੋ ਜਲਾਲ ਵਿੱਚ ਗੜੁੱਚ ਇਹ ਵਿਸਾਖੀ ਮੇਲਾ ਯਾਦਗਾਰੀ ਹੋ ਨਿੱਬੜਿਆ। ਇਸ ਮੌਕੇ ਚਰਨਜੀਤ ਸਿੰਘ ਬਾਠ ਅਤੇ ਸਹਿਯੋਗੀ ਸੱਜਣਾਂ ਨੇ ਸਮੂਹ ਸਿੱਖ ਜਗਤ ਨੂੰ ਵਿਸਾਖੀ ਦੇ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ ਅਤੇ ਸਮੂੰਹ ਸੰਗਤ ਦਾ ਮੇਲੇ ਨੂੰ ਕਾਮਯਾਬ ਕਰਨ ਲਈ ਧੰਨਵਾਦ ਕੀਤਾ।

ਇਸ ਮੌਕੇ ਮੇਲੇ ਦੇ ਚੰਗੇ ਪ੍ਰਬੰਧਾਂ ਲਈ ਹਰ ਕੋਈ ਪ੍ਰਬੰਧਕ ਵੀਰਾਂ ਦੀ ਪ੍ਰਸੰਸਾ ਕਰਦਾ ਨਜ਼ਰ ਆਇਆ। ਜਿੰਨਾਂ ਸੱਜਣਾਂ ਦੇ ਸਹਿਯੋਗ ਨਾਲ ਮੇਲਾ ਕਾਮਯਾਬ ਹੋਇਆ, ਉਹਨਾਂ ਦੇ ਨਾਮ ਇਸ ਪ੍ਰਕਾਰ ਹਨ- ਚਰਨਜੀਤ ਸਿੰਘ ਬਾਠ, ਸਰਵਨ ਸਿੰਘ ਪੁਰੇਵਾਲ, ਸ਼ਰਨਜੀਤ ਸਿੰਘ ਪੁਰੇਵਾਲ, ਸੋਹਿੰਦਰ ਸਿੰਘ ਅਟਵਾਲ, ਕੁਲਵੰਤ ਸਿੰਘ ਗਿੱਲ, ਬਹਾਦਰ ਸਿੰਘ ਮਾਹਲ, ਜੋਗਿੰਦਰ ਸਿੰਘ ਧਾਲੀਵਾਲ, ਜਗਜੀਤ ਸਿੰਘ ਸੰਘੇੜਾ, ਗੁਰਦੇਵ ਸਿੰਘ ਸ਼ੇਰਗਿੱਲ, ਨਿਰਮਲ ਸਿੰਘ ਗਿੱਲ, ਜੋਹਣਾ ਸੰਧੂ, ਮੋਨਾ ਸੰਧੂ, ਬਲਜੀਤ ਸਿੰਘ ਅਟਵਾਲ, ਬਲਵੀਰ ਕੌਰ ਅਟਵਾਲ, ਹੈਰੀ ਬਰਾੜ, ਟੀਨਾ ਬਰਾੜ, ਜਸਵੀਰ ਸਿੰਘ ਗੋਸਲ, ਦੀਪਇੰਦਰ ਕੌਰ ਗੋਸਲ, ਬਲਜਿੰਦਰ ਸਿੰਘ ਗਰੇਵਾਲ, ਪਵਣ ਕੌਰ ਗਰੇਵਾਲ, ਜੁਗਿੰਦਰ ਸਿੰਘ ਥਿੰਦ (ਬਿੱਲੂ), ਨਵਕਿਰਨ ਕੌਰ ਥਿੰਦ, ਮੰਗਲ ਸਿੰਘ ਜੌਹਲ, ਕੁਲਵੰਤ ਸਿੰਘ ਧਾਮੀ, ਜਰਨੈਲ ਸਿੰਘ ਉੱਪਲ (ਜੈਰੀ), ਰਾਣਾ ਬਲੱਗਣ, ਕੰਵਰ ਸਿੰਘ ਬਾਠ, ਕਰਨੈਲ ਸਿੰਘ ਸੰਧਰ, ਹਰਪਾਲ ਸਿੰਘ ਮੁੰਡੀ, ਕਰਨਵੀਰ ਸਿੰਘ, ਜਸਵੰਤ ਸਿੰਘ ਸਿੱਧੂ, ਡਾ. ਨਵਜੋਤ ਸਿੰਘ ਸਹੋਤਾ, ਜੋਤੀ ਸਹੋਤਾ, ਅਤੇ ਬਲਬੀਰ ਸਿੰਘ ਢਿੱਲੋ ਆਦਿ। ਇੱਥੇ ਇਹ ਵੀ ਗੱਲ ਜਿਕਰਯੋਗ ਹੈ ਕਿ ਇਹ ਬੱਚਿਆਂ ਦਾ ਵਿਸਾਖੀ ਮੇਲਾ ਹਰ ਸਾਲ ਅਪ੍ਰੈਲ ਮਹੀਨੇ ਦੇ ਤੀਜੇ ਐਤਵਾਰ, ਸੈਲਮਾਂ ਸ਼ਹਿਰ ਦੇ ਨਗਰ ਕੀਰਤਨ ਤੋਂ ਮਗਰੋਂ ਇੱਕ ਹਫ਼ਤੇ ਬਾਅਦ ਜੋ ਐਤਵਾਰ ਆਉਂਦਾ ਹੈ, ਉਸ ਦਿਨ ਮਨਾਇਆ ਜਾਂਦਾ ਹੈ।


"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ

ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਪੀਐਮ ਮੋਦੀ ਨੇ ਸੂਡਾਨ 'ਚ ਫਸੇ ਭਾਰਤੀਆਂ ਦੀ ਸੁਰੱਖਿਆ ਨੂੰ ਲੈ ਕੇ ਦਿੱਤੇ ਨਿਰਦੇਸ਼

**ਨਵੀਂ ਦਿੱਲੀ**–ਸੂਡਾਨ ਦੀ ਰਾਜਧਾਨੀ ਖਾਰਤੂਮ ਸਮੇਤ ਦੇਸ਼ ਦੇ ਹੋਰ ਹਿੱਸਿਆਂ 'ਚ ਹੋਈ ਹਿੰਸਾ ਵਿਚ ਇਕ ਭਰਤੀ ਸਮੇਤ 300 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਿੰਸਾ ਪ੍ਰਭਾਵਿਤ ਸੂਡਾਨ 'ਚ ਫਸੇ ਭਾਰਤੀਆਂ ਦੀ ਸਥਿਤੀ ਦੀ ਸਮੀਖਿਆ ਕਰਨ ਲਈ ਸ਼ੁੱਕਰਵਾਰ ਨੂੰ ਉੱਚ ਪੱਧਰੀ ਬੈਠਕ ਦੀ ਪ੍ਰਧਾਨਗੀ ਕੀਤੀ। ਬੈਠਕ ਵਿਚ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ, ਹਵਾਈ ਫੌਜ ਤੇ ਸਮੁੰਦਰੀ ਫੌਜ ਦੇ ਮੁਖੀ, ਵਿਦੇਸ਼ ਤੇ ਰੱਖਿਆ ਮੰਤਰਾਲਾ ਦੇ ਉੱਚ ਅਧਿਕਾਰੀਆਂ ਤੋਂ ਇਲਾਵਾ ਸੀਨੀਅਰ ਡਿਪਲੋਮੈਟ ਡਿਜੀਟਲ ਤਰੀਕੇ ਨਾਲ ਸ਼ਾਮਲ ਹੋਏ। ਜੈਸ਼ੰਕਰ ਇਸ ਵੇਲੇ ਗੁਆਨਾ ਦੇ ਦੌਰੇ 'ਤੇ ਹਨ।



ਵਿਦੇਸ਼ ਮੰਤਰਾਲਾ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਸੀ ਕਿ 4-5 ਦਿਨ ਬਾਅਦ ਵੀ ਸੰਘਰਸ਼ ਘੱਟ ਨਹੀਂ ਹੋਇਆ, ਲੜਾਈ ਜਾਰੀ ਹੈ ਅਤੇ ਸਥਿਤੀ ਤਣਾਅ ਭਰੀ ਹੈ। ਅਸੀਂ ਭਾਰਤੀਆਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਜਿੱਥੇ ਹਨ, ਉੱਥੇ ਹੀ ਰਹਿਣ ਅਤੇ ਬਾਹਰ ਨਾ ਨਿਕਲਣ। ਇਹ ਹਿੰਸਾ ਦੇਸ਼ ਵਿਚ ਸੂਡਾਨ ਦੀ ਨਿਯਮਿਤ ਫੌਜ ਤੇ 'ਰੈਪਿਡ ਸੁਪੋਰਟ ਫੋਰਸਿਜ਼' ਨਾਂ ਦੀ ਪੈਰਾਮਿਲਟਰੀ ਫੋਰਸ ਦਰਮਿਆਨ ਟਕਰਾਅ ਕਾਰਨ ਹੋਈ ਹੈ। ਭਾਰਤ ਨੇ ਕਿਹਾ ਸੀ ਕਿ ਸੂਡਾਨ 'ਚ ਸਥਿਤੀ ਬਹੁਤ ਤਣਾਅ ਭਰੀ ਹੈ ਅਤੇ ਉਹ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਅਮਰੀਕਾ, ਬ੍ਰਿਟੇਨ, ਸਾਊਦੀ ਅਰਬ ਤੇ ਮਿਸਰ ਸਮੇਤ ਵੱਖ-ਵੱਖ ਦੇਸ਼ਾਂ ਨਾਲ ਤਾਲਮੇਲ ਕਰ ਰਿਹਾ ਹੈ।

# ਜਲੰਧਰ ਲੋਕ ਸਭਾ ਸੀਟ 'ਤੇ ਪ੍ਰਚਾਰ ਕਰ ਰਹੇ ਨੇ ਮੁੱਖ ਮੰਤਰੀ ਤੇ ਸਾਬਕਾ ਮੁੱਖ ਮੰਤਰੀ

**ਲੁਧਿਆਣਾ**– ਜਲੰਧਰ ਲੋਕ ਸਭਾ ਸੀਟ 'ਤੇ ਹੋਣ ਵਾਲੀ ਜ਼ਿਮਨੀ ਚੋਣ ਦੌਰਾਨ ਸਾਰੀਆਂ ਪਾਰਟੀਆਂ ਦੇ ਮੌਜੂਦਾ ਅਤੇ ਸਾਬਕਾ ਵਿਧਾਇਕਾਂ, ਮੰਤਰੀਆਂ ਅਤੇ ਸੰਸਦ ਮੈਂਬਰਾਂ ਦੀ ਭੀੜ ਨਜ਼ਰ ਆ ਰਹੀ ਹੈ। ਉੱਥੇ ਹੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਜਲੰਧਰ ਲੋਕ ਸਭਾ ਸੀਟ 'ਤੇ ਮੌਜੂਦਾ ਅਤੇ ਸਾਬਕਾ ਮੁੱਖ ਮੰਤਰੀਆਂ ਦਾ ਜਮਾਵੜਾ ਦੇਖਣ ਨੂੰ ਮਿਲ ਰਿਹਾ ਹੈ। ਇਨ੍ਹਾਂ ਵਿਚੋਂ ਸਭ ਤੋਂ ਅਹਿਮ ਨਾਂ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਹੈ, ਜੋ ਲਗਾਤਾਰ ਜਲੰਧਰ ਵਿਚ ਦਸਤਕ ਦੇ ਰਹੇ ਹਨ। ਇਸ ਸ਼੍ਰੇਣੀ ਵਿਚ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਅਤੇ ਚਰਨਜੀਤ ਚੰਨੀ ਦਾ ਨਾਂ ਸ਼ਾਮਲ ਹੈ, ਜੋ ਕਿ ਪਾਰਟੀ ਉਮੀਦਵਾਰ ਦੇ ਹੱਕ ਵਿਚ ਪ੍ਰਚਾਰ ਕਰਨ ਲਈ ਜਲੰਧਰ ਆ ਰਹੇ ਹਨ। ਇਸ ਤੋਂ ਇਲਾਵਾ ਭਾਜਪਾ ਵੱਲੋਂ ਪੰਜਾਬ ਦੇ ਇੰਚਾਰਜ ਲਾਏ ਗਏ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਣੀ ਵੀ ਪੱਕੇ ਤੌਰ 'ਤੇ ਜਲੰਧਰ 'ਚ ਡੇਰਾ ਲਾ ਕੇ ਬੈਠੇ ਹੋਏ ਹਨ। ਜਿੱਥੇ ਤੱਕ ਪੰਜਾਬ ਦੇ ਹੋਰ ਸਾਬਕਾ ਮੁੱਖ ਮੰਤਰੀਆਂ ਦਾ ਸਵਾਲ ਹੈ, ਉਨ੍ਹਾਂ 'ਚ ਪ੍ਰਕਾਸ਼ ਸਿੰਘ ਬਾਦਲ ਹਸਪਤਾਲ 'ਚ ਦਾਖ਼ਲ ਹਨ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਭਾਜਪਾ ਉਮੀਦਵਾਰ ਦੇ ਸਮਰਥਨ 'ਚ ਜਲੰਧਰ ਆਉਣ ਨੂੰ ਲੈ ਕੇ ਵੀ ਸਸਪੈਂਸ ਬਰਕਰਾਰ ਹੈ।



ਹਾਲਾਂਕਿ ਕਾਂਗਰਸ ਵੱਲੋਂ ਜਾਰੀ ਕੀਤੀ ਗਈ ਸਟਾਰ ਪ੍ਰਚਾਰਕਾਂ ਦੀ ਸੂਚੀ ਵਿਚ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ, ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸੁੱਖੂ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਦਾ ਨਾਂ ਸ਼ਾਮਲ ਕੀਤਾ ਗਿਆ ਹੈ। ਇਸੇ ਤਰ੍ਹਾਂ ਭਾਜਪਾ ਉਮੀਦਵਾਰ ਦੇ ਹੱਕ ਵਿਚ ਪ੍ਰਚਾਰ ਕਰਨ ਲਈ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ, ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਜੈ ਰਾਮ ਠਾਕੁਰ ਤੋਂ ਇਲਾਵਾ ਅਕਾਲੀ ਦਲ-ਬਸਪਾ ਦੇ ਉਮੀਦਵਾਰ ਲਈ ਵੋਟ ਮੰਗਣ ਸਾਬਕਾ ਮੁੱਖ ਮੰਤਰੀ ਮਾਇਆਵਤੀ ਦੇ ਵੀ ਜਲੰਧਰ ਆਉਣ ਦੀ ਸੂਚਨਾ ਸੁਣਨ ਨੂੰ ਮਿਲ ਰਹੀ ਹੈ।

# ਆਜ਼ਾਦੀ ਤੋਂ ਬਾਅਦ ਵੀ ਪੰਜਾਬ ਦੇ ਇੰਨ੍ਹਾਂ ਲੋਕਾਂ ਨੂੰ ਨਹੀਂ ਮਿਲੀ ਆਜ਼ਾਦੀ

**ਗੁਰਦਾਸਪੁਰ**– ਆਜ਼ਾਦੀ ਮਗਰੋਂ ਪੰਜਾਬ ਦੇ ਕੁੱਝ ਪਿੰਡ ਅਜਿਹੇ ਹਨ ਜਿੱਥੋਂ ਦੇ ਲੋਕਾਂ ਆਪਣੇ ਆਜ਼ਾਦ ਹੋਣ ਉੱਤੇ ਮਾਣ ਮਹਿਸੂਸ ਨਹੀਂ ਕਰ ਸਕਦੇ। ਵਿਕਾਸ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਨ ਵਾਲੀਆਂ ਸਿਆਸੀ ਪਾਰਟੀਆਂ ਨੇ ਕਦੇ ਵੀ ਇੰਨ੍ਹਾਂ ਪਿੰਡਾਂ ਦੇ ਲੋਕਾਂ ਬਾਰੇ ਸੋਚਿਆ ਹੀ ਨਹੀਂ। ਜਿਸ ਕਾਰਨ ਇੰਨ੍ਹਾਂ ਲੱਗਦਾ ਕਿ ਸ਼ਾਇਦ ਇਹ ਪੰਜਾਬ ਦੇ ਹਿੱਸਾ ਹੀ ਨਹੀਂ। ਇਹੋ ਜਿਹੇ ਹਾਲਾਤ ਹਲਕਾ ਦੀਨਾਨਗਰ ਨਾਲ ਸਬੰਧਿਤ ਅੱਧੀ ਦਰਜ਼ਨ ਤੋਂ ਵੱਧ ਰਾਵੀ ਦਰਿਆ ਪਾਰ ਵੱਸੇ ਪਿੰਡ ਤੂਰ, ਚੇਬੇ, ਲਸਿਆਣ, ਭਰਿਆਲ, ਮੰਮੀਆ, ਚੰਕਰਾਜਾ ਆਦਿ ਲੋਕਾਂ ਦੇ ਹਨ। ਭਾਵੇਂ ਪੰਜਾਬ ਸਰਕਾਰ ਦੀ ਗੱਲ ਕੀਤੇ ਜਾਵੇ ਜਾਂ ਕੇਂਦਰ ਸਰਕਾਰ ਦੀ ਕਿਸੇ ਨੇ ਵੀ ਇੰਨ੍ਹਾਂ ਪਿੰਡਾਂ ਵੱਲ ਕਦੇਂ ਧਿਆਨ ਦੇਣ ਦੀ ਖੇਚਲ ਨਹੀਂ ਕੀਤੀ ਕਿ ਇਹ ਲੋਕ ਕਿਵੇਂ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ। ਬੇਸ਼ੱਕ ਵਿਕਾਸ ਅਤੇ ਆਤਮ ਨਿਰਭਰ ਦੀਆਂ ਵੱਡੀਆਂ ਵੱਡੀਆਂ ਗੱਲਾਂ ਕੀਤੀਅ ਜਾਂਦੀ ਹਨ ਪਰ ਅੱਜ ਵੀ ਇਹ ਲੋਕ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ।



ਜੇਕਰ ਰਾਵੀ ਦਰਿਆ ਦੇ ਦੂਜੇ ਪਾਸੇ ਵੱਸੇ ਲੋਕਾਂ ਦੀ ਗੱਲ ਕੀਤੀ ਜਾਵੇ ਤਾਂ ਇਨਾਂ ਪਿੰਡਾਂ ਦਾ ਭਾਰਤ ਨਾਲੋਂ ਕਰੀਬ 4-5 ਮਹੀਨੇ ਲਿੰਕ ਟੁੱਟ ਜਾਂਦਾ ਹੈ ਅਤੇ ਇੱਕ ਟਾਪੂ ਦੀ ਤਰ੍ਹਾਂ ਜੀਵਨ ਬਤੀਤ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ ਕਿਉਂਕਿ ਜੋ ਵਿਭਾਗ ਵੱਲੋਂ ਆਰਜੀ ਪੁੱਲ ਬਣਾਇਆ ਹੁੰਦਾ ਹੈ ਉਸ ਨੂੰ ਬਰਸਾਤ ਦੇ ਦਿਨਾਂ ਵਿਚ ਚੁੱਕ ਲਿਆ ਜਾਦਾ ਹੈ ਜਿਸ ਕਾਰਨ ਸਿਰਫ ਇਕ ਕਿਸ਼ਤੀ ਦੇ ਸਹਾਰੇ ਹੀ ਇਨਾਂ ਲੋਕਾਂ ਨੂੰ ਆਉਣ ਜਾਣ ਦੀ ਸਹੂਲਤ ਮਿਲਦੀ ਹੈ। ਇਸ ਮੌਕੇ ਗੱਲਬਾਤ ਕਰਦੇ ਹੋਏ ਕਿਸਾਨਾਂ ਨੇ ਦੱਸਿਆ ਕਿ ਸਾਨੂੰ ਆਪਣੀ ਫਸਲ ਮੰਡੀਆਂ ਵਿੱਚ ਲਿਜਾਣ ਮੌਕੇ ਇੱਕ ਟਰਾਲੀ ਦਾ ਗੰਨਾ ਚਾਰ ਟਰਾਲਿਆਂ ਵਿੱਚ ਲਿਆਉਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਇਹੀ ਹਾਲ ਕਣਕ ਦੀ ਫ਼ਸਲ ਸਮੇਂ ਹੁੰਦਾ ਹੈ ਜਦੋਂ ਇੱਕ ਚੱਕਰ ਦੀ ਥਾਂ ਚਾਰ ਚੱਕਰ ਲਗਾਉਣੇ ਪੈਂਦੇ ਹਨ। ਜਿਸ ਕਾਰਨ ਸਮਾਂ ਦਾ ਨੁਕਸਾਨ, ਤੇਲ ਦਾ ਜਿਆਦਾ ਖਰਚਾ ਅਤੇ ਖੱਜਲ-ਖੁਆਰ ਜਿਆਦਾ ਹੋਣਾ ਪੈਂਦਾ ਹੈ।

ਮੀਡੀਆ ਨਾਲ ਗੱਲ ਕਰਦੇ ਇੱਥੋਂ ਦੇ ਲੋਕਾਂ ਨੇ ਆਖਿਆ ਕਿ ਸਰਕਾਰਾਂ ਵੱਲੋਂ ਸਿਰਫ਼ ਵਾਅਦੇ ਅਤੇ ਦਾਅਵੇ ਹੀ ਕੀਤੀ ਜਾਂਦੇ ਪਰ ਹਕੀਕਤ ਇਹ ਹੈ ਕਿ ਸਾਡੇ ਵੱਲ ਕਿਸੇ ਵੀ ਵੱਡੇ ਜਾਂ ਛੋਟੇ ਲੀਡਰ ਦਾ ਕੋਈ ਧਿਆਨ ਹੀਂ ਜਾਂਦਾ। ਸਿਰਫ਼ ਵੋਟਾਂ ਸਮੇਂ ਹੀ ਇੰਨ੍ਹਾਂ ਨੂੰ ਸਾਡੀ ਯਾਦ ਆਉਂਦੀ ਹੈ। ਪਿੰਡ ਵਾਸੀਆਂ ਨੇ ਆਖਿਆ ਕਿ ਹੁਣ ਅਸੀਂ ਇੰਨ੍ਹਾਂ ਦੀਆਂ ਗੱਲਾਂ ਵਿੱਚ ਆਉਣ ਵਾਲੇ ਨਹੀਂ। ਜਦੋਂ ਤੱਕ ਸਾਡਾ ਪੁੱਲ ਨਹੀਂ ਬਣਦਾ ਉਦੋਂ ਤੱਕ ਸਾਡਾ ਇੰਨ੍ਹਾਂ ਲੀਡਰਾਂ ਨਾਲ ਕੋਈ ਵਾਸਤਾ ਨਹੀਂ ਹੈ। ਸਾਡੇ ਵੱਲੋਂ ਇੰਨ੍ਹਾਂ ਦਾ ਬਾਈਕਾਟ ਹੈ। ਲੋਕਾਂ ਨੇ ਮੰਗ ਕੀਤੀ ਹੈ ਕਿ ਅਸੀਂ ਵੀ ਪੰਜਾਬ ਦੇ ਵਾਸੀ ਹਾਂ ਸਾਡੇ ਵੱਲੋਂ ਧਿਆਨ ਦਿੱਤਾ ਜਾਵੇ ਸਾਡੀਆਂ ਬੁਨਿਆਦੀ ਸਮੱਸਿਆ ਦਾ ਹੱਲ ਕਰਦੇ ਹੋਏ ਜਲਦੀ ਤੋਂ ਜਲਦੀ ਇਸ ਪੁੱਲ ਨੂੰ ਪੱਕਾ ਬਣਾਇਆ ਜਾਵੇ, ਕਿਓਂਕਿ ਹੁਣ ਇਸ ਪੁੱਲ ਦੀ ਹਾਲਤ ਖਸਤਾ ਹੋ ਗਈ ਹੈ ਅਤੇ ਕਿਸੇ ਸਮੇਂ ਵੀ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ।

# ਭਾਰਤ ਦੇ 30 ਮੁੱਖ ਮੰਤਰੀਆਂ 'ਚੋਂ 29 ਕਰੋੜਪਤੀ, ਮਮਤਾ ਫਾਡੀ

**ਨਵੀਂ ਦਿੱਲੀ**–ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ.ਡੀ.ਆਰ.) ਨੇ ਖ਼ੁਲਾਸਾ ਕੀਤਾ ਕੇ ਦੇਸ਼ ਦੇ 30 ਸੂਬਿਆਂ ਦੇ ਮੁੱਖ ਮੰਤਰੀਆਂ 'ਚੋਂ 29 ਮੁੱਖ ਮੰਤਰੀ ਕਰੋੜਪਤੀ ਹਨ। ਏ.ਡੀ.ਆਰ. 'ਚ ਮੁੱਖ ਮੰਤਰੀਆਂ ਦੀ ਕੁੱਲ ਜਾਇਦਾਦ ਦਾ ਚੋਣ ਹਲਫ਼ਨਾਮਿਆਂ ਦੇ ਆਧਾਰ 'ਤੇ ਵਿਸ਼ਲੇਸ਼ਣ ਕੀਤਾ ਗਿਆ ਹੈ। ਸਭ ਤੋਂ ਅਮੀਰ ਮੁੱਖ ਮੰਤਰੀ ਆਂਧਰਾ ਪ੍ਰਦੇਸ਼ ਦੇ ਜਗਨ ਮੋਹਨ ਰੈੱਡੀ ਹਨ ਅਤੇ ਸਭ ਤੋਂ ਘੱਟ ਪੈਸਾ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਕੋਲ ਹੈ।



ਏ. ਡੀ. ਆਰ ਮੁਤਾਬਕ 28 ਸੂਬਿਆਂ ਦੇ ਮੁੱਖ ਮੰਤਰੀ ਹਨ ਅਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ- ਦਿੱਲੀ ਅਤੇ ਪੁਡੂਚੇਰੀ ਦੇ ਵੀ ਮੁੱਖ ਮੰਤਰੀ ਹਨ। ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ 'ਚ ਫਿਲਹਾਲ ਕੋਈ ਮੁੱਖ ਮੰਤਰੀ ਨਹੀਂ ਹੈ। ਏ. ਡੀ. ਆਰ ਨੇ ਕਿਹਾ ਕਿ ਵਿਸ਼ਲੇਸ਼ਣ ਕੀਤੇ ਗਏ 30 ਮੁੱਖ ਮੰਤਰੀਆਂ 'ਚੋਂ 29 ਕਰੋੜਪਤੀ ਹਨ, ਜਿਨ੍ਹਾਂ ਦੀ ਔਸਤ ਜਾਇਦਾਦ 33.96 ਕਰੋੜ ਰੁਪਏ ਪ੍ਰਤੀ ਮੁੱਖ ਮੰਤਰੀ ਹੈ। ਏਡੀਆਰ ਅਤੇ ਇਲੈਕਸ਼ਨ ਵਾਚ (ਨਿਊ) ਨੇ ਕਿਹਾ ਕਿ ਉਹ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਸਾਰੇ 30 ਮੌਜੂਦਾ ਮੁੱਖ ਮੰਤਰੀਆਂ ਦੇ ਹਲਫਨਾਮਿਆਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਇਸ ਨਤੀਜੇ 'ਤੇ ਪਹੁੰਚੇ ਹਨ।

ਏ. ਡੀ. ਆਰ ਨੇ ਕਿਹਾ ਕਿ ਸਭ ਤੋਂ ਘੱਟ ਘੋਸ਼ਿਤ ਜਾਇਦਾਦ ਵਾਲੇ ਤਿੰਨ ਮੁੱਖ ਮੰਤਰੀ ਹਨ। ਇਨ੍ਹਾਂ 'ਚ ਪੱਛਮੀ ਬੰਗਾਲ ਦੀ ਮਮਤਾ ਬੈਨਰਜੀ ਕੋਲ ਸਿਰਫ 15 ਲੱਖ ਰੁਪਏ ਦੀ ਸਭ ਤੋਂ ਘੱਟ ਜਾਇਦਾਦ ਹੈ। ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਕੋਲ 1 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਹੈ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਕੋਲ 1 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਹੈ। ਇਸ ਦੇ ਨਾਲ ਹੀ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੋਵਾਂ ਕੋਲ 3 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਹੈ।

**ਸਭ ਤੋਂ ਅਮੀਰ ਮੁੱਖ ਮੰਤਰੀ ਜਗਨ ਮੋਹਨ ਰੈੱਡੀ ਅਤੇ ਪੇਮਾ ਖਾਂਡੂ**

ਏ. ਡੀ. ਆਰ ਮੁਤਾਬਕ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਜਗਨ ਮੋਹਨ ਰੈੱਡੀ ਕੋਲ ਸਭ ਤੋਂ ਵੱਧ 510 ਕਰੋੜ ਰੁਪਏ ਦੀ ਜਾਇਦਾਦ ਹੈ। ਇਸ ਤੋਂ ਬਾਅਦ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਕੋਲ 163 ਕਰੋੜ ਰੁਪਏ ਤੋਂ ਜ਼ਿਆਦਾ ਦੀ ਜਾਇਦਾਦ ਹੈ। ਓਡੀਸ਼ਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਕੋਲ 63 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਹੈ।

## "ਕਰਜ਼ਦਾਰ"

ਮੈਂ ਦੇਖਦਾਂ ਕਿ
ਧਰਤੀ ਦੀ ਹਿੱਕ ਉੱਤੇ
ਖੜਾ ਇੱਕ ਦਰਖ਼ਤ
ਬੜਾ ਮਜਬੂਤ ਹੈ
ਸਭ ਕੁਝ ਸੂਤ ਹੈ
ਉਹ ਵਧਦਾ ਫੁੱਲਦਾ
ਹਵਾ ਵਿੱਚ ਝੂਮਦਾ
ਲੋਕਾਂ ਦੇ ਕੰਮ ਆਉਂਦਾ
ਤੇ ਹੋਰ ਨਵੇਂ ਬੂਟੇ ਉਗਾਉਂਦਾ
ਮੀਂਹ ਦੇ ਛਰਾਟੇ ਤੇ ਹਵਾ ਦੇ ਬੁੱਲੇ
ਉਸ ਦਾ ਕੁਝ ਨਾ ਵਿਗਾੜ ਸਕਦੇ

ਪਰ ਜਦ ਕਦੇ ਤੂਫ਼ਾਨ ਅਤੇ ਝੱਖੜ
ਉਸ ਨੂੰ ਮੂਧੇ ਮੂੰਹ ਸੁੱਟਦੇ
ਤੇ ਮਜ਼ਬੂਤ ਜੜਾਂ ਧਰਤੀ ਚੋਂ ਪੁੱਟਦੇ
ਤਾਂ ਫਿਰ ਉਦੋਂ ਕੋਈ ਬੰਦਾ ਮਹਾਨ
ਭਲਾ ਇਨਸਾਨ
ਉਸ ਕੋਲ ਆਉਂਦਾ
ਬੱਲੀਆਂ ਤੇ ਰੱਸਿਆਂ ਨਾਲ
ਉਸ ਨੂੰ ਉਠਾਉਂਦਾ
ਜੜ੍ਹਾਂ ਤੇ ਮਿੱਟੀ ਪਾਉਂਦਾ
ਉਸ ਨੂੰ ਖੜਾ ਕਰਦਾ
ਤੇ ਕੁਝ ਵਕਤ ਪਿੱਛੋਂ
ਉਹ ਦਰਖਤ ਫਿਰ ਤੋਂ
ਹਵਾ ਵਿੱਚ ਲਹਿਰਾਉਂਦਾ
ਤੇ ਕੁਦਰਤ ਦੀ ਗੋਦ ਵਿੱਚ
ਫਿਰ ਤੋਂ ਮੁੜ ਆਉਂਦਾ

ਤੇ ਜਦ ਕਦੇ ਮਨੁੱਖ ਵੀ
ਉਸ ਦਰਖ਼ਤ ਵਾਂਗ
ਬਿਮਾਰੀ ਦਾ ਝੰਬਿਆ
ਬਿਸਤਰ ਤੇ ਡਿੱਗਦਾ
ਤਾਂ ਫਿਰ ਕੋਈ ਡਾਕਟਰ
ਉਸ ਭਲੇ ਮਨੁੱਖ ਵਾਂਗ
ਉਸ ਨੂੰ ਬੁਲਾਉਂਦਾ
ਆਪਣੀ ਲਿਆਕਤ ਨਾਲ
ਇਲਾਜ ਕਰਦਾ
ਤੇ ਉਸ ਦੀ ਜ਼ਿੰਦਗੀ ਨੂੰ
ਫਿਰ ਤੋਂ ਲੀਹ ਤੇ ਪਾਉਂਦਾ

ਜ਼ਿੰਦਗੀ ਜਦ ਲੀਹ ਤੇ ਪੈਂਦੀ ਹੈ
ਤਾਂ ਮਨੁੱਖ ਸੰਸਾਰ ਘੁੰਮਦਾ ਵੀ
ਰਹਿੰਦਾ ਏ ਹਮੇਸ਼ਾ
ਡਾਕਟਰ ਦਾ ਕਰਜ਼ਦਾਰ
ਤੇ ਜ਼ਿੰਦਗੀ ਭਰ ਹੁੰਦੈ "ਲੰਗੇਰੀ"
ਉਸ ਦਾ ਸ਼ੁਕਰਗੁਜ਼ਾਰ

**– ਅਵਤਾਰ ਲੰਗੇਰੀ**
avtarlangeri44@gmail.com

# ਭਾਸ਼ਾ ਵਿਭਾਗ ਹੁਸ਼ਿਆਰਪੁਰ ਵਲੋਂ ਕਵਿਤਾ ਵਰਕਸ਼ਾਪ 28 ਅਪ੍ਰੈਲ ਨੂੰ



ਸੰਯੁਕਤ ਡਾਇਰੈਕਟਰ ਭਾਸ਼ਾ ਵਿਭਾਗ ਡਾ. ਵੀਰਪਾਲ ਕੌਰ ਦੀ ਅਗਵਾਈ ਵਿੱਚ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਲੋਂ 28 ਅਪ੍ਰੈਲ ਨੂੰ ਸਨਾਤਨ ਧਰਮ ਕਾਲਜ ਹੁਸ਼ਿਆਰਪੁਰ ਵਿੱਚ ਕਵਿਤਾ ਵਰਕਸ਼ਾਪ ਲਗਵਾਈ ਜਾ ਰਹੀ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਾ. ਜਸਵੰਤ ਰਾਏ ਖੋਜ ਅਫ਼ਸਰ ਭਾਸ਼ਾ ਵਿਭਾਗ ਹੁਸ਼ਿਆਰਪੁਰ ਨੇ ਦੱਸਿਆ ਕਿ ਇਸ ਕਵਿਤਾ ਵਰਕਸ਼ਾਪ ਦਾ ਮੁਖ ਮਨੋਰਥ ਵਿਦਿਆਰਥੀਆਂ ਅੰਦਰ ਸਿਰਫ਼ ਕਵਿਤਾ ਸਿਰਜਣ ਦਾ ਰੁਝਾਨ ਪੈਦਾ ਕਰਨਾ ਹੀ ਨਹੀਂ ਸਗੋਂ ਸਾਹਿਤ ਨਾਲ ਜੁੜਨ ਪ੍ਰਤੀ ਉਨ੍ਹਾਂ ਵਿੱਚ ਦਿਲਚਸਪੀ ਪੈਦਾ ਕਰਨਾ ਵੀ ਹੈ।ਉਨ੍ਹਾਂ ਦੱਸਿਆ ਕਿ ਇਸ ਕਵਿਤਾ ਵਰਕਸ਼ਾਪ ਵਿੱਚ ਨਾਮਵਰ ਕਵੀ ਮਦਨ ਵੀਰਾ ਵਿਦਿਆਰਥੀਆਂ ਨੂੰ ਆਪਣੇ ਮਨ ਦੇ ਭਾਵ ਕਿਵੇਂ ਕਵਿਤਾ ਵਿੱਚ ਉਜਾਗਰ ਕਰਨੇ ਹਨ ਬਾਰੇ ਵਿਸਤਾਰ ਨਾਲ ਜਾਣਕਾਰੀ ਦੇਣਗੇ।ਕਵਿਤਾ ਲਿਖਣ ਦੀ ਤਕਨੀਕ, ਤੱਤ, ਸ਼ਬਦ ਚੋਣ ਅਤੇ ਸ਼ਬਦ ਸ਼ਕਤੀਆਂ ਬਾਰੇ ਵੀ ਚਰਚਾ ਕੀਤੀ ਜਾਵੇਗੀ।

ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਨੂੰ ਬੇਨਤੀ ਹੈ ਕਿ ਉਪਰੋਕਤ ਪ੍ਰੈੱਸ ਨੋਟ ਵੱਖ-ਵੱਖ ਅਖ਼ਬਾਰਾਂ ਨੂੰ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

# ਓਲੰਪੀਅਨ, ਪਦਮਸ਼੍ਰੀ ਮੁੱਕੇਬਾਜ਼ ਕੌਰ ਸਿੰਘ ਨਹੀਂ ਰਹੇ, ਸਕੂਲਾਂ ਵਿੱਚ ਪੜ੍ਹਾਇਆ ਜਾਵੇਗਾ ਉਹਨਾਂ ਦਾ ਜੀਵਨ ਅਤੇ ਸੰਘਰਸ਼

ਓਲੰਪੀਅਨ ਮੁੱਕੇਬਾਜ਼, ਪਦਮ ਸ਼੍ਰੀ, ਅਰਜੁਨ ਐਵਾਰਡ ਨਾਲ ਸਨਮਾਨਿਤ ਤੇ ਏਸ਼ਿਆਈ ਖੇਡਾਂ ਦੇ ਸੋਨ ਤਗਮਾ ਜੇਤੂ ਕੌਰ ਸਿੰਘ ਦਾ ਦੇਹਾਂਤ ਹੋ ਗਿਆ ਹੈ। ਕੌਰ ਸਿੰਘ ਦਾ ਸਬੰਧ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਖਨਾਲ ਖੁਰਦ ਨਾਲ ਸੀ। 85 ਸਾਲਾ ਕੌਰ ਸਿੰਘ ਦੀ ਸਿਹਤ ਪਿਛਲੇ ਕਾਫ਼ੀ ਸਮੇਂ ਤੋਂ ਠੀਕ ਨਹੀਂ ਸੀ। ਪਰਿਵਾਰਕ ਮੈਂਬਰਾਂ ਮੁਤਾਬਕ, ਕੌਰ ਸਿੰਘ ਦਾ ਇਲਾਜ



ਹਰਿਆਣਾ ਦੇ ਕੁਰੂਕਸ਼ੇਤਰ ਦੇ ਇੱਕ ਹਸਪਤਾਲ ਵਿੱਚ ਚੱਲ ਰਿਹਾ ਸੀ। ਕੌਰ ਸਿੰਘ ਦਾ ਇੱਕ ਪੁੱਤਰ ਫ਼ੌਜ ਵਿੱਚ ਹੈ ਅਤੇ ਦੋ ਪੁੱਤਰ ਪਿੰਡ ਵਿੱਚ ਹੀ ਰਹਿੰਦੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਟਵੀਟ ਕਰ ਕੇ ਕੌਰ ਸਿੰਘ ਦੇ ਦੇਹਾਂਤ ਉੱਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

**ਫੌਜੀ ਤੋਂ ਮੁੱਕੇਬਾਜ਼ ਬਣਨ ਦਾ ਸਫ਼ਰ**

ਕੌਰ ਸਿੰਘ 1970 ਵਿੱਚ ਭਾਰਤੀ ਫੌਜ 'ਚ ਭਰਤੀ ਹੋਏ ਸਨ । ਫੌਜ ਵਿੱਚ ਨੌਕਰੀ ਦੌਰਾਨ ਉਨ੍ਹਾਂ ਦੀ ਕੱਦ-ਕਾਠੀ ਦੇਖ ਕੇ ਉਸ ਸਮੇਂ ਭਾਰਤੀ ਫੌਜ ਦੇ ਕਰਨਲ ਬਲਜੀਤ ਸਿੰਘ ਜੌਹਲ ਨੇ ਕੌਰ ਨੂੰ ਮੁੱਕੇਬਾਜ਼ੀ ਲਈ ਪ੍ਰੇਰਿਤ ਕੀਤਾ। ਕੁਝ ਸਮਾਂ ਪਹਿਲਾਂ ਦਿੱਤੇ ਇੱਕ ਇੰਟਰਵਿਊ ਵਿੱਚ ਕੌਰ ਸਿੰਘ ਨੇ ਦੱਸਿਆ ਸੀ ਕਿ ਉਨ੍ਹਾਂ ਨੂੰ ਉਸ ਤੋਂ ਪਹਿਲਾਂ ਮੁੱਕੇਬਾਜ਼ੀ ਬਾਰੇ ਕੋਈ ਸਮਝ ਨਹੀਂ ਸੀ ਪਰ ਕਰਨਲ ਬੀਐਸ ਜੌਹਲ ਨੇ ਉਨ੍ਹਾਂ ਉੱਤੇ ਬਹੁਤ ਮਿਹਨਤ ਕੀਤੀ ਅਤੇ ਉਨ੍ਹਾਂ ਨੂੰ ਕਾਮਯਾਬ ਬਣਾਇਆ। ਸਿਕੰਦਰਾਬਾਦ ਵਿਖੇ ਕੌਮੀ ਖੇਡਾਂ ਵਿੱਚ ਪਹਿਲੀ ਵਾਰ ਸੋਨ ਤਮਗਾ ਜਿੱਤਣ ਦੇ ਨਾਲ-ਨਾਲ ਉਹ ਨੌਵੀਂ ਏਸ਼ੀਅਨ ਚੈਂਪੀਅਨਸ਼ਿਪ, ਮੁੰਬਈ ਵਿਖੇ ਵੀ ਸੋਨ ਤਮਗਾ ਜਿੱਤਣ ਵਾਲੇ ਇਕੱਲੇ ਖਿਡਾਰੀ ਸਨ।

**ਪਹਿਲੀ ਵਾਰ ਨੈਸ਼ਨਲ ਖੇਡਾਂ 'ਚ ਗੋਲਡ**

ਪਹਿਲੀ ਵਾਰ ਕੌਰ ਸਿੰਘ ਨੇ ਸਿੰਕਦਾਰਾਬਾਦ ਵਿੱਚ ਨੈਸ਼ਨਲ ਖੇਡਾਂ ਦੇ ਮੁੱਕੇਬਾਜ਼ੀ ਵਰਗ ਵਿੱਚ ਸੋਨ ਤਮਗਾ ਜਿੱਤਿਆ ਸੀ। ਉਸ ਤੋਂ ਬਾਅਦ ਕੌਰ ਸਿੰਘ ਦੀ ਖੇਡ ਵਿੱਚ ਨਿਖਾਰ ਆਉਂਦਾ ਗਿਆ ਅਤੇ ਉਨ੍ਹਾਂ ਦੀ ਚੋਣ ਇੰਡੀਆ ਕੱਪ ਲਈ ਹੋ ਗਈ। ਇਸ ਦੇ ਨਾਲ ਹੀ ਉਨ੍ਹਾਂ ਕਾਮਨਵੈਲਥ ਖੇਡਾਂ ਵਿੱਚ ਵੀ ਸੋਨ ਤਮਗਾ ਜਿੱਤਿਆ।

1970 ਵਿੱਚ ਫੌਜ ਵਿੱਚ ਭਰਤੀ ਹੋਣ ਤੋਂ ਤੱਕ ਕੌਰ ਸਿੰਘ ਨੂੰ ਬੌਕਸਿੰਗ ਬਾਰੇ ਮੁੱਢਲੀ ਜਾਣਕਾਰੀ ਵੀ ਨਹੀਂ ਸੀ। ਪਰ ਪੂਨੇ ਦੇ ਤੋਂ ਟ੍ਰੇਨਿੰਗ ਲੈਣ ਤੋਂ ਬਾਅਦ ਉਹ ਛੇਤੀ ਹੀ ਖੇਡ ਮੈਦਾਨ ਵਿੱਚ ਵੱਡੇ ਖਿਡਾਰੀ ਵਜੋਂ ਉੱਭਰੇ। 1979 ਵਿੱਚ ਉਨ੍ਹਾਂ ਪਹਿਲੀ ਵਾਰ ਨੈਸ਼ਨਲ ਖੇਡਾਂ ਵਿੱਚ ਸੋਨ ਤਮਗਾ ਜਿੱਤਿਆ ਅਤੇ ਅਗਲੇ ਚਾਰ ਸਾਲ 1983 ਤੱਕ ਉਹ ਚਾਰ ਵਾਰ ਨੈਸ਼ਨਲ ਮੁੱਕੇਬਾਜ਼ੀ ਚੈਂਪੀਅਨਸ਼ਿਪ ਜਿੱਤਣ ਵਾਲੇ ਖਿਡਾਰੀ ਬਣੇ।

1982 ਵਿੱਚ ਦਿੱਲੀ ਵਿੱਚ ਹੋਈਆਂ ਏਸ਼ੀਆਈ ਖੇਡਾਂ ਵਿੱਚ ਉਨ੍ਹਾਂ ਨੂੰ ਹੈਵੀਵੇਟ ਕੈਰਾਗਰੀ ਵਿੱਚ ਭਾਰਤ ਦੀ



ਨੁਮਾਇੰਦਗੀ ਕਰਨ ਦਾ ਮੌਕਾ ਮਿਲਿਆ ਅਥੇ ਉਨ੍ਹਾਂ ਸੋਨ ਤਮਗਾ ਮੁਲਕ ਦੀ ਝੋਲੀ ਪਾਇਆ।

ਇਸ ਸਾਲ ਉਨ੍ਹਾਂ ਨੂੰ ਭਾਰਤ ਦੇ ਯੁਵਕ ਮਾਮਲਿਆਂ ਤੇ ਖੇਡ ਵਿਭਾਗ ਨੇ ਮੁਲਕ ਦੇ ਖਿਡਾਰੀਆਂ ਨੂੰ ਦਿੱਤਾ ਜਾਣ ਵਾਲਾ ਸਭ ਤੋਂ ਵੱਕਾਰੀ ਪੁਰਸਕਾਰ ਅਰਜੁਨ ਐਵਾਰਡ ਨਾਲ ਸਨਮਾਨਿਤ ਕੀਤਾ। ਕੌਰ ਸਿੰਘ ਨੇ ਦੁਨੀਆਂ ਦੇ ਮੰਨੇ-ਪ੍ਰਮੰਨੇ ਮੁੱਕੇਬਾਜ਼ ਮੁਹੰਮਦ ਅਲੀ ਨਾਲ ਇੱਕ ਅਭਿਆਸ ਮੈਚ ਵੀ ਖੇ-ਡਿਆ ਸੀ।

**ਪਦਮ ਸ਼੍ਰੀ ਤੇ ਅਰਜੁਨ ਐਵਾਰਡ ਨਾਲ ਸਨਮਾਨਿਤ**

1982 ਵਿੱਚ ਭਾਰਤ ਸਰਕਾਰ ਵੱਲੋਂ ਉਨ੍ਹਾਂ ਦੀ ਪ੍ਰਾਪਤੀਆਂ ਨੂੰ ਦੇਖਦੇ ਹੋਏ ਕੌਰ ਸਿੰਘ ਨੂੰ ਅਰਜੁਨ ਐਵਾਰਡ ਨਾਲ ਸਨਮਾਨਿਤ ਕੀਤਾ। ਉਸ ਤੋਂ ਬਾਅਦ ਉਨ੍ਹਾਂ ਨੂੰ ਪਦਮਸ਼੍ਰੀ ਵੀ ਮਿ-ਲਿਆ। ਉਨ੍ਹਾਂ ਨੇ 1984 ਵਿੱਚ ਅਮ-ਰੀਕਾ ਦੇ ਲਾਸ ਏਂਜਲਸ ਵਿਖੇ ਹੋਈਆਂ ਉਲੰਪਿਕ ਖੇਡਾਂ ਵਿੱਚ ਵੀ ਭਾਗ ਲਿਆ ਸੀ। ਉਨ੍ਹਾਂ ਓਲੰਪਿਕ ਵਿੱਚ ਦੋ ਬਾਊਟ ਜਿੱਤੇ ਪਰ ਤੀਜੇ ਵਿੱਚ ਹਾਰ ਗਏ ਸਨ। ਜਿੱਥੇ ਹੋਈ ਇੱਕ ਘਟਨਾ ਨੇ ਉਨ੍ਹਾਂ ਦਾ ਮਨ ਖੱਟਾ ਕਰ ਦਿੱਤਾ ਤੇ ਉਨ੍ਹਾਂ ਨੇ ਮੁੱਕੇਬਾਜ਼ੀ ਛੱਡ ਦਿੱਤੀ।

ਫ਼ੌਜ ਵਿੱਚੋਂ ਸੇਵਾ ਮੁਕਤ ਹੋਣ ਤੋਂ ਬਾਅਦ ਕੌਰ ਸਿੰਘ ਆਪਣੇ ਜੱਦੀ ਪਿੰਡ ਰਹਿਣ ਲੱਗੇ ਸਨ। ਸੇਵਾ ਮੁਕਤੀ ਤੋਂ ਬਾਅਦ ਵੀ ਕੌਰ ਸਿੰਘ ਚਰਚਾ ਵਿੱਚ ਰਹੇ ਪਰ ਖੇਡਾਂ ਨਹੀਂ ਬਲਕਿ ਆਰਥਿਕ ਤੰਗੀ ਦੀਆਂ ਖ਼ਬਰਾਂ ਨਾ.ਲ। ਕੌਰ ਸਿੰਘ ਦਾ ਗਿਲਾ ਸੀ ਕਿ ਸਮੇਂ ਦੀਆਂ ਸਰਕਾਰਾਂ ਨੇ ਉਨ੍ਹਾਂ ਦੀ ਸਾਰ ਨਹੀਂ ਲਈ। ਸਥਿਤੀ ਇਹ ਸੀ ਕਿ ਇੱਕ ਸਮਾਂ ਹਸਪਤਾਲ ਦਾ ਬਿੱਲ ਤਾਰਨ ਲਈ ਵੀ ਉਨ੍ਹਾਂ ਕੋਲ ਪੈਸੇ ਨਹੀਂ ਸਨ। ਕੌਰ ਸਿੰਘ ਦੇ ਪਤਨੀ ਬਲਜੀਤ ਕੌਰ ਨੇ ਦੱਸਿਆ ਕਿ ਉਹ ਇਸ ਗੱਲ ਤੋਂ ਖ਼ੁਸ਼ ਹਨ ਕਿ ਉਨ੍ਹਾਂ ਦੇ ਪਤੀ ਦਾ ਨਾਮ ਦੁਨੀਆ ਵਿੱਚ ਪ੍ਰਸਿੱਧ ਹੈ ਪਰ ਵੱਖ-ਵੱਖ ਸਰਕਾਰਾਂ ਨੇ ਉਨ੍ਹਾਂ ਦੇ ਪਤੀ ਦੀ ਪ੍ਰਾਪਤੀਆਂ ਦਾ ਮੁੱਲ ਨਹੀਂ ਪਾਇਆ।

**ਕੌਰ ਸਿੰਘ ਦੇ ਸੰਘਰਸ਼ ਉੱਤੇ ਫ਼ਿਲਮ**

ਮੁੱਕੇਬਾਜ਼ ਕੌਰ ਸਿੰਘ ਦੇ ਜੀਵਨ ਉੱਤੇ ਪੰਜਾਬੀ ਦੀ ਇੱਕ ਫ਼ਿਲਮ 'ਪਦਮ ਸ਼੍ਰੀ ਕੌਰ ਸਿੰਘ' ਵੀ ਬਣੀ ਹੈ। ਫ਼ਿਲਮ ਰਾਹੀਂ 'ਪਦਮ ਸ਼੍ਰੀ' ਅਤੇ 'ਅਰਜੁਨ ਐਵਾਰਡ' ਜਿਹੇ ਦੇਸ਼ ਦੇ ਵੱਕਾਰੀ ਪੁਰਸਕਾਰ ਹਾਸਿਲ ਕਰਨ ਵਾਲੇ ਇਸ ਮੁੱਕੇਬਾਜ਼ ਵੱਲੋਂ ਜੀਵਨ ਵਿੱਚ ਘਾਲੀ ਘਾਲਣਾ ਨੂੰ ਪਰਦੇ 'ਤੇ ਦਿਖਾਇਆ ਗਿਆ ਹੈ। ਫ਼ਿਲਮ ਵਿੱਚ ਕੌਰ ਸਿੰਘ ਦਾ ਕਿਰਦਾਰ ਪੰਜਾਬੀ ਅਦਾਕਾਰ ਕਰਮ ਬਾਠ ਨੇ ਅਦਾ ਕੀਤਾ ਹੈ ਅਤੇ ਉਹ ਹੀ ਇਸ ਫ਼ਿਲਮ ਦੇ ਨਿਰਮਾਤਾ ਵੀ ਹਨ।







# ਬਾਬਾ ਸਾਹਿਬ ਡਾ. ਅੰਬੇਡਕਰ ਗਲੋਬਲ ਸ਼ਖ਼ਸੀਅਤ-ਡਾ. ਨਛੱਤਰ ਪਾਲ

## ਪਿੰਡ ਖਮਾਚੋਂ 'ਚ ਡਾ. ਅੰਬੇਡਕਰ ਦਾ ਜਨਮ-ਦਿਹਾੜਾ ਮਨਾਇਆ

**ਬੰਗਾ 25 ਅਪ੍ਰੈਲ-** ਕਰੋੜਾਂ ਲੋਕਾਂ ਦੇ ਮਸੀਹਾ, ਸੰਪੂਰਨ ਔਰਤ ਜਾਤੀ ਦੇ ਮੁਕਤੀਦਾਤਾ, ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 132ਵਾਂ ਜਨਮ-ਦਿਹਾੜਾ ਪਿੰਡ ਖਮਾਚੋਂ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵੈੱਲਫੇਅਰ ਸੁਸਾਇਟੀ (ਰਜਿ:) ਖਮਾਚੋਂ ਵਲੋਂ ਬੜੀ ਸ਼ਰਧਾ, ਸਤਿਕਾਰ ਅਤੇ ਸ਼ਾਨੋ-ਸ਼ੌਕਤ ਨਾਲ ਪਿੰਡ ਵਾਸੀਆਂ ਦੇ ਨਿੱਘੇ ਸਹਿਯੋਗ ਨਾਲ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਹਲਕਾ ਨਵਾਂਸ਼ਹਿਰ ਦੇ ਵਿਧਾਇਕ ਡਾ. ਨਛੱਤਰ ਪਾਲ ਨੇ ਬੋਲਦਿਆਂ ਕਿਹਾ ਕਿ ਬਾਬਾ ਸਾਹਿਬ ਨੇ ਤਿੰਨ ਜ਼ਿੰਦਗੀਆਂ ਜਿੰਨਾ ਕੰਮ 40 ਸਾਲ ਦੀ ਸੰਘਰਸ਼ ਦੇ ਸਾਲਾਂ 'ਚ ਕੀਤਾ। ਜਿਹਨਾਂ ਕਠਿਨ ਹਾਲਾਤਾਂ ਦੇ ਬਾਵਜੂਦ ਵਿਸ਼ਵ ਪੱਧਰ ਦਾ ਉੱਚਤਮ ਗਿਆਨ ਹਾਸਲ ਕੀਤਾ ਅਤੇ ਆਪਣਾ ਸਭ ਕੁੱਝ ਸ਼ੋਸ਼ਿਤ ਪੀੜਿਤ ਤੇ ਜਾਤੀਵਾਦ ਦੇ ਸ਼ਿਕਾਰ ਲੋਕਾਂ ਦੇ ਹਿੱਤ-ਸੁੱਖ ਲਈ ਕੁਰਬਾਨ ਕਰ ਦਿੱਤਾ। ਪੈਰ-ਪੈਰ 'ਤੇ ਉਹਨਾਂ ਨੂੰ ਅਪਮਾਨਿਤ ਕੀਤਾ ਗਿਆ, ਪਰ ਫਿਰ ਵੀ ਮਨੁੱਖਤਾ ਦੇ ਇਤਿਹਾਸ ਅੰਦਰ ਇੰਨੀਆਂ ਪ੍ਰਾਪਤੀਆਂ ਕਰ ਗਏ ਕਿ ਦੁਨੀਆਂ ਅੱਜ ਉਹਨਾਂ ਦੀ ਮਿਸਾਲ ਦਿੰਦੀ ਹੈ। ਉਹਨਾਂ ਅੱਗੇ ਕਿਹਾ ਕਿ ਬਾਬਾ ਸਾਹਿਬ ਮਹਾਨ ਭਾਰਤੀ ਹੀ ਨਹੀਂ ਸਗੋਂ ਇੱਕ ਗਲੋਬਲ ਸ਼ਖ਼ਸੀਅਤ ਹਨ। ਦੁਨੀਆਂ ਦੇ ਲੋਕ ਆਪਣੇ ਆਗੂਆਂ ਵਿੱਚੋਂ ਡਾ. ਅੰਬੇਡਕਰ ਜਿਹੇ ਆਗੂ ਤਲਾਸ਼ਦੇ ਹਨ। ਉਹਨਾਂ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਦੀ ਆਵਾਜ਼ ਵਿਧਾਨ ਸਭਾ ਵਿੱਚ ਉਠਾਉਣ ਲਈ ਵਚਨਬੱਧ ਹਨ, ਉਹਨਾਂ ਪੰਜਾਬ ਸਰਕਾਰ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਝੂਠੇ ਸਬਜ਼ਬਾਗ ਦਿਖਾ ਕੇ ਪੰਜਾਬ ਲੋਕਾਂ ਨੂੰ ਗੁਮਰਾਹ ਕੀਤਾ ਹੈ। ਇਸ ਮੌਕੇ ਏਕਤਾ ਕਲਾ ਮੰਚ ਲਸਾੜਾ ਦੇ ਨਿਰਦੇਸ਼ਕ ਗੁਰਦੀਪ ਲਸਾੜਾ ਦੀ ਟੀਮ ਵਲੋਂ ਕੋਰਿਓਗ੍ਰਾਫੀ, ਓਪੇਰਾ, ਨਾਟਕ ਪੇਸ਼ ਕਰਕੇ ਬਾਬਾ ਸਾਹਿਬ ਅਤੇ ਮਾਨਿਅਵਰ ਸਾਹਿਬ ਸ਼੍ਰੀ ਕਾਂਸ਼ੀ ਰਾਮ ਨੂੰ ਯਾਦ ਕੀਤਾ ਅਤੇ ਉਹਨਾਂ ਦੀਆਂ ਕੁਰਬਾਨੀਆਂ, ਜੀਵਨ, ਇਤਿਹਾਸ ਤੇ ਸੰਘਰਸ਼ ਨੂੰ ਪੇਸ਼ ਕੀਤਾ। ਉਹਨਾਂ ਅੱਗੇ ਕਿਹਾ ਕਿ ਬਾਬਾ ਸਾਹਿਬ ਦੀ ਵਿਚਾਰਧਾਰਾ ਇੱਕ ਕ੍ਰਾਂਤੀਕਾਰੀ ਵਿਚਾਰਧਾਰਾ ਹੈ, ਜੋ ਹਜਾਰਾਂ ਸਾਲਾਂ ਤੋਂ ਸ਼ੁਰੂ ਕੀਤੀ ਹੋਈ ਹੈ। ਇਸ ਮੌਕੇ ਉੱਘੇ ਮਿਸ਼ਨਰੀ ਕਲਾਕਾਰ ਗੁਰਨਾਮ ਸਿੰਘ ਬਹਿਲਪੁਰੀ ਨੇ ਬਾਬਾ ਸਾਹਿਬ ਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਵਾਰੇ ਆਪਣੇ ਗੀਤਾਂ ਰਾਹੀਂ ਸਰੋਤਿਆਂ 'ਤੇ ਗਹਿਰਾ ਪ੍ਰਭਾਵ ਛੱਡਿਆ। ਇਸ ਮੌਕੇ ਮੁੱਖ ਬੁਲਾਰੇ ਸ਼੍ਰੀ ਪਰਮਜੀਤ ਸਿੰਘ ਦੋਸਾਂਝ ਨੇ ਕਿਹਾ ਕਿ ਬਾਬਾ ਸਾਹਿਬ ਦੇ ਵਿਚਾਰ, ਲਿਖਤਾਂ, ਉਹਨਾਂ ਦੇ ਅਨੁਭਵ ਆਉਣ ਵਾਲੀਆਂ ਪੀੜੀਆਂ ਲਈ ਹਮੇਸ਼ਾਂ ਪ੍ਰੇਰਣਾਦਾਇਕ ਬਣੇ ਰਹਿਣਗੇ। ਇਸ ਲਈ ਸਾਨੂੰ ਪੜ੍ਹੋ, ਜੁੜੋ, ਸੰਘਰਸ਼ ਕਰੋ ਦੇ ਮੂਲ ਮੰਤਰ ਨੂੰ ਸਮਝ ਕੇ ਅਮਲ ਕਰਨ ਦੀ ਲੋੜ ਹੈ। ਸੰਜੀਵ ਕੁਮਾਰ ਐਮਾਂ ਜੱਟਾਂ ਨੇ ਕਿਹਾ ਕਿ ਬਾਬਾ ਸਾਹਿਬ ਜਿੱਥੇ ਭਾਰਤ ਦੇ ਮਹਾਨ ਭਾਰਤੀ ਹਨ, ਉੱਥੇ ਉਹ ਵਿਸ਼ਵ ਵਿੱਚ ਗਿਆਨ ਅਤੇ ਸਮਾਨਤਾ ਦੇ ਪ੍ਰਤੀਕ, ਦੁਨੀਆਂ ਦੇ ਸੂਰਜ ਵਜੋਂ ਜਾਣੇ ਜਾਂਦੇ ਹਨ। ਉਹਨਾਂ ਕਿਹਾ ਕਿ ਬਾਬਾ ਸਾਹਿਬ ਨੇ ਜਿੱਥੇ ਸਭ ਤੋਂ ਵੱਧ ਪੜ੍ਹਨ 'ਤੇ ਜ਼ੋਰ ਦਿੱਤਾ ਉੱਥੇ ਖਾਸ ਕਰਕੇ ਔਰਤਾਂ ਨੂੰ ਵੀ ਪੜ੍ਹਨ ਅਤੇ ਹੱਕਾਂ ਲਈ ਇਕੱਠੇ ਹੋ ਕੇ ਸੰਘਰਸ਼ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਸ਼੍ਰੀ ਡੋਗਰ ਰਾਮ ਬੰਗਾ ਨੇ ਕਿਹਾ ਕਿ ਸਾਨੂੰ ਹਮੇਸ਼ਾਂ ਏਕਤਾ ਬਣਾਈ ਰੱਖਣ ਦੀ ਲੋੜ ਹੈ, ਜੋ ਸਾਨੂੰ ਸਾਡੇ ਰਹਿਬਰਾਂ ਨੇ ਸਿਖਿਆਵਾਂ ਦਿੱਤੀਆਂ ਉਸ 'ਤੇ ਅਮਲ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਸ਼੍ਰੀ ਜਤਿੰਦਰ ਕੁਮਾਰ ਜੱਸੀ ਪ੍ਰਧਾਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵੈੱਲਫੇਅਰ ਸੁਸਾਇਟੀ (ਰਜਿ:) ਨੇ ਕਿਹਾ ਕਿ ਸਾਨੂੰ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਅਤੇ ਉਹਨਾਂ ਦੇ ਸੰਘਰਸ਼ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਪ੍ਰੇਰਦੇ ਹਨ, ਇਸ ਲਈ ਨੌਜਵਾਨ ਪੀੜ੍ਹੀ ਨੂੰ ਵੱਧ ਤੋਂ ਵੱਧ ਬਾਬਾ ਸਾਹਿਬ ਨੂੰ ਪੜ੍ਹਨਾ ਚਾਹੀਦਾ ਹੈ ਅਤੇ ਉਹਨਾਂ ਦੇ ਦੱਸੇ ਮਾਰਗ 'ਤੇ ਚੱਲਦਿਆਂ ਸਮਾਨਤਾ, ਬਰਾਬਰਤਾ, ਭਾਈਚਾਰਾ ਅਤੇ ਨਿਆਂ ਲਈ ਹਮੇਸ਼ਾਂ ਯਤਨਸ਼ੀਲ ਰਹਿਣਾ ਵਰਤਮਾਨ ਸਮੇਂ ਦੀ ਵੱਡੀ ਲੋੜ ਹੈ। ਉਹਨਾਂ ਪਿੰਡ ਵਾਸੀਆਂ ਤੇ ਬਾਬਾ ਸਾਹਿਬ ਅਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਦੇ ਪੈਰੋਕਾਰਾਂ ਵਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। ਸਟੇਜ਼ ਦੀ ਸਮੁੱਚੀ ਕਾਰਵਾਈ ਉੱਘੇ ਲੇਖਕ ਅਤੇ ਬੇਗ਼ਮਪੁਰਾ ਫਾਊਂਡੇਸ਼ਨ ਪੰਜਾਬ ਦੇ ਪ੍ਰਧਾਨ ਸ਼੍ਰੀ ਸੰਤੋਖ ਸਿੰਘ ਜੱਸੀ ਨੇ ਬਾਖੂਬੀ ਨਿਭਾਈ।

ਇਸ ਮੌਕੇ ਦਵਿੰਦਰ ਕੁਮਾਰ ਸਰਪੰਚ, ਪ੍ਰਦੀਪ ਜੱਸੀ ਸਾਬਕਾ ਸਰਪੰਚ, ਡਾ. ਸਤਨਾਮ ਦਾਸ, ਲੈਕਚਰਾਰ ਸ਼ੰਕਰ ਦਾਸ, ਮਾਸਟਰ ਪਰਮਜੀਤ ਸਿੰਘ ਝੰਮਟ, ਮਾਸਟਰ ਤੀਰਥ ਰਾਮ, ਪ੍ਰੋਫੈੱਸਰ ਗੁਰਮੁੱਖ ਸਿੰਘ, ਮਾਸਟਰ ਲਹਿੰਬਰ ਸਿੰਘ, ਸੁਖਵਿੰਦਰ ਸਿੰਘ ਗੋਗਾ, ਮੈਡਮ ਰੂਬੀ, ਮੈਡਮ ਕ੍ਰਿਸ਼ਨਾ ਦੇਵੀ, ਆਸ਼ਾ ਰਾਣੀ, ਜਸਵਿੰਦਰ ਕੌਰ, ਅਮਰਜੀਤ ਕੌਰ, ਮਨਜੀਤ ਕੌਰ, ਚਰਨਜੀਤ ਸਿੰਘ ਸੱਲ੍ਹਾਂ ਨੰਬਰਦਾਰ, ਜਸਪਾਲ ਰੱਲ੍ਹ ਲਧਾਣਾ ਉੱਚਾ, ਸ਼ੰਕਰ ਦਾਸ ਜੱਸੀ, ਸੰਜੀਵ ਜੱਸੀ ਹੈਪੀ, ਸੁਖਵੀਰ ਜੱਸੀ, ਪਰਮ ਪੇਂਟਰ, ਬਲਵਿੰਦਰ ਪਾਲ ਬੱਬੂ, ਗੋਪਾਲ ਜਾਟਵ, ਸਾਗਰ ਜੱਸੀ, ਜਸਵਿੰਦਰ ਕੁਮਾਰ, ਮੀਤੀ ਜੱਸੀ, ਮਨਪ੍ਰੀਤ ਜੱਸੀ, ਵਿਪਨ ਜੱਸੀ, ਪ੍ਰਵੀਨ ਜੱਸੀ, ਪਰਵੀਨ ਕੈਂਥ, ਮੰਗੀ, ਪਵਨ ਜੱਸੀ, ਅਜੈ ਜੱਸੀ, ਬਲਵਿੰਦਰ ਕੁਮਾਰ ਆਰਕੀਟੈਕਟ, ਬਲਵੰਤ ਰਾਏ ਪੰਚ, ਮੋਹਣ ਲਾਲ, ਰਮੇਸ਼ ਜੱਸੀ, ਕੰਵਲਜੀਤ ਕੁਮਾਰ, ਸੱਤਪਾਲ, ਪ੍ਰੇਮ ਲਾਲ ਆਦਿ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



*ਡਾ. ਨਛੱਤਰ ਪਾਲ ਵਿਧਾਇਕ ਨਵਾਂਸ਼ਹਿਰ ਨੂੰ ਸਨਮਾਨਿਤ ਕਰਦੇ ਹੋਏ ਸੁਸਾਇਟੀ ਦੇ ਪ੍ਰਧਾਨ ਸ਼੍ਰੀ ਜਤਿੰਦਰ ਕੁਮਾਰ ਜੱਸੀ ਨਾਲ ਦਵਿੰਦਰ ਕੁਮਾਰ ਸਰਪੰਚ, ਪ੍ਰਦੀਪ ਜੱਸੀ ਸਾਬਕਾ ਸਰਪੰਚ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ। ਦੂਸਰੀ ਤਸਵੀਰ ਵਿੱਚ ਡੋਗਰ ਰਾਮ ਬੰਗਾ ਨੂੰ ਸਨਮਾਨਿਤ ਕਰਦੇ ਹੋਏ ਸਮੂਹ ਕਮੇਟੀ ਮੈਂਬਰ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ।*

# ਆਸਟਰੇਲੀਆ ਵਿਚ ਨਿਊਜ਼ੀਲੈਂਡ ਦੇ ਲੋਕਾਂ ਨੂੰ ਨਾਗਰਿਕਤਾ ਦਾ ਸੌਖਾ ਰਸਤਾ ਮਿਲੇਗਾ-ਪ੍ਰਧਾਨ ਮੰਤਰੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਆਸਟਰੇਲੀਆ ਦੇ ਵਿਚ ਨਿਊਜ਼ੀਲੈਂਡ ਵਾਸੀਆਂ ਨੂੰ ਨਾਗਰਿਕਤਾ ਪ੍ਰਾਪਤ ਕਰਨ ਦੇ ਲਈ ਸੌਖਾ ਰਸਤਾ ਤਿਆਰ ਹੋ ਚੁੱਕਾ ਹੈ। ਮੌਜੂਦਾ ਪੀੜ੍ਹੀ ਦੇ ਅਧਿਕਾਰਾਂ ਵਿਚ ਇਸ ਨੂੰ ਵੱਡੇ ਸੁਧਾਰ ਵਜੋਂ ਵੇਖਿਆ ਜਾ ਰਿਹਾ ਹੈ। ਬਹੁਤ ਸਾਰੇ ਬੁਨਿਆਦੀ ਅਧਿਕਾਰਾਂ ਤੋਂ ਬਿਨਾਂ ਆਸਟਰੇਲੀਆ ਵਿੱਚ ਰਹਿ ਰਹੇ ਸੈਂਕੜੇ ਹਜ਼ਾਰਾਂ ਕੀਵੀ ਅੱਜ ਐਲਾਨੀ ਗਈ ਇੱਕ ਇਤਿਹਾਸਕ ਨੀਤੀ ਦੇ ਤਹਿਤ ਜਲਦੀ ਹੀ ਦੋਹਰੇ ਨਾਗਰਿਕ ਬਣ ਸਕਦੇ ਹਨ। ਆਸਟਰੇਲੀਆ ਨੇ ਅੱਜ ਨਿਊਜੀਲੈਂਡ ਦੇ ਯੋਗ ਨਾਗਰਿਕਾਂ ਲਈ ਨਾਗਰਿਕਤਾ ਲਈ ਇੱਕ ਨਵੇਂ ਸਿੱਧੇ ਮਾਰਗ ਦੀ ਘੋਸ਼ਣਾ ਕੀਤੀ ਹੈ ਜੋ ਘੱਟੋ-ਘੱਟ ਚਾਰ ਸਾਲਾਂ ਤੋਂ ਤਸਮਾਨ ਵਿੱਚ ਰਹਿ ਰਹੇ ਹਨ।ਇਹ ਇੱਕ ਨੀਤੀ ਦੇ ਆਲੇ-ਦੁਆਲੇ ਲਗਾਤਾਰ ਸਰਕਾਰਾਂ ਦੀ ਦਹਾਕਿਆਂ ਦੀ ਵਕਾਲਤ ਦੀ ਪਾਲਣਾ ਹੈ ਜਿਸ ਨੇ ਨਿਊਜ਼ੀਲੈਂਡ ਦੇ ਲੋਕਾਂ ਨਾਲ ਦੂਜੇ ਦਰਜੇ ਦੇ ਨਾਗਰਿਕ ਵਰਗਾ ਵਿਵਹਾਰ ਕੀਤਾ। ਇਸਦਾ ਮਤਲਬ ਹੋਵੇਗਾ ਕਿ ਆਸਟਰੇਲੀਆ ਵਿੱਚ ਰਹਿ ਰਹੇ ਕੀਵੀ ਜੋ ਯੋਗਤਾ ਪੂਰੀ ਕਰ ਚੁੱਕੇ ਹਨ ਹੁਣ ਵੋਟ ਪਾਉਣ ਦੇ ਯੋਗ ਹੋਣਗੇ। ਬੇਘਰੇ, ਅਪਰਾਧ ਅਤੇ ਗਰੀਬੀ, ਅਤੇ ਘਰੇਲੂ ਸ਼ੋਸ਼ਣ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਰਿਹਾਇਸ਼ ਅਤੇ ਸਿਹਤ ਅਤੇ ਭਲਾਈ ਸਹਾਇਤਾ ਤੱਕ ਪਹੁੰਚ ਕਰਨ ਲਈ ਅਧਿਕਾਰ ਹੋਣਗੇ।

ਲਗਭਗ 700,000 ਨਿਊਜ਼ੀਲੈਂਡ ਦੇ ਨਾਗਰਿਕਾਂ ਦਾ ਆਸਟਰੇਲੀਆ ਵਿੱਚ ਰਹਿਣ ਦਾ ਅਨੁਮਾਨ ਹੈ, ਜਿਸ ਵਿੱਚ ਲਗਭਗ 530,000 ਉਹ ਸ਼ਾਮਿਲ ਹਨ ਜੋ ਨਿਊਜ਼ੀਲੈਂਡ ਵਿੱਚ ਪੈਦਾ ਹੋਏ ਸਨ। ਨਿਊਜ਼ੀਲੈਂਡ ਵਿੱਚ ਪੈਦਾ ਹੋਏ ਲੋਕਾਂ ਵਿੱਚੋਂ, ਲਗਭਗ 65% ਕੋਲ ਆਸਟਰੇਲੀਆ ਦੀ ਨਾਗਰਿਕਤਾ ਨਹੀਂ ਹੈ । ਤਬਦੀਲੀਆਂ ਇਸ ਸਾਲ 1 ਜੁਲਾਈ ਤੋਂ ਲਾਗੂ ਹੋਣਗੀਆਂ। ਲਗਪਗ 70,000 ਆਸਟਰੇਲੀਅਨ ਨਿਊਜ਼ੀਲੈਂਡ ਵੀ ਰਹਿੰਦੇ ਹਨ। ਪ੍ਰਧਾਨ ਮੰਤਰੀ ਸ੍ਰੀ ਹਿਪਕਿਨਜ਼ ਨੇ ਕਿਹਾ ਕਿ ਬਹੁਤ ਸਾਰੇ ਕੀਵੀ ਆਸਟਰੇਲੀਆ ਗਏ, ਸਖ਼ਤ ਮਿਹਨਤ ਕੀਤੀ, ਟੈਕਸ ਅਦਾ ਕੀਤਾ ਅਤੇ ਇਸ ਵੇਲੇ ਸਭ ਤੋਂ ਕੀਮਤੀ ਪ੍ਰਵਾਸੀਆਂ ਵਿੱਚੋਂ ਹਨ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਐਲਬਨੀਜ਼ ਨੇ ਕਿਹਾ ਕਿ ਨਾਗਰਿਕਾ ਪ੍ਰਾਪਤੀ ਦਾ ਇਹ ਸਿੱਧਾ ਮਾਰਗ ਆਸਟਰੇਲੀਆ ਵਿੱਚ ਰਹਿਣ ਵਾਲੇ ਨਿਊਜ਼ੀਲੈਂਡ ਵਾਸੀਆਂ ਲਈ ਇੱਕ ਨਿਰਪੱਖ ਬਦਲਾਅ ਹੈ, ਅਤੇ ਉਹਨਾਂ ਦੇ ਅਧਿਕਾਰਾਂ ਨੂੰ ਨਿਊਜ਼ੀਲੈਂਡ ਵਿੱਚ ਰਹਿਣ ਵਾਲੇ ਆਸਟਰੇਲੀਅਨਾਂ ਦੇ ਬਰਾਬਰ ਲਿਆਉਂਦਾ ਹੈ। ਇਹ ਐਲਾਨ ਪਿਛਲੇ ਸਾਲ ਜੁਲਾਈ ਵਿੱਚ ਅਲਬਨੀਜ਼ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਨਾਲ ਕੀਤੇ ਗਏ ਵਾਅਦੇ ਨੂੰ ਪੂਰਾ ਕਰਦਾ ਹੈ। ਇਹ ਘੋਸ਼ਣਾ ਉਸ ਸਮੇਂ ਹੋਈ ਹੈ ਜਦੋਂ ਸ੍ਰੀ ਹਿਪਕਿਨਜ਼ ਅੱਜ ਅਲਬਾਨੀਜ਼ ਨੂੰ ਮਿਲਣ ਲਈ ਆਸਟਰੇਲੀਆ ਦੀ ਯਾਤਰਾ ਕਰ ਰਹੇ ਹਨ। ਇਹ ਇੱਕ ਵਿਆਪਕ ਵਪਾਰਕ-ਕੇਂਦ੍ਰਿਤ ਦੌਰੇ ਦਾ ਹਿੱਸਾ ਹੈ, ਜੋ ਕਿ ਨਜ਼ਦੀਕੀ ਆਰਥਿਕ ਸਬੰਧਾਂ ਦੇ ਮੁਕਤ ਵਪਾਰ ਸਮਝੌਤੇ ਦੇ 40 ਸਾਲਾਂ ਨੂੰ ਸਵੀਕਾਰ ਕਰਦਾ ਹੈ, ਅਤੇ ਉਹ ਵੀ ਮੰਗਲਵਾਰ ਨੂੰ ਐਂਜ਼ੈਕ ਡੇਅ ਤੋਂ ਪਹਿਲਾਂ।




490 ਆਸਟਰੇਲੀਅਨ ਡਾਲਰ ਪ੍ਰੋਸੈਸਿੰਗ ਫੀਸ ਹੋਵੇਗੀ, ਜੋ ਕਿ ਮੌਜੂਦਾ 4000 ਡਾਲਰ ਤੋਂ ਬਹੁਤ ਘੱਟ ਹੈ। ਆਸਟਰੇਲੀਆ ਵਿੱਚ 1 ਜੁਲਾਈ, 2022 ਤੋਂ, ਉੱਥੇ ਰਹਿ ਰਹੇ ਇੱਕ ਨਿਊਜ਼ੀਲੈਂਡ ਦੇ ਮਾਤਾ-ਪਿਤਾ ਦੇ ਜਨਮੇ ਬੱਚੇ ਵੀ ਆਪਣੇ ਆਪ ਨਾਗਰਿਕਤਾ ਦੇ ਹੱਕਦਾਰ ਹੋ ਜਾਣਗੇ, ਉਹਨਾਂ ਲਈ ਮਹੱਤਵਪੂਰਨ ਸੇਵਾਵਾਂ ਉਪਲਬਧ ਹੋਣਗੀਆਂ।

ਇਹ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਪਰਸਪਰ ਨਹੀਂ ਬਣਾਏਗਾ, ਉਦਾਹਰਨ ਲਈ, ਆਸਟਰੇਲੀਆਈ ਲੋਕ ਇੱਕ ਸਾਲ ਲਈ ਨਿਊਜ਼ੀਲੈਂਡ ਵਿੱਚ ਰਹਿਣ ਤੋਂ ਬਾਅਦ ਵੋਟ ਕਰ ਸਕਦੇ ਹਨ ਅਤੇ ਇੱਕ ਟੈਕਸ ਨਿਵਾਸੀ ਵਜੋਂ ਸਮਾਜਿਕ ਸਹਾਇਤਾ ਦਾ ਪੂਰਾ ਸੂਟ ਪ੍ਰਾਪਤ ਕਰ ਸਕਦੇ ਹਨ।

ਹਾਲਾਂਕਿ ਮੌਜੂਦਾ ਸਥਿਤੀ ਵਿੱਚ ਚਾਰ ਸਾਲ ਤੋਂ ਘੱਟ ਸਮੇਂ ਤੋਂ ਆਸਟਰੇਲੀਆ ਵਿੱਚ ਨਿਊਜ਼ੀਲੈਂਡ ਦੇ ਨਾਗਰਿਕਾਂ ਲਈ ਕੋਈ ਬਦਲਾਅ ਨਹੀਂ ਆਇਆ ਹੈ, ਉਹ ਉਸ ਸਮੇਂ ਤੋਂ ਬਾਅਦ ਪੂਰੀ ਨਾਗਰਿਕਤਾ ਪ੍ਰਾਪਤ ਕਰ ਸਕਦੇ ਹਨ, ਜਦੋਂ ਕਿ ਨਿਊਜ਼ੀਲੈਂਡ ਵਿੱਚ ਰਹਿਣ ਵਾਲੇ ਆਸਟਰੇਲੀਅਨਾਂ ਲਈ ਇਸ ਵਿੱਚ ਪੰਜ ਸਾਲ ਦਾ ਸਮਾਂ ਲੱਗਦਾ ਹੈ।

ਨਵਾਂ ਕਾਨੂੰਨ ਅਸਥਾਈ, ਵਿਸ਼ੇਸ਼ ਸ਼੍ਰੇਣੀ, ਵੀਜ਼ਿਆਂ 'ਤੇ ਕੀਵੀਆਂ 'ਤੇ ਲਾਗੂ ਹੋਵੇਗਾ ਜੋ 2001 ਤੋਂ ਆਏ ਹਨ ਅਤੇ ਆਸਟ?ਰੇਲੀਆ ਵਿੱਚ ਚਾਰ ਸਾਲਾਂ ਤੋਂ ਰਹਿੰਦੇ ਹਨ ਅਤੇ ਨਾਗਰਿਕਤਾ ਲਈ ਮਿਆਰੀ ਮਾਪਦੰਡਾਂ ਨੂੰ ਪੂਰਾ ਕਰਦੇ ਹਨ - ਜਿਵੇਂ ਕਿ ਅੰਗਰੇਜ਼ੀ ਟੈਸਟ, ਆਸਟਰੇਲੀਆ ਦੇ ਗਿਆਨ ਦਾ ਪ੍ਰਦਰਸ਼ਨ ਕਰਨਾ ਅਤੇ ਸਮੇਤ ਚਰਿੱਤਰ ਜਾਂਚ ਅਤੇ ਆਸਟਰੇਲੀਆ ਵਿੱਚ ਰਹਿਣ ਦਾ ਇਰਾਦਾ।

# ਅਮੂਲ ਕੰਪਨੀ ਦੇ ਆਏ ਕਾਰੋਬਾਰੀ ਵਫ਼ਦ ਨੇ ਇਕ ਔਰਤ ਨਾਲ ਅਣਚਾਹੀਆਂ ਫੋਟੋਆਂ ਕਲਿੱਕ ਕੀਤੀਆਂ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਉਚ ਦਰਜੇ ਦੀ ਭਾਰਤੀ ਡੇਅਰੀ ਕੰਪਨੀ ਅਮੂਲ ਦੇ ਇਥੇ ਆਏ ਇਕ ਉਚ ਪੱਧਰੀ ਵਫ਼ਦੇ ਦੇ ਮਰਦਾਂ ਨੇ ਇਕ ਸਰਕਾਰੀ ਸਮਾਗਮ ਦੇ ਵਿਚ ਇਕ ਕੀਵੀ ਔਰਤ ਨੂੰ ਰੋਕ ਕੇ ਉਸ ਨਾਲ ਅਣਚਾਹੀਆਂ ਤਸਵੀਰਾਂ ਖਿਚਵਾਈਆਂ। ਇਸ ਕੀਵੀ ਔਰਤ ਨੇ ਪੁਲਿਸ ਅਤੇ ਭਾਰਤ ਸਥਿਤ ਕੰਪਨੀ ਦੇ ਮਾਲਕਾਂ ਤੱਕ ਆਪਣੀ ਸ਼ਿਕਾਇਤ ਭੇਜ ਦਿੱਤੀ ਹੈ।

ਪੁਲਿਸ ਨੇ ਵੀ ਪੁਸ਼ਟੀ ਕੀਤੀ ਹੈ ਕਿ ਉਹ ਇੱਕ ਔਰਤ ਦੀ ਸ਼ਿਕਾਇਤ ਦੀ ਜਾਂਚ-ਪੜ੍ਹਤਾਲ ਕਰ ਰਹੇ ਹਨ ਜਿਸ ਨੇ ਦੋਸ਼ ਲਗਾਇਆ ਹੈ ਕਿ ਉਸ ਨੂੰ ਫੜਿਆ ਗਿਆ ਜੋ ਜਸਵੀਰਾਂ ਖਿਚਵਾਉਣ ਲਈ ਰੋਕੀ ਰੱਖਿਆ ਗਿਆ। ਇਸ ਵੱਡੇ ਵਪਾਰਕ ਦੌਰੇ 'ਤੇ ਦੋ ਭਾਰਤੀ ਪੁਰਸ਼ਾਂ ਦੁਆਰਾ ਉਸ ਦੀਆਂ ਅਣਚਾਹੀਆਂ ਤਸਵੀਰਾਂ ਲਈਆਂ ਗਈਆਂ ਹਨ। ਆਪਣੇ ਇਕ ਸੂਤਰ ਤੋਂ ਇਸ ਪੱਤਰਕਾਰ ਵੱਲੋਂ ਲਈ ਜਾਣਕਾਰੀ ਮੁਤਾਬਿਕ ਵਫਦ ਵਿਚ ਸ਼ਾਮਿਲ ਮਰਦ ਅਤੇ ਔਰਤ ਅੱਧਖੜ ਉਮਰ ਵਾਲੇ ਸਨ ਅਤੇ ਅਜਿਹਾ ਕਿਵੇਂ ਅਤੇ ਕਿਉਂ ਹੋਇਆ ਸਮਝ ਨਹੀਂ ਆ ਰਿਹਾ।

ਇਹ ਵਿਅਕਤੀ ਅਮੂਲ ਨਾਮਕ ਵਿਸ਼ਾਲ ਭਾਰਤੀ ਡੇਅਰੀ ਕੰਪਨੀ ਨਾਲ ਜੁੜੇ ਇੱਕ ਸਹਿਕਾਰੀ ਅਦਾਰੇ ਦੇ ਪ੍ਰਤੀਨਿਧ ਸਨ। ਵੱਡਾ ਵਫ਼ਦ ਇੱਥੇ ਸਰਕਾਰ ਦੇ ਮੰਤਰੀਆਂ ਅਤੇ ਸੰਭਾਵੀ ਵਪਾਰਕ ਭਾਈਵਾਲਾਂ ਨਾਲ ਮੁਲਾਕਾਤ ਕਰਨ ਆਇਆ ਹੋਇਆ ਹੈ। ਘਟਨਾ 17 ਅਪ੍ਰੈਲ ਦੀ ਹੈ। ਸ਼ਿਕਾਇਤ ਕਰਨ ਵਾਲੀ ਔਰਤ 'ਨਗਾਹੀ ਤਾਹੂ' ਫਾਰਮਜ਼ (ਨਾਰਥ ਕੈਂਟਰਬਰੀ) ਦੀ ਕਰਮਚਾਰੀ ਹੈ ਅਤੇ ਦੋਸ਼ ਲਾਇਆ ਹੈ ਕਿ ਸੋਮਵਾਰ ਨੂੰ ਇੱਕ ਪ੍ਰੋਗਰਾਮ ਵਿੱਚ ਉਸਨੂੰ ਉਨ੍ਹਾਂ ਮਰਦਾਂ ਨੇ ਆਪਣੇ ਵੱਲ ਖਿਚਿਆ ਸੀ।




ਇਸ ਸਮਾਗਮ ਵਿਚ ਖੇਤੀਬਾੜੀ ਮੰਤਰੀ ਸ੍ਰੀ ਡੈਮੀਅਨ ਓ'ਕੋਨਰ ਅਤੇ ਖੇਤੀਬਾੜੀ ਦੇ ਅੰਡਰ ਸੈਕਟਰੀ ਸ੍ਰੀਮਤੀ ਜੋ ਲਕਸਟਨ ਦੋਵੇਂ ਮੌਜੂਦ ਸਨ। ਪਰ ਦੋਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਥਿਤ ਘਟਨਾ ਨੂੰ ਨਹੀਂ ਦੇਖਿਆ।

ਪ੍ਰਾਇਮਰੀ ਉਦਯੋਗ ਮੰਤਰਾਲਾ (ਐਮ ਪੀ ਆਈ) ਵਫ਼ਦ ਦੀ ਮੇਜ਼ਬਾਨੀ ਵਿੱਚ ਮਦਦ ਕਰ ਰਿਹਾ ਸੀ ਅਤੇ ਕਿਹਾ ਹੈ ਕਿ ਉਹ ਇਸ ਘਟਨਾ ਤੋਂ ਜਾਣੂ ਹੈ, ਅਤੇ ਸਹਾਇਤਾ ਦੀ ਪੇਸ਼ਕਸ਼ ਕਰਨ ਲਈ ਪੁਲਿਸ ਨਾਲ ਸੰਪਰਕ ਕੀਤਾ ਹੈ।

ਲਗਦਾ ਹੈ ਜਿਵੇਂ ਅਕਸਰ ਜਦੋਂ ਕੋਈ ਭਾਰਤੀ ਬਾਹਰ ਜਾਂਦਾ ਹੈ ਤਾਂ ਬਾਹਰਲੇ ਲੋਕਾਂ ਨਾਲ ਤਸਵੀਰਾਂ ਖਿਚਵਾ ਕੇ ਖੁਸ਼ੀ ਮਹਿਸੂਸ ਕਰਦਾ ਹੈ, ਲਗਦਾ ਹੈ ਅਜਿਹਾ ਹੀ ਮਾਮਲਾ ਹੋ ਗਿਆ ਹੈ। ਉਹ ਕੀਵੀ ਔਰਤ ਸ਼ਾਇਦ ਇਹੀ ਕਹਿੰਦੀ ਹੋਵੇਗੀ ਕਿ 'ਜਬਰਦਸਤੀ ਤਸਵੀਰਾਂ-ਕਿਹੜੀ ਗੱਲੋਂ ਵੀਰਾ।''

# ਕੈਲੇਫ਼ੋਰਨੀਆ 'ਚ ਜਾਤੀ ਭੇਦਭਾਵ ਦੇ ਖ਼ਿਲਾਫ਼ ਪਹਿਲੇ ਪੜਾਅ ਦਾ ਬਿੱਲ ਪਾਸ




**(ਸਫਾ 1 ਦੀ ਬਾਕੀ)**

ਸਬੰਧਤ ਤੇ 'ਦਿ ਟਰੌਮਾ ਆਫ ਕਾਸਟ' ਦੀ ਲੇਖਿਕਾ ਟੀ. ਸੌਂਦਰਾਰ-ਾਜਨ ਨੇ ਕਿਹਾ, 'ਅੱਜ, ਮੈਂ ਜਾਤੀ ਦਮਨ ਦਾ ਸ਼ਿਕਾਰ ਹੋਏ ਆਪਣੀ ਲੋਕਾਂ ਨਾਲ, ਜਾਤੀ ਬਰਾਬਰਤਾ ਦੀ ਮੁਹਿੰਮ ਨਾਲ ਜੁੜੇ ਸੰਗਠਨਾਂ ਅਤੇ ਹੋਰਾਂ ਸਾਥੀਆਂ ਨਾਲ ਇਕਜੁੱਟ ਹੋ ਕੇ ਖੜ੍ਹੀ ਹਾਂ, ਤੇ ਇਹ ਕਹਿ ਸਕਦੀ ਹਾਂ ਕਿ ਕੈਲੀਫੋਰਨੀਆ ਵਾਸੀ ਹੁਣ ਉਸ ਸੁਰੱਖਿਅਤ ਘੇਰੇ 'ਚ ਦਾਖਲ ਹੋਣ ਦੇ ਬਿਲਕੁਲ ਨੇੜੇ ਪਹੁੰਚ ਗਏ ਹਨ, ਜਿਸ ਦੇ ਉਹ ਹੱਕਦਾਰ ਹਨ।' ਇਸ ਤੋਂ ਪਹਿਲਾਂ ਇਕ ਮੀਡੀਆ ਕਾਨਫਰੰਸ ਵਿਚ ਉਨ੍ਹਾਂ ਕਿਹਾ ਕਿ ਇਹ ਬਿੱਲ 15 ਸਾਲਾਂ ਦੀ ਜਥੇਬੰਦਕ ਮੁਹਿੰਮ ਦਾ ਨਤੀਜਾ ਹੈ। ਇਸ ਬਿੱਲ ਦੀ ਸਖ਼ਤ ਲੋੜ ਹੈ ਕਿਉਂਕਿ ਕੈਲੀਫੋਰਨੀਆ ਵਿਚ ਕਿਸੇ ਵੀ ਏਸ਼ਿਆਈ-ਅਮਰੀਕੀ ਭਾਈਚਾਰੇ ਨਾਲ ਪੱਖਪਾਤ ਦੀ ਦਰ ਸਭ ਤੋਂ ਵੱਧ ਹੈ। ਸਿਆਟਲ ਵਿਚ ਪਾਸ ਕੀਤੇ ਗਏ ਮਤੇ ਪਿੱਛੇ ਵੀ 'ਇਕੁਐਲਿਟੀ ਲੈਬਜ਼' ਦਾ ਮਹੱਤਵਪੂਰਨ ਯੋਗਦਾਨ ਸੀ। ਇਹ ਸੰਗਠਨ ਪੂਰੇ ਦੇਸ਼ ਵਿਚ ਇਸ ਮੁਹਿੰਮ ਨੂੰ ਚਲਾ ਰਿਹਾ ਹੈ। ਅਮਰੀਕਾ ਵਿਚ ਜਾਤੀ ਅਧਾਰਿਤ ਪੱਖਪਾਤ ਨੂੰ ਗੈਰਕਾਨੂੰਨੀ ਬਣਾਉਣ ਵਾਲਾ ਸਿਆਟਲ ਪਹਿਲਾ ਸ਼ਹਿਰ ਹੈ। 'ਡੈਮੋਕਰੈਕਿਟ ਚੇਅਰ ਆਫ ਪ੍ਰੋਗਰੈਸਿਵ ਕਾਕਸ' ਅਮਰ ਸ਼ੇਰਗਿੱਲ ਨੇ ਕਿਹਾ ਕਿ ਕੈਲੀਫੋਰਨੀਆ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਕਿਸੇ ਵੀ ਕਿਸਮ ਦਾ ਪੱਖਪਾਤ ਜਾਂ ਹਿੰਸਾ ਬਰਦਾਸ਼ਤ ਨਹੀਂ ਕਰੇਗਾ।

ਇਸ ਨਾਲ ਅਮਰੀਕਾ ਦਾ ਸਭ ਤੋਂ ਵੱਧ ਆਬਾਦੀ ਵਾਲਾ ਰਾਜ ਕੈਲੀਫੋਰਨੀਆ ਜਾਤ ਅਧਾਰਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਪਹਿਲਾ ਅਮਰੀਕੀ ਰਾਜ ਬਣ ਜਾਵੇਗਾ।

ਭਾਰਤੀ ਮੂਲ ਦੀ ਦਲਿਤ ਅਧਿਕਾਰ ਕਾਰਕੁਨ ਅਤੇ 'ਦਿ ਟਰਾਮਾ ਆਫ਼ ਕਾਸਟ' ਦੀ ਲੇਖਕ ਤੰਮੋਜ਼ੀ ਸੁੰਦਰਰਾਜਨ ਨੇ ਕਿਹਾ, 'ਅੱਜ ਮੈਂ ਮਾਣ ਨਾਲ ਆਪਣੇ ਜਾਤੀ-ਪੀੜਤ ਭਾਈਚਾਰੇ ਦੇ ਮੈਂਬਰਾਂ, ਜਾਤੀ ਸਮਾਨਤਾ ਅੰਦੋਲਨ ਦੇ ਮੋਢੀਆਂ ਅਤੇ ਸਹਿਯੋਗੀਆਂ ਨਾਲ ਖੜ੍ਹੀ ਹਾਂ ਇਹ ਕਹਿਣ ਲਈ ਕੈਲੀਫੋਰਨੀਆ 'ਚ ਜਾਤ ਅਧਾਰਤ ਭੇਦਭਵ ਦਾ ਸ਼ਿਕਾਰ ਲੋਕ ਹੁਣ ਉਹ ਸੁਰੱਖਿਅ ਹਾਸਲ ਕਰਨ ਦੇ ਨੇੜੇ ਹਨ ਜਿਸ ਦੇ ਉਹ ਹੱਕਦਾਰ ਹਨ।'

**(ਹੋਰ ਤਸਵੀਰਾਂ ਅੰਦਰ ਦੇਖੋ)**







NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676

www.nsbinsures.com

1519 Gary CT., Rohnert Park, CA 94928



RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



# ਕੈਲੇਫੋਰਨੀਆ 'ਚ ਜਾਤੀ ਭੇਦਭਾਵ ਦੇ ਖ਼ਿਲਾਫ਼ ਪਹਿਲੇ ਪੜਾਅ ਦਾ ਬਿੱਲ ਪਾਸ









ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)















# ਕੈਲੇਫੋਰਨੀਆ 'ਚ ਜਾਤੀ ਭੇਦਭਾਵ ਦੇ ਖ਼ਿਲਾਫ਼ ਪਹਿਲੇ ਪੜਾਅ ਦਾ ਬਿੱਲ ਪਾਸ









ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ
(ਦੇਸ਼ ਦੁਆਬਾ)













# ਕਿਤਾਬਾਂ ਸਾਡਾ ਅਮੀਰ ਤੇ ਮਾਣ-ਮੱਤਾ ਵਿਰਸਾ ਹਨ

ਪ੍ਰੋ. ਗਗਨਦੀਪ ਕੌਰ ਧਾਲੀਵਾਲ ਝਲੂਰ ਬਰਨਾਲਾ

ਆਧੁਨਿਕਤਾ ਨੇ ਮਨੁੱਖ ਨੂੰ ਕਿਤਾਬਾਂ ਤੋਂ ਕੋਹਾਂ ਦੂਰ ਕਰ ਦਿੱਤਾ ਹੈ। ਭਾਵੇਂ ਮੋਬਾਈਲ ਕ੍ਰਾਂਤੀ ਨੇ ਮਨੁੱਖ ਦੇ ਗਿਆਨ ਵਿੱਚ ਅਥਾਹ ਵਾਧਾ ਕੀਤਾ ਹੈ, ਪਰ ਕਿਤਾਬਾਂ ਦਾ ਆਪਣਾ ਵੱਖਰਾ ਹੀ ਮੁਕਾਮ ਹੈ। ਚੰਗੀਆਂ ਕਿਤਾਬਾਂ ਤਾਂ ਇਨਸਾਨ ਦੀ ਤਕਦੀਰ ਪਲਟ ਦਿੰਦੀਆਂ ਹਨ। ਕਿਸੇ ਕਿਤਾਬ ਵਿੱਚ ਲਿਖੀਆਂ ਕੁਝ ਸਤਰਾਂ ਤੁਹਾਡੀ ਕਾਇਆ ਕਲਪ ਕਰ ਸਕਦੀਆਂ ਹਨ, ਤੁਹਾਡਾ ਆਚਾਰ, ਵਿਹਾਰ ਅਤੇ ਦ੍ਰਿਸ਼ਟੀਕੋਣ ਬਦਲ ਸਕਦੀਆਂ ਹਨ। ਇੱਕ ਚੰਗੀ ਕਿਤਾਬ ਮਨੁੱਖ ਦੀ ਸੱਚੀ ਦੋਸਤ ਹੁੰਦੀ ਹੈ। ਲਾਰਡ ਬਾਇਰਨ ਦਾ ਕਥਨ ਹੈ ਕਿ ''ਸਿਆਹੀ ਦਾ ਇੱਕ ਕਤਰਾ ਲੱਖਾਂ ਲੋਕਾਂ ਦੀ ਸੋਚ ਵਿੱਚ ਹਿਲਜੁਲ ਮਚਾ ਦਿੰਦਾ ਹੈ।'' ਹਜ਼ਰਤ ਮੁਹ-ਮਦ ਸਾਹਿਬ ਨੇ ਤਾਂ ਲਿਖਾਰੀ ਦਾ ਬਹੁਤ ਉੱਚਾ ਮੁੱਲ ਪਾਇਆ ਹੈ। ਫ਼ਰਮਾਨ ਹੈ: ''ਲੇਖਕਾਂ ਦੀ ਸਿਆਹੀ ਸ਼ਹੀਦਾਂ ਦੇ ਲਹੂ ਦੇ ਕਤਰਿਆਂ ਤੋਂ ਵਧੇਰੇ ਪਾਕ ਹੈ। ਚੇਤੇ ਰਹੇ! ਘਟੀਆ ਕਿਸਮ ਦਾ ਸਾਹਿਤ ਪੜ੍ਹਨ ਨਾਲ ਮਨੁੱਖ ਗਿਰਾਵਟ ਵਾਲੇ ਪਾਸੇ ਜਾ ਡਿੱਗਦਾ ਹੈ ਭਾਵ ਉਹ ਅਗਿਆਨਤਾ ਦੀ ਅਜਿਹੀ ਹਨੇਰੀ ਰਾਤ ਵੱਲ ਧੱਕਿਆ ਜਾਂਦਾ ਹੈ ਜਿਸ ਵਿੱਚ ਨਾ ਚੰਦ ਹੈ ਤੇ ਨਾ ਤਾਰੇ। ਪ੍ਰੋ. ਮੋਹਨ ਸਿੰਘ ਦੀਆਂ ਨਿਮਨ ਦਰਜ ਸਤਰਾਂ ਅਜਿਹੀ ਹਨੇਰੀ ਰਾਤ ਵੱਲ ਹੀ ਸੰਕੇਤ ਕਰਦੀਆਂ ਹਨ: ਪੜ੍ਹ-ਪੜ੍ਹ ਕਿਤਾਬਾਂ ਢੇਰ ਕੁੜੇ, ਮੇਰਾ ਵਧਦਾ ਜਾਏ ਹਨੇਰ ਕੁੜੇ। ਸੱਚਮੁੱਚ! ਕਈ ਕਿਤਾਬਾਂ ਤਾਂ ਉੱਕਾ ਹੀ ਪੜ੍ਹਨਯੋਗ ਨਹੀਂ ਹੁੰਦੀਆਂ। ਜਿਨ੍ਹਾਂ ਕੋਲ ਕਹਿਣ ਲਈ ਕੁਝ ਨਾ ਹੋਵੇ, ਉਨ੍ਹਾਂ ਨੂੰ ਕਿਤਾਬਾਂ ਲਿਖਣ ਦੀ ਬਜਾਇ ਕੋਈ ਹੋਰ ਸ਼ੌਕ ਪਾਲਣਾ ਚਾਹੀਦਾ ਹੈ। ਅਜਿਹੇ ਅਖੌਤੀ ਲਿਖਾਰੀਆਂ ਨੂੰ ਮੁਹੰਮਦ ਬਖ਼ਸ਼ ਸਲਾਹ ਦਿੰਦਾ ਹੈ ਕਿ ''ਬਿਹਤਰ ਚੁੱਪ ਮੁਹੰਮਦ ਬਖਸ਼ਾ ਸੁਖਨ ਅਜਿਹੇ ਨਾਲੋਂ।'' ਲਿਖਾਰੀ ਦਾ ਰੁਤਬਾ ਤਾਂ ਬਹੁਤ ਉੱਚਾ ਹੈ-ਜਣਾ-ਖਣਾ ਲਿਖਾਰੀ ਦੀ ਪਦਵੀ ਪ੍ਰਾਪਤ ਨਹੀਂ ਕਰ ਸਕਦਾ। ਬਾਬਾ ਨਾਨਕ ਦੇ ਇਸ ਫ਼ਰਮਾਨ-''ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥'' 'ਤੇ ਕੋਈ ਕਰਮਾਂ ਵਾਲਾ ਹੀ ਖਰਾ ਉੱਤਰਦਾ ਹੈ। ਅਜੋਕੀ ਨੌਜਵਾਨ ਪੀੜ੍ਹੀ ਤਾਂ ਬਿਲਕੁਲ ਹੀ ਕਿਤਾਬਾਂ ਤੋਂ ਦੂਰ ਹੁੰਦੀ ਜਾ ਰਹੀ ਹੈ।ਇਹ ਕਿਤਾਬਾਂ ਹੀ ਹਨ ਜਿਹਨਾਂ ਨੂੰ ਮੈਂ ਆਪਣੇ ਅੰਦਰਲੀ ਹਰ ਚੰਗਿਆਈ ਦਾ ਸਿਹਰਾ ਦਿੰਦੀ ਹਾਂ। ਮੈਂ ਆਪਣੇ ਸਾਹਿਤਕ ਸਫਰ ਦੇ ਦਿਨਾਂ ਵਿੱਚ ਹੀ ਇਹ ਮਹਿਸੂਸ ਕਰ ਲਿਆ ਸੀ ਕਿ ਕਲਾ ਲੋਕਾਂ ਨਾਲੋਂ ਜ਼ਿਆਦਾ ਖੁੱਲਦਿਲੀ ਹੁੰਦੀ ਹੈ। ਮੈਂ ਕਿਤਾਬ -ਪ੍ਰੇਮੀ ਹਾਂ; ਹਰ ਕਿਤਾਬ ਮੈਨੂੰ ਇੱਕ ਚਮਤਕਾਰ ਜਾਪਦੀ ਹੈ, ਅਤੇ ਲੇਖਕ ਇੱਕ ਜਾਦੂਗਰ । ਕਿਤਾਬਾਂ ਜ਼ਿੰਦਗੀ ਵਿੱਚ ਮੇਰੀ ਰਹਿਨੁਮਾਈ ਕਰਦੀਆਂ ਹਨ।ਕਿਤਾਬਾਂ ਅਜਿਹਾ ਸ਼ਾਹੀ ਖ਼ਜ਼ਾਨਾ ਹਨ, ਜਿਨ੍ਹਾਂ ਵਿੱਚ ਅਮੁੱਲ ਗਿਆਨ, ਵਿਚਾਰ ਤੇ ਭਾਵਨਾਵਾਂ ਦਾ ਸੰਗ੍ਰਹਿ ਹੁੰਦਾ ਹੈ। ਮੌਜੂਦਾ ਸਮੇਂ ਵਿੱਚ ਜਿੱਥੇ ਟੀ.ਵੀ ਤੇ ਕੰਪਿਊਟਰ ਆਦਿ ਸਾਧਨਾਂ ਨੇ ਮਨੁੱਖ ਦੀ ਜ਼ਿੰਦਗੀ ਵਿੱਚ ਤੇਜ਼ੀ ਨਾਲ ਸਥਾਨ ਬਣਾ ਲਿਆ ਹੈ, ਉਥੇ ਕਿਤਾਬਾਂ ਨੂੰ ਪਿੱਛੇ ਨਹੀਂ ਛੱਡਿਆ ਜਾ ਸਕਦਾ। ਅੱਜ ਦੀ ਨਵੀਂ ਪੀੜ੍ਹੀ ਤਾਂ ਆਪਣਾ ਜ਼ਿਆਦਾ ਸਮਾਂ ਫੇਸਬੁੱਕ, ਵ੍ਹਟਸਐਪ, ਇੰਸਟਾਗ੍ਰਾਮ ਆਦਿ ਸੋਸ਼ਲ ਸਾਈਟਾਂ 'ਤੇ ਹੀ ਬਤੀਤ ਕਰਦੀ ਹੈ। ਉਹ ਸਮਾਂ ਹੁਣ ਖ਼ਤਮ ਹੁੰਦਾ ਜਾ ਰਿਹਾ ਹੈ, ਜਦੋਂ ਹਰ ਪੜ੍ਹਿਆ-ਲਿਖਿਆ ਮਨੁੱਖ ਘਰ 'ਚ ਕਿਤਾਬਾਂ ਲਈ ਵੱਖਰੇ ਤੌਰ 'ਤੇ ਲਾਇਬ੍ਰੇਰੀ ਬਣਾ ਕੇ ਰੱਖਦਾ ਸੀ। ਆਧੁਨਿਕ ਯੁੱਗ ਤਕਨੀਕ ਦਾ ਯੁੱਗ ਹੈ। ਅੱਜ ਅਸੀਂ ਕਿਸੇ ਵੀ ਖੇਤਰ 'ਚ ਕੰਮ ਕਰ ਹਾਂ ਪਰ ਬਿਨਾ ਕਿਸੇ ਤਕਨੀਕੀ ਉਪਕਰਨ ਦੇ ਕੋਈ ਵੀ ਕੰਮ ਸਹੀ ਤੇ ਸਮੇਂ ਸਿਰ ਮੁਕੰਮਲ ਨਹੀਂ ਕਰ ਸਕਦੇ।



ਕਿਤਾਬਾਂ ਗਿਆਨ ਨੂੰ ਸੰਜੋਅ ਕੇ ਰੱਖਣ ਦਾ ਬਹੁਤ ਵਧੀਆ ਸਾਧਨ ਹਨ। ਜਿਹੜੀ ਗੱਲ ਕਿਸੇ ਕਿਤਾਬ 'ਚੋਂ ਅਸੀਂ ਪੜ੍ਹ ਲਈ, ਉਹ ਜ਼ਿੰਦਗੀ ਭਰ ਸਾਨੂੰ ਯਾਦ ਰਹਿੰਦੀ ਹੈ। ਜੇ ਕਿਤੇ ਭੁੱਲ ਵੀ ਜਾਈਏ ਤਾਂ ਝੱਟ ਉਹ ਕਿਤਾਬ ਖੋਲ੍ਹੀ ਤੇ ਦੁਬਾਰਾ ਪੜ੍ਹ ਕੇ ਫਿਰ ਯਾਦ ਕਰ ਲਿਆ। ਇੱਕ ਵਿਦਵਾਨ ਦਾ ਕਥਨ ਹੈ ਕਿ ਕਿਤਾਬਾਂ ਪੜ੍ਹਨਾ ਸਮਾਂ ਬਰਬਾਦ ਕਰਨਾ ਨਹੀਂ ਹੈ। ਇੱਕ ਚੰਗੀ ਕਿਤਾਬ ਸੁਹਿਰਦ ਦੋਸਤ ਵਰਗੀ ਹੁੰਦੀ ਹੈ। ਕਿਤਾਬ ਪੜ੍ਹਨ ਨਾਲ ਮਨੁੱਖ ਦਾ ਗਿਆਨ ਤਾਂ ਵਧਦਾ ਹੀ ਹੈ, ਸਗੋਂ ਉਸ ਦਾ ਨਜ਼ਰੀਆ ਵੀ ਵਿਸ਼ਾਲ ਹੋ ਜਾਂਦਾ ਹੈ। ਉਹ ਤੰਗ-ਖਿਆਲੀ ਦੇ ਘੇਰੇ 'ਚੋਂ ਨਿਕਲ ਕੇ ਮਾਨਵਵਾਦੀ ਵਿਚਾਰਾਂ ਦਾ ਧਾਰਨੀ ਹੋ ਜਾਂਦਾ ਹੈ। ਸਾਡੇ ਸਮਾਜ ਵਿੱਚ ਵੱਡੀਆਂ-ਵੱਡੀਆਂ ਲਾਇਬ੍ਰੇਰੀਆਂ ਬਣੀਆਂ ਹੋਈਆਂ ਹਨ। ਕਿਤਾਬਾਂ ਪੜ੍ਹਨ ਦੇ ਚਾਹਵਾਨਾਂ ਲਈ ਲਾਇਬ੍ਰੇਰੀਆਂ ਕਿਸੇ ਵਰਦਾਨ ਤੋਂ ਘੱਟ ਨਹੀਂ ਹਨ।

ਕਿਤਾਬਾਂ ਤੁਹਾਡੇ ਅੰਦਰਲੇ ਨੂੰ ਰੋਸ਼ਨ ਕਰਦੀਆਂ ਹਨ ਅਤੇ ਜੀਵਨ 'ਤੇ ਤੁਹ-ੜੀ ਪਕੜ ਨੂੰ ਪੀਡਾ ਕਰਦੀਆਂ ਹਨ।

ਸੈਮੂਅਲ ਜਾਹਨਸਨ ਮੁਤਾਬਕ, ''ਤੁਸੀਂ ਤਦ ਤਕ ਸਿਆਣੇ ਨਹੀਂ ਬਣ ਸਕਦੇ, ਜਦ ਤਕ ਤੁਸੀਂ ਪੜ੍ਹਨਾ ਪਸੰਦ ਨਹੀਂ ਕਰਦੇ।'' ਮਤਲਬ ਇਹ ਕਿ ਚੰਗੀਆਂ ਕਿਤਾਬਾਂ ਪੜ੍ਹਨ ਨਾਲ ਬੌਧਿਕ ਤੇ ਮਾਨਸਿਕ ਸਮਰੱਥਾ ਵਿੱਚ ਵਾਧਾ ਹੁੰਦਾ ਹੈ। ਦਰਅਸਲ, ਪੁਸਤਕਾਂ ਰਾਹੀਂ ਤੁਸੀਂ ਮਹਾਨ ਵਿਅਕਤੀਆਂ ਦੇ ਸੰਪਰਕ ਵਿੱਚ ਆਉਂਦੇ ਹੋ।

ਇਸ ਸਬੰਧ ਵਿੱਚ ਆਰ. ਡੇਸਕਰਟੇਜ਼ ਦਾ ਕਥਨ ਹੈ,''ਚੰਗੀਆਂ ਕਿਤਾਬਾਂ ਪੜ੍ਹਨੀਆਂ ਕਿਸੇ ਮਹਾਨ ਵਿਅਕਤੀ ਨਾਲ ਗੱਲ ਕਰਨ ਦੇ ਬਰਾਬਰ ਹੈ।'' ਇਸ ਲਈ ਚੰਗਾ ਸਾਹਿਤ ਪੜ੍ਹਨਾ ਬੁੱਧੀਮਾਨ ਬਣਨ ਦਾ ਮੁੱਖ ਉਪਾਅ ਹੈ। ਚੰਗੀ ਬੋਲ-ਚਾਲ ਤੇ ਉੱਠਣ-ਬੈਠਣ ਦਾ ਸਲੀਕਾ, ਢੁਕਵੇਂ ਸ਼ਬਦਾਂ ਦੇ ਗਿਆਨ ਦੀ ਮੰਗ ਕਰਦਾ ਹੈ। ਕਿਤਾਬਾਂ ਤੁਹਾਨੂੰ ਲੋੜੀਂਦੇ ਸ਼ਬਦਾਂ ਨਾਲ ਭਰਪੂਰ ਕਰਦੀਆਂ ਹਨ ਅਤੇ ਜ਼ਿੰਦਗੀ ਦੇ ਨਵੇਂ ਭੇਦ ਖੋਲ੍ਹਦੀਆਂ ਹਨ। ਇਹ ਸ਼ਬਦ ਹੀ ਹੁੰਦੇ ਹਨ ਜੋ ਤੁਹਾਡੀ ਸੂਰਤ ਨੂੰ ਸੀਰਤ ਪ੍ਰਦਾਨ ਕਰਦੇ ਹਨ।

ਬਰਨਾਰਡ ਸ਼ਾਅ ਨੇ ਠੀਕ ਹੀ ਕਿਹਾ ਹੈ ਕਿ ''ਪੜ੍ਹਨਾ ਤਾਂ ਅਸੀਂ ਸਾਰੇ ਜਾਣਦੇ ਹਾਂ ਪਰ ਕੀ ਪੜ੍ਹਨਾ ਚਾਹੀਦਾ ਹੈ, ਕੋਈ ਹੀ ਜਾਣਦਾ ਹੈ।'' ਇਸ ਲਈ ਕੀ ਪੜ੍ਹਨਾ ਤੇ ਕੀ ਨਹੀਂ ਪੜ੍ਹਨਾ, ਦੀ ਸੂਚੀ ਕੰਠ ਹੋਣੀ ਚਾਹੀਦੀ ਹੈ ਅਤੇ ਇਸ 'ਤੇ ਇਮਾਨਦਾਰੀ ਨਾਲ ਅਮਲ ਹੋਣਾ ਚਾਹੀਦਾ ਹੈ। ਸ਼ੈਕਸਪੀਅਰ ਕਹਿੰਦਾ ਹੈ ਕਿ ''ਗਿਆਨ ਉਹ ਖੰਭ ਹੈ ਜਿਸ ਰਾਹੀਂ ਅਸੀਂ ਸਵਰਗ ਵੱਲ ਉੱਡ ਸਕਦੇ ਹਾਂ।'' ਇਸ ਲਈ ਜੇ ਤੁਸੀਂ ਉੱਚੀਆਂ ਉਡਾਰੀਆਂ ਭਰਨਾ ਚਾਹੁੰਦੇ ਹੋ ਤਾਂ ਚੰਗੀਆਂ ਕਿਤਾਬਾਂ ਰਾਹੀਂ ਗਿਆਨ ਪ੍ਰਾਪਤ ਕਰੋ। ਕਿਤਾਬਾਂ ਸਾਡੇ ਦਿਮਾਗ ਨੂੰ 'ਸਾਣ 'ਤੇ ਲਾਉਂਦੀਆਂ ਹਨ ਅਤੇ ਸੱਤ ਸਮੁੰਦਰੋਂ ਪਾਰ ਦੀ ਖ਼ਬਰਸਾਰ ਦਿੰਦੀਆਂ ਹਨ। ਇਸੇ ਭਾਵਨਾ ਨੂੰ ਪ੍ਰਗਟਾਉਂਦਾ ਐਮਿਲੀ ਡਿਕਨਸਨ ਦਾ ਇੱਕ ਕਥਨ ਹੈ- ''ਕਿਤਾਬ ਵਰਗਾ ਕੋਈ ਜਹਾਜ਼ ਨਹੀਂ, ਜੋ ਸਾਨੂੰ ਦੇਸ਼ਾਂ-ਦੇਸ਼ਾਂਤਰਾਂ ਤੋਂ ਪਾਰ ਲੈ ਜਾਂਦਾ ਹੈ।

ਅੱਜ ਦੇ ਯੁੱਗ ਵਿੱਚ ਲੇਖਕ ਨਵੇਂ-ਨਵੇਂ ਵਿਸ਼ਿਆਂ 'ਤੇ ਕਿਤਾਬਾਂ ਲਿਖ ਰਹੇ ਹਨ, ਜੋ ਸਾਡੇ ਗਿਆਨ ਵਿੱਚ ਵਾਧਾ ਤਾਂ ਕਰਦੇ ਹੀ ਹਨ, ਸਗੋਂ ਜੀਵਨ ਨੂੰ ਸਹੀ ਸੇਧ ਵੀ ਦਿੰਦੇ ਹਨ। ਮਾਪਿਆਂ ਨੂੰ ਛੋਟੀ ਉਮਰ ਦੇ ਬੱਚਿਆਂ ਅਤੇ ਸਕੂਲ ਵਿੱਚ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਕਿਤਾਬਾਂ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਹੋ ਸਕੇ। ਛੋਟੀ ਤੋਂ ਛੋਟੀ ਤੇ ਵੱਡੀ ਤੋਂ ਵੱਡੀ ਕਿਤਾਬ ਸਾਡੇ ਗਿਆਨ ਦਾ ਘੇਰਾ ਵਧਾਉਂਦੀ ਹੈ। ਬੱਸ ਲੋੜ ਇਸ ਗੱਲ ਦੀ ਹੈ ਕਿ ਇਹ ਗਿਆਨ ਕਦੋਂ ਤੇ ਕਿਸ ਤਰ੍ਹਾਂ ਪ੍ਰਾਪਤ ਕਰਨਾ ਹੈ?ਕਿਤਾਬਾਂ ਸਾਨੂੰ ਬੀਤੇ ਸਮੇਂ ਬਾਰੇ ਵੀ ਚਾਨਣਾ ਪਾਉਂਦੀਆਂ ਹਨ, ਜਿਵੇਂ ਪੁਰਾਣੇ ਸਮੇਂ ਦੀਆਂ ਜੰਗਾਂ, ਯੁੱਧਾਂ, ਰਾਜਿਆਂ-ਮਹਾਰਾਜਿਆਂ, ਸ਼ਹੀਦਾਂ, ਦੇਸ਼-ਭਗਤਾਂ ਦੀਆਂ ਕੁਰਬਾਨੀਆਂ ਆਦਿ ਬਾਰੇ। ਜਿਨ੍ਹਾਂ ਵਿਸ਼ਿਆਂ ਬਾਰੇ ਅਸੀਂ ਨਹੀਂ ਜਾਣਦੇ, ਉਨ੍ਹਾਂ ਬਾਰੇ ਕਿਤਾਬਾਂ ਸਾਨੂੰ ਦੱਸਦੀਆਂ ਹਨ। ਕਿਤਾਬਾਂ ਬਾਰੇ ਕਿਸੇ ਲੇਖਕ ਨੇ ਸੱਚ ਕਿਹਾ ਹੈ, ''ਚੁੱਪ ਰਹਿ ਕੇ ਵੀ ਬੋਲਦੀਆਂ ਕਿਤਾਬਾਂ, ਵਰਕੇ ਜ਼ਿੰਦਗੀ ਦੇ ਖੋਲ੍ਹਦੀਆਂ ਕਿਤਾਬਾਂ।''

ਕਿਤਾਬਾਂ ਪੜ੍ਹਨ ਤੋਂ ਬਿਨਾਂ ਮਨੁੱਖ ਗਿਆਨਵਾਨ ਨਹੀਂ ਬਣ ਸਕਦਾ। ਚੰਗੀਆਂ ਕਿਤਾਬਾਂ ਪੜ੍ਹਨਾ, ਗਿਆਨ ਪ੍ਰਾਪਤੀ ਤੋਂ ਇਲਾਵਾ ਇੱਕ ਆਨੰਦਦਾਇਕ ਸਰਗਰਮੀ ਵੀ ਹੈ। ਤਾਹੀਓਂ, ਕਿਤਾਬਾਂ ਪੜ੍ਹਨ ਦਾ ਸ਼ੌਕੀਨ ਵਿਅਕਤੀ ਕਦੇ ਬੋਰੀਅਤ ਦੀ ਸ਼ਿਕਾਇਤ ਨਹੀਂ ਕਰਦਾ। ਉਹ ਤਾਂ ਲਾਗਨ ਪੀਅਰਸਨ ਸਮਿਥ ਵਾਂਗ ਕਹਿੰਦਾ ਹੈ ਕਿ ''ਮੈਨੂੰ ਇੱਕ ਬਿਸਤਰਾ ਅਤੇ ਇੱਕ ਕਿਤਾਬ ਦੇ ਦਿਓ। ਬਸ, ਮੈਂ ਖ਼ੁਸ਼ ਹਾਂ।'' ਚੰਗੀ ਕਿਤਾਬ ਤਾਂ ਰੂਹ ਨੂੰ ਸਰਸ਼ਾਰ ਕਰ ਦਿੰਦੀ ਹੈ। ਜੇ ਯਕੀਨ ਨਹੀਂ ਆਉਂਦਾ ਤਾਂ 'ਹੀਰ ਵਾਰਿਸ' ਪੜ੍ਹ ਕੇ ਵੇਖੋ, ਜਿਸ ਬਾਰੇ ਕਿਸੇ ਸ਼ਾਇਰ ਨੇ ਬਾਖ਼ੂਬੀ ਕਿਹਾ ਹੈ: ਵਾਰਿਸ ਸ਼ਾਹ ਦਾ ਪਾਕ ਕਲਾਮ ਪੜ੍ਹਨਾ, ਬੂਰੀ ਮੱਝ ਦੀ ਚੁੰਘਣੀ ਧਾਰ ਹੈ ਜੀ। ਗੱਲ ਕੀ, ਚੰਗੀ ਕਿਤਾਬ ਰੂਹ ਦੀ ਖ਼ੁਰਾਕ ਹੋ ਨਿੱਬੜਦੀ ਹੈ। ਸੱਚ ਤਾਂ ਇਹ ਹੈ ਕਿ ਚੰਗੀ ਕਿਤਾਬ ਵਰਗਾ ਹੋਈ ਦੋਸਤ ਨਹੀਂ। ਤੁਹਾਡਾ ਇਹ ਬੇਗਰਜ਼ ਦੋਸਤ, ਤੁਹਾਥੋਂ ਕਿਸੇ ਚੀਜ਼ ਦੀ ਮੰਗ ਨਾ ਕਰਦਾ ਹੋਇਆ, ਤੁਹਾਡੇ ਗਿਆਨ ਵਿੱਚ ਨਿੱਗਰ ਵਾਧਾ ਕਰਦਾ ਹੈ। ਕਿਤਾਬਾਂ ਸਾਡਾ ਅਮੀਰ ਤੇ ਮਾਣ-ਮੱਤਾ ਵਿਰਸਾ ਹਨ। ਯੂਨਾਨ ਦੇ ਸਮਰਾਟ ਸਿਕੰਦਰ ਨੂੰ ਦੁਨੀਆਂ ਸਿਕੰਦਰ ਮਹਾਨ ਜਾਂ 'ਅਲੈਗਜ਼ੈਂਡਰ ਦਿ ਗਰੇਟ' ਕਹਿੰਦੀ ਹੈ। ਸਿਕੰਦਰ ਦੇ ਮਹਾਨ ਬਣਨ ਅਤੇ ਐਨੀ ਕਾਮਯਾਬੀ ਹਾਸਲ ਕਰਨ ਵਿੱਚ ਸਭ ਤੋਂ ਵੱਡਾ ਰੋਲ ਉਸਦੇ ਉਸਤਾਦ ਅਰਸਤੂ ਦੀ ਦਿੱਤੀ ਹੋਈ ਸਿੱਖਿਆ ਮੰਨੀ ਜਾਂਦੀ ਹੈ। ਕਹਾਣੀ ਸੀ ਟ੍ਰਾਇ ਦੇ ਯੁੱਧ ਦੀ, ਜਿਸ ਨੂੰ ਯੂਨਾਨੀ ਕਵੀ ਹੋਮਰ ਨੇ ਆਪਣੇ ਮਹਾਕਾਵਿ 'ਇਲੀਅਡ' ਵਿੱਚ ਵਿਸਤਾਰ ਨਾਲ ਬਿਆਨ ਕੀਤਾ ਹੈ। ਅਸਲ ਵਿੱਚ ਅਰਸਤੂ ਨੇ ਸਿਕੰਦਰ ਨੂੰ ਇੱਕ ਕਹਾਣੀ ਸੁਣਾਈ ਸੀ, ਇਹ ਕਹਾਣੀ ਕੁਝ ਕਲਪਨਾ ਅਤੇ ਕੁਝ ਹਕੀਕਤ ਦੇ ਸੁਮੇਲ ਨਾਲ ਬਣੀ ਸੀ। ਇਲੀਅਡ ਇੱਕ ਅਜਿਹਾ ਮਹਾਕਾਵਿ ਹੈ, ਜਿਸ ਨੇ ਸਿਕੰਦਰ ਨੂੰ ਜਿੱਤ ਦੇ ਜਜ਼ਬੇ ਨਾਲ ਭਰ ਦਿੱਤਾ। ਉਸ ਨੇ ਟ੍ਰਾਇ ਦੀ ਲੜਾਈ ਨਾਲ ਗਰੀਕ ਰਾਜਿਆਂ ਦੀ ਇੱਕਜੁਟਤਾ ਅਤੇ ਯੁੱਧ ਦੀ ਰਣਨੀਤੀ ਦਾ ਸਬਕ ਸਿੱਖਿਆ ਅਤੇ ਫਿਰ ਦੁਨੀਆਂ ਜਿੱਤ ਲਈ। ਇਸ ਤਰਾਂ ਇਹ ਕਿਤਾਬ ਵਿੱਚ ਲਿਖੀ ਕਹਾਣੀ ਨੇ ਸਿਕੰਦਰ ਦੀ ਦੁਨੀਆਂ ਬਦਲ ਦਿੱਤੀ। ਕਹਾਣੀਆਂ ਦੀ ਕਦਰ ਸਿਰਫ਼ ਕਿਤਾਬਾਂ ਦੇ ਪੰਨਿਆਂ ਤੱਕ ਹੀ ਨਹੀਂ ਹੈ ਬਲਕਿ ਇਨਸਾਨੀ ਜ਼ਿੰਦਗੀ ਵਿੱਚ ਵੀ ਉਨ੍ਹਾਂ ਦੀ ਕੀਮਤ ਹੈ। ਇੱਕ ਪੂਰੀ ਕਿਤਾਬ ਵਿੱਚੋਂ ਹੋ ਸਕਦਾ ਹੈ ਕਿ ਤੁਹਾਨੂੰ ਇੱਕ ਦਿਲ ਟੁੰਬਵੇਂ ਫ਼ਿਕਰੇ ਤੋਂ ਬਿਨਾਂ ਹੋਰ ਕੁਝ ਵੀ ਨਾ ਮਿਲੇ, ਪਰ ਇਹੀ ਉਹ ਫ਼ਿਕਰਾ ਹੁੰਦਾ ਹੈ ਜੋ ਤੁਹਾਨੂੰ ਮਨੁੱਖ ਦੇ ਹੋਰ ਨਜ਼ਦੀਕ ਲੈ ਜਾਂਦਾ ਹੈ ਅਤੇ ਇੱਕ ਨਵੀਂ ਮੁਸਕਾਨ ਜਾਂ ਦਰਦ ਦਾ ਭੇਦ ਖੋਲ ਦਿੰਦਾ ਹੈ।ਇੱਕ ਹੋਰ ਸ਼ੇਅਰ ਵਿੱਚ ਕਿਤਾਬਾਂ ਬਾਰੇ ਕਿਹਾ ਹੈ ਕਿਸੇ ਨੇ ਕਿ-

ਸਦੀਆਂ ਦੇ ਇਤਿਹਾਸ, ਵਿਚ ਮਹਿਫ਼ੂਜ਼ ਕਿਤਾਬਾਂ ਦੇ,
ਸਮੁੱਚੀ ਜ਼ਿੰਦਗੀ ਵਿਚ ਮੌਜੂਦ ਕਿਤਾਬਾਂ ਦੇ।

ਕਿਤਾਬਾਂ ਸਾਡੇ ਜੀਵਨ ਵਿੱਚ ਉਸਾਰੂ ਅਤੇ ਚਰਿੱਤਰ ਨਿਰਮਾਣ ਵਿੱਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਸਾਨੂੰ ਇਨ੍ਹਾਂ ਨਾਲ ਦੋਸਤੀ ਕਰਨੀ ਚਾਹੀਦੀ ਹੈ, ਕਿਉਂਕਿ ਇੱਕ ਸੱਚਾ ਦੋਸਤ ਜੀਵਨ ਵਿੱਚ ਸਹੀ ਮਾਰਗ ਦਰਸ਼ਕ ਹੁੰਦਾ ਹੈ ਤੇ ਕਿਤਾਬਾਂ ਸਾਡੇ ਜੀਵਨ ਨੂੰ ਸਹੀ ਸੇਧ ਦਿੰਦੀਆਂ ਹਨ। ਕਿਤਾਬਾਂ ਪੜ੍ਹਨਾ ਕੋਈ ਵਾਧੂ ਕੰਮ ਨਹੀਂ ਹੈ। ਇਸ ਲਈ ਸਾਨੂੰ ਆਪਣੀ ਜ਼ਿੰਦਗੀ ਵਿੱਚ ਇਨ੍ਹਾਂ ਦਾ ਮਹੱਤਵ ਸਮਝਦੇ ਹੋਏ ਕਿਤਾਬਾਂ ਪੜ੍ਹਨ ਦੀ ਰੁਚੀ ਪਾਲਣ ਦੀ ਲੋੜ ਹੈ। ਗੂੜ੍ਹ ਗਿਆਨ ਵਾਸਤੇ ਚੰਗੇ ਅਧਿਆਪਕਾਂ ਤੋਂ ਚੰਗੀਆਂ ਕਿਤਾਬਾਂ ਬਾਰੇ ਜਾਣਕਾਰੀ ਲਈ ਜਾਵੇ ਤੇ ਉਹੀ ਪੁਸਤਕਾਂ ਪੜ੍ਹੀਆਂ ਜਾਣ।

ਅਖ਼ੀਰ ਵਿੱਚ ਕਹਾਂਗੀ, ''ਕੋਈ ਮਹਿਬੂਬ ਨੀ ਸੋਹਣਾ ਕਿਤਾਬ ਵਰਗਾ, ਰੰਗ, ਫੁੱਲ ਨੀ ਮਨਮੋਹਣਾ ਕਿਤਾਬ ਵਰਗਾ, ਕਿਤਾਬਾਂ ਹਰ ਵੇਲੇ ਸਾਥ ਦਿੰਦੀਆਂ, ਕੋਈ ਦੋਸਤ ਨੀ ਹੋਣਾ ਕਿਤਾਬ ਵਰਗਾ।''

ਮਨੁੱਖ ਤੋਂ ਸਿਵਾ ਹੋਰ ਕਿਸੇ ਚੀਜ਼ ਬਾਰੇ ਜਾਨਣ ਦੀ ਮੇਰੀ ਕੋਈ ਇੱਛਾ ਨਹੀਂ ਹੈ, ਉਸ ਤੱਕ ਪਹੁੰਚਣ ਲਈ ਕਿਤਾਬਾਂ ਹੀ ਸਾਡੀਆਂ ਸੱਚੀਆਂ ਦੋਸਤ ਅਤੇ ਦਿਆਲੂ ਰਹਿਨੁਮਾ ਹਨ। ਅਲੈਗਜ਼ਾਂਦਰ ਐੱਸ. ਦੇ ਸ਼ਬਦਾਂ ਵਿੱਚ ''ਕਿਤਾਬਾਂ ਅੰਦਰ ਕਿਸੇ ਕੌਮ ਦੀਆਂ ਅਮਰ ਯਾਦਾਂ ਸਾਂਭੀਆਂ ਹੁੰਦੀਆਂ ਹਨ।'' ਇਹ ਅਮਰ ਯਾਦਾਂ, ਸਾਡੇ ਅੰਦਰ ਉਸਾਰੂ ਸ਼ਕਤੀ ਅਤੇ ਭਰਪੂਰ ਉਤਸ਼ਾਹ ਦੀ ਸ਼ਮਾਂ ਰੋਸ਼ਨ ਕਰੀ ਰੱਖਦੀਆਂ ਹਨ। ਗੰਗਾਧਰ ਤਿਲਕ ਕਿਹਾ ਕਰਦੇ ਸਨ,''ਮੈਂ ਨਰਕ ਵਿੱਚ ਵੀ ਚੰਗੀਆਂ ਕਿਤਾਬਾਂ ਦਾ ਸੁਆਗਤ ਕਰਾਂਗਾ ਕਿਉਂਕਿ ਉਨ੍ਹਾਂ ਵਿੱਚ ਇਹ ਸ਼ਕਤੀ ਹੈ ਕਿ ਜਿੱਥੇ ਵੀ ਉਹ ਹੋਣਗੀਆਂ, ਉੱਥੇ ਹੀ ਸਵਰਗ ਬਣ ਜਾਏਗਾ।''

## ਜਗਦੀਪ ਸਿੰਘ ਕਾਹਲੋਂ ਬਣੇ ਅਥਲੀਟ ਕਮਿਸ਼ਨ ਦੇ ਕਨਵੀਨਰ

ਬੀਤੇ ਦਿਨੀਂ ਨੈਨੀਤਾਲ ਵਿਖੇ ਹੋਈ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੀ ਸਾਲਾਨਾ ਜਨਰਲ ਮੀਟਿੰਗ ਵਿੱਚ ਪੰਕਜ ਸਿੰਘ ਨੂੰ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦਾ ਪ੍ਰਧਾਨ ਤੇ ਮਨਿੰਦਰ ਪਾਲ ਸਿੰਘ ਨੂੰ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਸਕੱਤਰ ਜਨਰਲ ਵਜੋਂ ਚੁਣਿਆ ਗਿਆ।ਇਹ ਚੋਣ ਰਿਟਰਨਿੰਗ ਅਫਸਰ ਜਸਟਿਸ ਆਰ ਕੇ ਗਾਬਾ, ਏਸ਼ੀਅਨ ਸਾਈਕਲਿੰਗ ਕਨਫੈਡਰੇਸ਼ਨ ਦੇ ਜਨਰਲ ਸਕੱਤਰ ਓਂਕਾਰ ਸਿੰਘ, ਆਈ.ਓ.ਏ ਦੇ ਆਬਜ਼ਰਵਰ ਡੀ.ਕੇ. ਸਿੰਘ ਦੀ ਮੌਜੂਦਗੀ ਵਿੱਚ ਹੋਈ।ਇਸ ਚੋਣ ਵਿੱਚ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਵੱਲੋਂ ਅਥਲੀਟ ਕਮਿਸ਼ਨ ਦਾ ਵੀ ਗਠਨ ਕੀਤਾ ਗਿਆ।ਜਿਸ ਵਿੱਚ ਮਨੇਜਮੈਂਟ ਕਮੇਟੀ ਵੱਲੋਂ ਜਗਦੀਪ ਸਿੰਘ ਕਾਹਲੋਂ ਨੂੰ ਸਰਬ ਸੰਮਤੀ ਨਾਲ ਕਮਿਸ਼ਨ ਦਾ ਕਨਵੀਨਰ ਚੁਣਿਆ ਗਿਆ। ਇਸ ਤੋਂ ਪਹਿਲਾਂ ਵੀ ਜਗਦੀਪ ਸਿੰਘ ਕਾਹਲੋਂ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਮੀਡੀਆ ਇੰਚਾਰਜ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ ।ਇਥੇ ਇਹ ਵੀ ਦੱਸਣਯੋਗ ਹੈ ਕਿ ਜਗਦੀਪ ਸਿੰਘ ਅੰਤਰਰਾਸ਼ਟਰੀ ਖਿਡਾਰੀ ਹਨ ਤੇ ਪੰਜਾਬ ਸਰਕਾਰ ਦੇ ਮਹਾਰਾਜਾ ਰਣਜੀਤ ਸਿੰਘ ਅਵਾਰਡੀ ਹਨ ਤੇ ਮਾਤਾ ਸਾਹਿਬ ਕੌਰ ਸਪੋਰਟਸ ਐਂਡ ਚੈਰੀਟੇਬਲ ਟਰੱਸਟ ਜਰਖੜ ਦੇ ਸਕੱਤਰ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ।ਇਸ ਸਬੰਧੀ ਮਹਾਰਾਜਾ ਰਣਜੀਤ ਸਿੰਘ ਅਵਾਰਡੀ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਜੋ ਜ਼ਿੰਮੇਵਾਰੀ ਮੈਨੂੰ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਵੱਲੋਂ ਦਿੱਤੀ ਗਈ ਹੈ ਇਸ ਨੂੰ ਤਨਦੇਹੀ ਨਾਲ ਨਿਭਾਵਾਂਗਾ ਤੇ ਦੇਸ਼ ਵਿਚ ਸਾਈਕਲਿੰਗ ਖੇਡ ਨੂੰ ਪ੍ਰਫੁੱਲਤ ਕਰਨ ਲਈ ਯਤਨਸ਼ੀਲ ਰਹਾਂਗਾ।ਉਹਨਾਂ ਨੇ ਵਿਸ਼ੇਸ਼ ਤੌਰ ਤੇ ਪੂਰੇ ਦੇਸ਼ ਦੇ ਅਹੁਦੇਦਾਰਾਂ, ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਜਨਰਲ ਸਕੱਤਰ ਮਹਿੰਦਰ ਪਾਲ ਸਿੰਘ, ਪ੍ਰਧਾਨ ਪੰਕਜ ਸਿੰਘ ਅਤੇ ਏਸ਼ੀਅਨ ਸਾਈਕਲਿੰਗ ਕਨਫੈਡਰੇਸ਼ਨ ਦੇ ਜਰਨਲ ਸਕੱਤਰ ਉਂਕਾਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਮਾਤਾ ਸਾਹਿਬ ਕੌਰ ਸਪੋਰਟਸ ਐਂਡ ਚੈਰੀਟੇਬਲ ਟਰੱਸਟ ਦੇ ਚੀਫ਼ ਆਰਗੇਨਾਈਜ਼ਰ ਜਗਰੂਪ ਸਿੰਘ ਜਰਖੜ, ਅੰਤਰ-ਰਾਸ਼ਟਰੀ ਕਬੱਡੀ ਖਿਡਾਰੀ ਤੇ ਐਮ. ਐਲ. ਏ ਗੁਰਲਾਲ ਸਿੰਘ ਘਨੌਰ, ਹਰਮੀਤ ਸਿੰਘ ਪਠਾਣਮਾਜਰਾ ਐਮ. ਐਲ. ਏ ਸਨੌਰ, ਨਰਿੰਦਰਪਾਲ ਸਿੰਘ ਸਿੱਧੂ ਚੇਅਰਮੈਨ ਜਰਖੜ ਖੇਡਾਂ, ਅੰਤਰਰਾਸ਼ਟਰੀ ਅਥਲੀਟ ਚਰਨਜੀਤ ਸਿੰਘ ਬਾਜਵਾ, ਸੁਸਾਇਟੀ ਫਾਰ ਸਪੋਰਟਸ ਪਰਸਨਜ਼ ਵੈਲਫੇਅਰ ਦੇ ਕੈਸ਼ੀਅਰ ਬਖਸ਼ੀਸ਼ ਸਿੰਘ ਤੋਂ ਇਲਾਵਾ ਸਮਾਜਿਕ ਅਤੇ ਸਪੋਰਟਸ ਕਲੱਬਾਂ ਦੇ ਅਹੁਦੇਦਾਰਾਂ ਨੇ ਵਧਾਈ ਦਿੱਤੀ।

## ਪਰਕਸ ਵੱਲੋਂ ਅਮਰੀਕਾ ਨਿਵਾਸੀ ਅਵਤਾਰ ਸਿੰਘ ਸਪਰਿੰਗਫ਼ੀਲਡ ਸਨਮਾਨਿਤ ਤੇ ਪੁਸਤਕ ਰਲੀਜ਼ ਸਮਾਗਮ ਆਯੋਜਿਤ

**ਅੰਮ੍ਰਿਤਸਰ 25 ਅਪ੍ਰੈਲ 2023** – ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾ-ਅੰਮ੍ਰਿਤਸਰ (ਪਰਕਸ) ਵੱਲੋਂ ਪੰਜਾਬੀ ਭਵਨ ਲੁਧਿਆਣਾ ਦੇ ਪੰਜਾਬੀ ਸਾਹਿਤ ਅਕੈਡਮੀ ਦੇ ਹਾਲ ਵਿਖੇ ਜਨਰਲ ਅਜਲਾਸ ਵਿੱਚ ਦੋ ਪੁਸਤਕਾਂ ਗੁਰੂ ਤੇਗ ਬਹਾਦਰ : ਜੀਵਨ, ਚਿੰਤਨ ਅਤੇ ਬਾਣੀ , ਗੁਰੂ ਨਾਨਕ ਬਾਣੀ : ਸਰੋਕਾਰ ਅਤੇ ਪੈਗਾਮ ਰਲੀਜ਼ ਕੀਤੀਆਂ ਗਈਆਂ। ਇਨ੍ਹਾਂ ਦੋਵਾਂ ਪੁਸਤਕਾਂ ਦੀ ਸੰਪਾਦਨਾਂ ਡਾ. ਬਿਕਰਮ ਸਿੰਘ ਘੁੰਮਣ ਤੇ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕੀਤੀ ਹੈ ਤੇ ਛਪਾਈ ਦੀ ਸੇਵਾ ਸ. ਅਵਤਾਰ ਸਿੰਘ ਸਪਰਿੰਗਫ਼ੀਲਡ ਵੱਲੋਂ ਕੀਤੀ ਗਈ ਹੈ। ਪ੍ਰੈਸ ਨੂੰ ਜਾਰੀ ਬਿਆਨ ਵਿਚ ਸੁਸਾਇਟੀ ਦੇ ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਅਮਰੀਕਾ ਦੇ ਓਹਾਇਹੋ ਸੂਬੇ ਦੇ ਸਪਰਿੰਗਫ਼ੀਲਡ ਸ਼ਹਿਰ ਵਿੱਚ ਰਹਿੰਦੇ ਕਾਰੋਬਾਰੀ ਸ. ਅਵਤਾਰ ਸਿੰਘ ਜੋ ਕਿ ਜਲੰਧਰ ਜ਼ਿਲ੍ਹੇ ਦੇ ਪਿੰਡ ਲੁਹਾਰਾਂ ਦੇ ਜੰਮਪਲ ਹਨ ਨੂੰ ਸੁਸਾਇਟੀ ਦੀਆਂ ਪੁਸਤਕਾਂ ਛਪਵਾਉਣ ਲਈ ਕੀਤੀ ਗਈ ਆਰਥਿਕ ਸਹਾਇਤਾ ਅਤੇ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਅਮਰੀਕਾ ਅਤੇ ਪੰਜਾਬ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਿੱਖ ਪਛਾਣ ਲਈ ਕੀਤੇ ਗਏ ਵਿਸ਼ੇਸ਼ ਯਤਨਾਂ ਲਈ ਸ. ਅਵਤਾਰ ਸਿੰਘ ਨੂੰ ਦੁਸ਼ਾਲਾ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੀ ਸੁਪਤਨੀ ਬੀਬੀ ਸਰਬਜੀਤ ਕੌਰ ਦਾ ਜਨਮ ਦਿਵਸ ਵੀ ਇਸੇ ਦਿਨ ਸੀ ਜੋ ਕਿ ਸਮਾਗਮ ਵਿੱਚ ਕੇਕ ਕੱਟ ਕੇ ਮਨਾਇਆ ਗਿਆ।ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਲੇਖਕਾਂ ਨੇ ਭਾਗ ਲਿਆ।






# ਪੰਜਾਬ 'ਚ ਹਾਈਵੇਅ 'ਤੇ ਵੀ ਮਿਲੇਗੀ ਵਿਦੇਸ਼ਾਂ ਵਰਗੀ ਸਹੂਲਤ

**ਚੰਡੀਗੜ੍ਹ–**ਵਿਦੇਸ਼ਾਂ 'ਚ ਹਾਦਸਾ ਹੋਣ ਦੇ ਤੁਰੰਤ ਬਾਅਦ ਪੁਲਸ ਅਤੇ ਐਂਬੂਲੈਂਸ ਪੁੱਜਦੀ ਹੈ ਅਤੇ ਕਿਵੇਂ ਹਾਦਸਿਆਂ ਤੋਂ ਬਾਅਦ ਤੁਰੰਤ ਟ੍ਰੈਫਿਕ ਨੂੰ ਕੰਟਰੋਲ ਕੀਤਾ ਜਾਂਦਾ ਹੈ। ਬੱਸ, ਅਜਿਹਾ ਹੀ ਕੁੱਝ ਛੇਤੀ ਪੰਜਾਬ 'ਚ ਵੀ ਦੇਖਣ ਨੂੰ ਮਿਲਣ ਵਾਲਾ ਹੈ। ਹਾਲਾਂਕਿ ਯੋਜਨਾ ਦੇ ਸ਼ੁਰੂਆਤੀ ਪੜਾਅ 'ਚ ਵਾਹਨਾਂ ਦੀ ਗਿਣਤੀ ਜ਼ਿਆਦਾ ਨਹੀਂ ਹੋਵੇਗੀ, ਪਰ ਇੰਨਾ ਜ਼ਰੂਰ ਹੋਵੇਗਾ ਕਿ ਕਿਸੇ ਨੈਸ਼ਨਲ ਜਾਂ ਸਟੇਟ ਹਾਈਵੇਅ 'ਤੇ ਕੰਜੈਸ਼ਨ ਦਾ ਪਤਾ ਲੱਗਣ ਤੋਂ ਬਾਅਦ ਕੁੱਝ ਹੀ ਮਿੰਟਾਂ 'ਚ ਉੱਥੇ ਪਹੁੰਚ ਕੇ ਸਮੱਸਿਆ ਦਾ ਹੱਲ ਕੱਢਿਆ ਜਾ ਸਕੇ। ਪੰਜਾਬ ਸਰਕਾਰ ਇਸ ਯੋਜਨਾ 'ਤੇ ਕੰਮ ਕਰ ਰਹੀ ਹੈ, ਜਿਸ ਤਹਿਤ ਰਾਜ ਭਰ ਦੇ ਸਾਰੇ ਨੈਸ਼ਨਲ ਅਤੇ ਸਟੇਟ ਹਾਈਵੇਜ਼ 'ਤੇ ਪੁਲਸ ਪੈਟਰੋਲਿੰਗ ਵ੍ਹੀਕਲ ਤਾਇਨਾਤ ਕੀਤੇ ਜਾਣ। ਇਹ ਪੈਟਰੋਲਿੰਗ ਵਹੀਕਲ ਨਾਰਮਲ ਪੁਲਸਿੰਗ ਦੇ ਨਹੀਂ, ਸਗੋਂ ਟ੍ਰੈਫਿਕ ਪੁਲਸ ਵਿੰਗ ਦੇ ਹੋਣਗੇ ਅਤੇ ਇਨ੍ਹਾਂ ਦਾ ਕੰਮ ਹਾਈਵੇਜ਼ 'ਤੇ ਕੰਜੈਸ਼ਨ ਫਰੀ ਟ੍ਰੈਫਿਕ ਆਵਾਜਾਈ ਬਣਾਏ ਰੱਖਣਾ ਹੋਵੇਗਾ।

**ਮੁੱਖ ਮੰਤਰੀ ਦੀ ਵੀ ਸਿਧਾਂਤਕ ਮਨਜ਼ੂਰੀ ਮਿਲ ਚੁੱਕੀ ਹੈ**

ਪੰਜਾਬ ਪੁਲਸ ਦੇ ਟ੍ਰੈਫਿਕ ਵਿੰਗ ਵਲੋਂ ਸੂਬਾ ਸਰਕਾਰ ਨੂੰ ਸੜਕ ਸੁਰੱਖਿਆ ਪਲਾਨਿੰਗ ਦੇ ਤਹਿਤ ਜੋ ਪ੍ਰਪੋਜ਼ਲ ਭੇਜਿਆ ਗਿਆ ਹੈ, ਉਸ ਮੁਤਾਬਕ ਰਾਜ 'ਚ ਪੈਟਰੋਲਿੰਗ ਲਈ ਫਿਲਹਾਲ 115 ਵ੍ਹੀਕਲ ਦੀ ਲੋੜ ਹੈ। ਪਤਾ ਲੱਗਿਆ ਹੈ ਕਿ ਪ੍ਰਪੋਜ਼ਲ ਨੂੰ ਸਿਧਾਂਤਕ ਤੌਰ 'ਤੇ ਮੁੱਖ ਮੰਤਰੀ ਦੀ ਵੀ ਹਰੀ ਝੰਡੀ ਮਿਲ ਚੁੱਕੀ ਹੈ ਅਤੇ



ਪੈਟਰੋਲਿੰਗ ਲਈ ਵ੍ਹੀਕਲ ਦੀ ਕਿਸਮ ਨੂੰ ਲੈ ਕੇ ਚਰਚਾ ਚੱਲ ਰਹੀ ਹੈ। ਟ੍ਰੈਫਿਕ ਪੁਲਸ ਦਾ ਕਹਿਣਾ ਹੈ ਕਿ ਹਾਈਵੇਅ ਪੈਟਰੋਲਿੰਗ ਦੇ ਕੰਮ ਦੀ ਨੇਚਰ ਨੂੰ ਦੇਖਦਿਆਂ ਜ਼ਰੂਰੀ ਹੈ ਕਿ ਪੈਟਰੋਲਿੰਗ ਵ੍ਹੀਕਲ ਵੱਡੇ ਅਤੇ ਮਲਟੀ ਯੂਟੀਲਿਟੀ ਜਿਵੇਂ ਕਿ ਈਸੂਜ਼ੂ ਜਾਂ ਟਾਟਾ ਜ਼ੇਨਾਨ ਜਿਹੇ ਹੋਣੇ ਚਾਹੀਦੇ ਹਨ ਤਾਂ ਕਿ ਲੋੜ ਪੈਣ 'ਤੇ ਐਕਸੀਡੈਂਟ ਰੈਸਕਿਊ ਦਾ ਵੀ ਕੰਮ ਕੀਤਾ ਜਾ ਸਕੇ ਅਤੇ ਉਸ ਵਿਚ ਸਟ੍ਰੈਚਰ, ਹਾਦਸਾ ਗ੍ਰਸਤ ਗੱਡੀਆਂ ਨੂੰ ਹਟਾਉਣ-ਖੋਲ੍ਹਣ ਦਾ ਸਾਜ਼ੋ-ਸਾਮਾਨ ਵੀ ਰੱਖਿਆ ਹੋਇਆ ਹੋਵੇ। ਇਨ੍ਹਾਂ ਗੱਡੀਆਂ ਦੀ ਕੀਮਤ ਜ਼ਿਆਦਾ ਹੋਣ ਦੇ ਕਾਰਨ ਟਰਾਂਸਪੋਰਟ ਵਿਭਾਗ ਥੋੜ੍ਹਾ ਹਿਚਕਿਚਾ ਰਿਹਾ ਹੈ ਅਤੇ ਮੁੱਖ ਮੰਤਰੀ ਦਫ਼ਤਰ ਦੀ ਮਨਜ਼ੂਰੀ ਲੈਣ ਦੀ ਕੋਸ਼ਿਸ਼ ਵਿਚ ਹੈ।

**ਆਬਾਦੀ ਦੇ ਲਿਹਾਜ਼ ਨਾਲ ਬਹੁਤ ਘੱਟ ਹਨ ਟ੍ਰੈਫਿਕ ਮੁਲਾਜ਼ਮ**

ਪੰਜਾਬ ਦੀ ਆਬਾਦੀ ਅਤੇ ਵਾਹਨਾਂ ਦੀ ਗਿਣਤੀ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਪੰਜਾਬ 'ਚ ਟ੍ਰੈਫਿਕ ਕੰਟਰੋਲ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਤਾਇਨਾਤ ਮੁਲਾਜ਼ਮਾਂ ਦੀ ਗਿਣਤੀ ਬਹੁਤ ਘੱਟ ਹੈ। ਇਹ ਮੌਜੂਦਾ ਸਮੇਂ 'ਚ 1247 ਹੈ, ਜਿਸ ਦੇ ਹਿਸਾਬ ਨਾਲ ਕਰੀਬ ਇਕ ਲੱਖ ਦੀ ਆਬਾਦੀ 'ਤੇ 4 ਟ੍ਰੈਫਿਕ ਪੁਲਸ ਕਰਮੀ ਤਾਇਨਾਤ ਹਨ, ਉਨ੍ਹਾਂ ਵਿਚੋਂ ਵੀ ਕਈ ਦਫ਼ਤਰੀ ਡਿਊਟੀ ਜਾਂ ਫਿਰ ਅਵੇਅਰਨੈੱਸ ਡਿਊਟੀ 'ਤੇ ਰਹਿੰਦੇ ਹਨ। ਇਸ ਦੇ ਮੁਕਾਬਲੇ ਚੰਡੀਗੜ੍ਹ ਵਿਚ ਇਕ ਲੱਖ ਦੀ ਆਬਾਦੀ 'ਤੇ 50 ਤੋਂ 60 ਪੁਲਸ ਮੁਲਾਜ਼ਮ ਹਨ। ਪੰਜਾਬ 'ਚ ਮੌਜੂਦਾ ਸਮੇਂ ਟਰਾਂਸਪੋਰਟ ਵਿਭਾਗ ਕੋਲ ਰਜਿਸਟਰਡ ਵਾਹਨਾਂ ਦੀ ਗਿਣਤੀ ਵੀ 1 ਕਰੋੜ 30 ਲੱਖ 36 ਹਜ਼ਾਰ 853 ਹੈ। ਪੰਜਾਬ ਪੁਲਸ ਦੀ ਯੋਜਨਾ ਹੈ ਕਿ ਇਸ ਅੰਕੜੇ ਨੂੰ ਵਧਾ ਕੇ ਘੱਟ ਤੋਂ ਘੱਟ 20 ਕੀਤਾ ਜਾਵੇ।

# ਗੈਰ ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ 9 ਵਿਅਕਤੀਆਂ ਦੀ ਬਚਾਈ ਜਾਨ

**ਵਾਰਰੋਡ–** ਇਥੋਂ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਕੈਨੇਡਾ ਤੋਂ ਗੈਰ-ਕਾਨੂੰਨੀ ਢੰਗ ਨਾਲ ਸੰਯੁਕਤ ਰਾਜ ਅਮਰੀਕਾ ਵਿੱਚ ਦਾਖਲ ਹੋਏ ਨੌਂ ਵਿਅਕਤੀਆਂ ਨੂੰ ਸਬ-ਫ੍ਰੀਜ਼ਿੰਗ ਦਲਦਲ ਤੋਂ ਬਚਾਇਆ ਗਿਆ ਅਤੇ ਠੰਡ ਲੱਗਣ ਕਾਰਨ ਉਹਨਾਂ ਦਾ ਡਾਕਟਰੀ ਇਲਾਜ ਦਿੱਤਾ ਗਿਆ। ਨੌਂ ਵਿਅਕਤੀ, ਜਿਨ੍ਹਾਂ ਦੀ ਉਮਰ 19 ਤੋਂ 46 ਦੇ ਵਿਚਕਾਰ ਹੈ, ਮੰਗਲਵਾਰ ਨੂੰ ਕੈਨੇਡੀਅਨ ਸਰਹੱਦ ਦੇ ਦੱਖਣ ਵਿੱਚ ਲਗਭਗ 7.5 ਮੀਲ (12 ਕਿਲੋਮੀਟਰ) ਦੱਖਣ ਵਿੱਚ ਇੱਕ ਛੋਟੀ ਝੀਲ ਦੇ ਕਿਨਾਰੇ ਮਿਨੇਸੋਟਾ ਭਾਈਚਾਰੇ ਦੇ ਵਾਰਰੋਡ ਨੇੜੇ ਲੱਭੇ ਗਏ। ਇਹ ਇਲਾਕਾ ਅਧਿਕਾਰਤ ਪੋਰਟ ਆਫ਼ ਐਂਟਰੀ ਦੇ ਦੱਖਣ-ਪੱਛਮ ਵੱਲ ਹੈ।

ਇੱਕ ਬਾਰਡਰ ਪੈਟਰੋਲ ਦੇ ਬਿਆਨ ਵਿੱਚ ਕਿਹਾ ਗਿਆ ਕਿ ਰਾਇਲ ਕੈਨੇਡੀਅਨ ਮਾਊਂਟਿਡ ਪੁਲਸ ਨੇ ਕਿਹਾ ਕਿ ਪੁਰਸ਼ਾਂ ਦੇ ਸਮੂਹ ਵਿੱਚ ਕਿਸੇ ਵਿਅਕਤੀ ਨੇ ਐਮਰਜੈਂਸੀ ਫ਼ੋਨ ਕਾਲ ਕੀਤੀ ਸੀ। ਇਸ ਮਗਰੋਂ ਸਵੇਰੇ 5 ਵਜੇ ਦੇ



ਕਰੀਬ ਯੂਐਸ ਬਾਰਡਰ ਪੈਟਰੋਲ ਏਜੰਟ ਅਤੇ ਹੋਰ ਏਜੰਸੀਆਂ ਦੇ ਬਚਾਅ ਕਰਤਾਵਾਂ ਨੂੰ ਖੇਤਰ ਵਿੱਚ ਭੇਜਿਆ ਗਿਆ। ਆਦਮੀ ਇੱਕ ਰੁੜ੍ਹ ਦੀ ਦਲਦਲ ਵਿੱਚ ਪਾਏ ਗਏ ਸਨ। ਬਿਆਨ ਵਿੱਚ ਕਿਹਾ ਗਿਆ ਕਿ, "ਜਦੋਂ ਏਜੰਟ ਮੌਕੇ 'ਤੇ ਪਹੁੰਚੇ, ਤਾਂ ਉਨ੍ਹਾਂ ਨੇ ਨਿਰਧਾਰਤ ਕੀਤਾ ਕਿ ਬੋਗ ਵਿੱਚ ਤਾਪਮਾਨ ਠੰਢ ਤੋਂ ਹੇਠਾਂ ਸੀ ਅਤੇ ਉਨ੍ਹਾਂ ਨੂੰ ਸਮੂਹ ਤੱਕ ਪਹੁੰਚਣ ਲਈ ਵਿਸ਼ੇਸ਼ ਉਪਕਰਣਾਂ ਦੀ ਜ਼ਰੂਰਤ ਹੋਏਗੀ,"। "ਏਜੰਟ ਸੁਰੱਖਿਆ ਸੂਟ ਪਹਿਨ ਕੇ ਪੁਰਸ਼ਾਂ ਨੂੰ ਠੰਡੇ ਪਾਣੀ ਤੋਂ ਬਚਾਉਣ ਦੇ ਯੋਗ ਸਨ।" ਪੁਰਸ਼ਾਂ ਨੂੰ ਇਲਾਜ ਲਈ ਮੈਡੀਕਲ ਸਹੂਲਤਾਂ ਵਿੱਚ ਲਿਜਾਇਆ ਗਿਆ ਅਤੇ ਸੱਤ ਨੂੰ ਬਾਅਦ ਵਿੱਚ ਇਮੀਗ੍ਰੇਸ਼ਨ ਦੀ ਹਿਰਾਸਤ ਵਿੱਚ ਲੈ ਲਿਆ ਗਿਆ। ਬਾਕੀ ਦੋ ਆਦਮੀਆਂ ਦੀਆਂ ਸਥਿਤੀਆਂ ਬਾਰੇ ਤੁਰੰਤ ਕੋਈ ਜਾਣਕਾਰੀ ਨਹੀਂ ਸੀ। ਬਾਰਡਰ ਗਸ਼ਤੀ ਨੇ ਕਿਹਾ ਕਿ ਪੁਰਸ਼ਾਂ ਵਿੱਚੋਂ ਸੱਤ ਮੈਕਸੀਕਨ ਨਾਗਰਿਕ ਸਨ ਪਰ ਪੁਰਸ਼ਾਂ ਦੀ ਨਾਗਰਿਕਤਾ ਬਾਰੇ ਕੋਈ ਫੌਰੀ ਤੌਰ 'ਤੇ ਕੋਈ ਜਾਣਕਾਰੀ ਨਹੀਂ ਹੈ ਕਿਉਂਕਿ ਉਨ੍ਹਾਂ ਦੀ ਸਥਿਤੀ ਕਾਰਨ ਅਜੇ ਵੀ ਇਲਾਜ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਜਨਵਰੀ 2022 ਵਿੱਚ ਬਰਫੀਲੇ ਤੂਫਾਨ ਦੌਰਾਨ ਕੈਨੇਡਾ ਤੋਂ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਭਾਰਤ ਦੇ ਇੱਕ ਪਰਿਵਾਰ ਦੇ ਚਾਰ ਮੈਂਬਰਾਂ, ਜਿਨ੍ਹਾਂ ਵਿੱਚ 3 ਅਤੇ 11 ਸਾਲ ਦੇ ਦੋ ਬੱਚੇ ਸ਼ਾਮਲ ਸਨ, ਦੀ ਮੌਤ ਹੋ ਗਈ ਸੀ। ਉਹ 11 ਲੋਕਾਂ ਦੇ ਸਮੂਹ ਵਿੱਚ ਸਨ ਜੋ ਮਿਨੇਸੋਟਾ-ਉੱਤਰੀ ਡਕੋਟਾ ਸਰਹੱਦ ਦੇ ਨੇੜੇ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ।

# ਉੱਤਰੀ ਕੋਰੀਆ ਨੇ ਪਹਿਲਾ ਫੌਜੀ ਜਾਸੂਸੀ ਉਪਗ੍ਰਹਿ ਕੀਤਾ ਤਿਆਰ

**ਸਿਓਲ–** ਇਥੋਂ ਦੇ ਸਰਕਾਰੀ ਮੀਡੀਆ ਦੀ ਖ਼ਬਰ ਅਨੁਸਾਰ ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਕਿਹਾ ਕੇ ਪਹਿਲੇ ਫੌਜੀ ਜਾਸੂਸੀ ਉਪਗ੍ਰਹਿ ਦੇ ਵਿਕਾਸ ਦਾ ਕੰਮ ਪੂਰਾ ਕਰ ਲਿਆ ਹੈ ਅਤੇ ਅਧਿਕਾਰੀਆਂ ਨੂੰ ਤੈਅ ਯੋਜਨਾ ਦੇ ਤਹਿਤ ਇਸ ਦੀ ਲਾਂਚਿੰਗ ਦਾ ਨਿਰਦੇਸ਼ ਦਿੱਤਾ ਗਿਆ ਹੈ। 'ਕੋਰੀਅਨ ਸੈਂਟਰਲ ਨਿਊਜ਼ ਏਜੰਸੀ' ਨੇ ਕਿਹਾ ਕਿ ਮੰਗਲਵਾਰ ਨੂੰ ਉੱਤਰੀ ਕੋਰੀਆ ਦੀ ਏਅਰੋਸਪੇਸ ਏਜੰਸੀ ਦੇ ਦੌਰੇ ਦੌਰਾਨ ਕਿਮ ਨੇ ਕਿਹਾ ਕਿ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਨੂੰ 'ਸੁਰੱਖਿਆ ਦੇ ਸਾਹਮਣੇ ਮੌਜੂਦ ਖਤਰੇ' ਨੂੰ ਦੇਖਦਿਆਂ ਪੁਲਾੜ ਆਧਾਰਿਤ ਨਿਗਰਾਨੀ ਪ੍ਰਣਾਲੀ ਹਾਸਲ ਕਰਨਾ ਅਹਿਮ ਹੈ। ਉੱਤਰੀ ਕੋਰੀਆ ਨੇ ਕਿਹਾ ਹੈ ਕਿ ਉਸ ਨੇ ਅਮਰੀਕਾ ਤੇ ਉਸ ਦੇ ਖੇਤਰੀ ਸਹਿਯੋਗੀਆਂ-ਦੱਖਣੀ ਕੋਰੀਆ ਤੇ ਜਾਪਾਨ ਵਿਚਾਲੇ ਸੰਯੁਕਤ ਫੌਜੀ ਅਭਿਆਸ ਦੇ ਜਵਾਬ 'ਚ ਵੱਡੇ ਪੈਮਾਨੇ 'ਤੇ ਹਥਿਆਰਾਂ ਦਾ ਪ੍ਰੀਖਣ ਕੀਤਾ ਹੈ, ਜਿਨ੍ਹਾਂ 'ਚ ਠੋਸ ਈਂਧਨ ਆਧਾਰਿਤ ਪਹਿਲੀ ਇੰਟਰਕੌਂਟੀਨੈਂਟਲ ਬੈਲਿਸਟਿਕ ਮਿਜ਼ਾਈਲ ਦਾ ਪ੍ਰੀਖਣ ਵੀ ਸ਼ਾਮਲ ਹੈ। ਇਸ ਮਿਜ਼ਾਈਲ ਨੂੰ ਅਮਰੀਕਾ 'ਤੇ ਹਮਲਾ ਕਰਨ ਲਈ ਤਿਆਰ ਕੀਤਾ ਗਿਆ ਹੈ। ਕੇਸੀਐੱਨਏ ਦੇ ਅਨੁਸਾਰ, ਕਿਮ ਨੇ ਨੈਸ਼ਨਲ ਏਰੋਸਪੇਸ ਡਿਵੈਲਪਮੈਂਟ ਅਥਾਰਟੀ ਨੂੰ ਕਿਹਾ ਕਿ ਉੱਤਰੀ ਕੋਰੀਆ ਲਈ ਯੁੱਧ ਨੂੰ ਰੋਕਣ ਦੇ ਆਪਣੇ ਤਰੀਕਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਰਤਣ ਲਈ ਫੌਜੀ ਖੋਜ ਮਹੱਤਵਪੂਰਨ ਹੈ। ਕਿਮ ਨੇ ਕਿਹਾ ਕਿ ਫੌਜੀ ਖੋਜ ਉਪ-ਗ੍ਰਹਿ ਨੰਬਰ ਇਕ ਦਾ ਨਿਰਮਾਣ ਅਪ੍ਰੈਲ ਵਿੱਚ ਕੀਤਾ ਗਿਆ ਸੀ। ਉਨ੍ਹਾਂ ਹੁਕਮ ਦਿੱਤਾ ਕਿ ਇਸ ਦੀ ਸ਼ੁਰੂਆਤ ਸਬੰਧੀ ਤਿਆਰੀਆਂ ਨੂੰ ਅੰਤਿਮ ਰੂਪ ਦੇਣ ਲਈ ਜੰਗੀ ਪੱਧਰ 'ਤੇ ਯਤਨ ਕੀਤੇ ਜਾਣ। ਹਾਲਾਂਕਿ ਸੈਟੇਲਾਈਟ ਨੂੰ ਲਾਂਚ ਕਰਨ ਦੀ ਤਰੀਕ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਉਨ੍ਹਾਂ ਨੇ ਅਮਰੀਕਾ ਅਤੇ ਦੱਖਣੀ ਕੋਰੀਆ 'ਤੇ ਆਪਣੇ ਗਠਜੋੜ ਨੂੰ ਮਜ਼ਬੂਤ ਕਰਨ ਦੇ ਨਾਂ 'ਤੇ ਉੱਤਰੀ ਕੋਰੀਆ ਦੇ ਖ਼ਿਲਾਫ਼ ਦੁਸ਼ਮਣੀ ਫੌਜੀ ਕਾਰਵਾਈਆਂ ਨੂੰ ਵਧਾਉਣ ਦਾ ਦੋਸ਼ ਲਗਾਇਆ। ਕਿਮ ਨੇ ਕਿਹਾ ਕਿ ਉੱਤਰੀ ਕੋਰੀਆ ਨੂੰ ਵਿਆਪਕ ਖੁਫੀਆ ਜਾਣਕਾਰੀ ਇਕੱਠੀ ਕਰਨ ਦੀ ਸਮਰੱਥਾ ਹਾਸਲ ਕਰਨ ਲਈ ਕਈ ਉਪਗ੍ਰਹਿ ਲਾਂਚ ਕਰਨੇ ਚਾਹੀਦੇ ਹਨ।

# ਨਿਊਟਨ ਦੀ ਭਵਿੱਖਬਾਣੀ-ਇਸ ਸਾਲ ਤਬਾਹ ਹੋ ਜਾਵੇਗੀ ਧਰਤੀ

**ਨਵੀਂ ਦਿੱਲੀ–** ਦੁਨੀਆਂ ਇਕ ਦਿਨ ਖਤਮ ਹੋ ਜਾਵੇਗੀ। ਇਹ ਗੱਲ ਤੁਸੀਂ ਕਈ ਵਾਰ ਸੁਣੀ ਹੋਵੇਗੀ। ਕਈ ਕਿਸਮਾਂ ਦੇ ਕੈਲੰਡਰਾਂ ਵਿਚ, ਬਹੁਤ ਸਾਰੇ ਲੋਕਾਂ ਨੇ ਇਸ ਬਾਰੇ ਭਵਿੱਖਬਾਣੀਆਂ ਕੀਤੀਆਂ ਹਨ। ਕੁਝ ਨੇ ਤਾਂ ਕਈ ਸਾਲ ਪਹਿਲਾਂ ਧਰਤੀ ਦੇ ਵਿਨਾਸ਼ ਦਾ ਐਲਾਨ ਕਰ ਦਿੱਤਾ ਸੀ। ਪਰ ਇਹ ਸਾਰੀਆਂ ਭਵਿੱਖਬਾਣੀਆਂ ਗਲਤ ਸਾਬਤ ਹੋਈਆਂ। ਹਾਲਾਂਕਿ ਹੁਣ ਜਿਸ ਸ਼ਖਸ ਦੀ ਭਵਿੱਖਬਾਣੀ ਦੀ ਚਰਚਾ ਹੈ, ਉਸ ਉਤੇ ਜ਼ਿਆਦਾਤਰ ਲੋਕਾਂ ਨੂੰ ਭਰੋਸਾ ਹੈ। ਜੀ ਹਾਂ, ਇਹ ਭਵਿੱਖਬਾਣੀ ਕੀਤੀ ਹੈ ਮਸ਼ਹੂਰ ਵਿਗਿਆਨੀ ਨਿਊਟਨ ਨੇ ਕੀਤੀ ਹੈ। ਆਇਜ਼ਕ ਨਿਊਟਨ ਨੇ



ਦੱਸਿਆ ਸੀ ਕਿ ਕਿਹੜਾ ਸਾਲ ਹੋਵੇਗਾ ਜਦੋਂ ਧਰਤੀ ਤਬਾਹ ਹੋ ਜਾਵੇਗੀ। ਇਸ 'ਤੇ ਇਕ ਵੀ ਵਿਅਕਤੀ ਨਹੀਂ ਬਚੇਗਾ। ਮਸ਼ਹੂਰ ਵਿਗਿਆਨੀ ਨਿਊਟਨ ਨੇ ਭਵਿੱਖਬਾਣੀ ਕੀਤੀ ਸੀ ਕਿ 2060 ਵਿੱਚ ਦੁਨੀਆਂ ਖਤਮ ਹੋ ਜਾਵੇਗੀ। ਲੋਕਾਂ ਨੂੰ ਡਰ ਹੈ ਕਿ ਉਸ ਦੀ ਇਹ ਭਵਿੱਖਬਾਣੀ ਸੱਚ ਸਾਬਤ ਹੋ ਸਕਦੀ ਹੈ। ਉਂਜ ਤਾਂ ਹੁਣ ਤੱਕ ਕਈ ਲੋਕ ਇਸ ਬਾਰੇ ਭਵਿੱਖਬਾਣੀਆਂ ਕਰ ਚੁੱਕੇ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਲੋਕਾਂ ਦੀਆਂ ਭਵਿੱਖਬਾਣੀਆਂ ਨੂੰ ਕੋਈ ਵੀ ਗੰਭੀਰਤਾ ਨਾਲ ਨਹੀਂ ਲੈਂਦਾ, ਪਰ ਇਨ੍ਹਾਂ ਸਾਰਿਆਂ ਵਿੱਚੋਂ ਨਿਊਟਨ ਦੀ ਭਵਿੱਖਬਾਣੀ ਨੂੰ ਸਭ ਤੋਂ 'ਪੁਖਤਾ' ਮੰਨਿਆ ਜਾਂਦਾ ਹੈ।

# ਨਹਿਰਾਂ 'ਚ ਕੂੜਾ ਸੁੱਟਣ 'ਤੇ ਲਗਾਇਆ ਜਾਵੇਗਾ ਜੁਰਮਾਨਾ

**ਪਠਾਨਕੋਟ–** ਜੇਕਰ ਕੋਈ ਵਿਅਕਤੀ ਨਿਕਾਸੀ ਪਾਣੀ ਵਿੱਚ ਕੂੜਾ ਸੁੱਟਦਾ ਪਾਇਆ ਗਿਆ ਤਾਂ ਉਸ ਵਿਅਕਤੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਕਰੀਬ ਪੰਜ ਹਜ਼ਾਰ ਰੁਪਏ ਜੁਰਮਾਨਾ ਕੀਤਾ ਜਾਵੇਗਾ। ਜੇਕਰ ਉਕਤ ਵਿਅਕਤੀ ਜੁਰਮਾਨਾ ਅਦਾ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਕਾਨੂੰਨ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ। ਇਹ ਪ੍ਰਗਟਾਵਾ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਵਿਖੇ



ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਕੀਤਾ।

ਮੀਟਿੰਗ ਦੌਰਾਨ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਵਿਸ਼ੇਸ਼ ਉਪਰਾਲਾ ਲੋਕਾਂ ਨੂੰ ਸਾਫ਼-ਸੁਥਰਾ ਵਾਤਾਵਰਨ ਮੁਹੱਈਆ ਕਰਵਾਉਣ ਲਈ ਹੈ, ਪਰ ਦੇਖਣ ਵਿੱਚ ਆਇਆ ਹੈ ਕਿ ਜ਼ਿਲ੍ਹਾ ਪਠਾਨਕੋਟ ਵਿੱਚ ਅਜਿਹੀਆਂ ਥਾਵਾਂ ਹਨ ਜਿੱਥੇ ਗੰਦਾ ਪਾਣੀ ਕੁਦਰਤੀ ਜਲ ਸਰੋਤਾਂ ਵਿੱਚ ਜਾ ਰਿਹਾ ਹੈ ਅਤੇ ਲੋਕ ਡਰੇਨਾਂ ਆਦਿ ਦੀ ਵਰਤੋਂ ਕਰ ਰਹੇ ਹਨ। ਜਲਘਰਾਂ ਵਿੱਚ ਸੁੱਟਿਆ ਗਿਆ ਕੂੜਾ ਨਾ ਸਿਰਫ਼ ਕੁਦਰਤੀ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਕਰਦਾ ਹੈ ਸਗੋਂ ਪਾਣੀ ਨੂੰ ਵੀ ਰੋਕਦਾ ਹੈ।

ਉਨ੍ਹਾਂ ਨਗਰ ਨਿਗਮ ਪਠਾਨਕੋਟ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਸ਼ਹਿਰ ਦਾ ਪਾਣੀ ਜੋ ਰਜਬਾਹੇ ਅਤੇ ਹੋਰ ਥਾਵਾਂ ਤੋਂ ਪਾਣੀ ਦੇ ਸੋਮਿਆਂ ਵਿੱਚ ਜਾ ਰਿਹਾ ਹੈ, ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਲੋਕ ਘਰਾਂ ਦਾ ਕੂੜਾ ਕਰਕਟ ਨਹਿਰਾਂ ਵਿੱਚ ਨਾ ਸੁੱਟਣ। ਉਨ੍ਹਾਂ ਨਹਿਰੀ ਵਿਭਾਗ ਨੂੰ ਇਹ ਵੀ ਆਦੇਸ਼ ਦਿੱਤੇ ਕਿ ਸੁਜਾਨਪੁਰ ਨੇੜੇ ਨਹਿਰ ਵਿੱਚ ਪਾਏ ਗੰਦੇ ਪਾਣੀ ਦਾ ਕੋਈ ਢੁੱਕਵਾਂ ਹੱਲ ਕੱਢਿਆ ਜਾਵੇ ਅਤੇ ਜੇਕਰ ਕੋਈ ਵੀ ਨਹਿਰ ਜਾਂ ਨਾਲਿਆਂ ਵਿੱਚ ਕੂੜਾ ਜਾਂ ਗੰਦਗੀ ਸੁੱਟਦਾ ਹੈ ਤਾਂ ਉਸ ਦਾ ਮੌਕੇ 'ਤੇ ਹੀ ਪੰਜ ਹਜ਼ਾਰ ਰੁਪਏ ਦਾ ਚਲਾਨ ਕੀਤਾ ਜਾਵੇ।

# ਗੁਜਰਾਤ ਅਦਾਲਤ ਨੇ 2002 ਦੰਗਿਆਂ 'ਚ ਸਾਰੇ ਮੁਲਜ਼ਮਾਂ ਨੂੰ ਕੀਤਾ ਬਰੀ

**ਨਵੀਂ ਦਿੱਲੀ–** ਗੁਜਰਾਤ 2002 ਦੇ ਦੰਗਿਆਂ ਨੂੰ ਲੈ ਕੇ ਅਹਿਮ ਖ਼ਬਰ ਸਾਹਮਣੇ ਆਈ ਹੈ। ਗੁਜਰਾਤ ਦੀ ਇਕ ਵਿਸ਼ੇਸ਼ ਅਦਾਲਤ ਨੇ 2002 ਦੇ ਫਿਰਕੂ ਦੰਗਿਆਂ ਦੇ ਨਰੋਦਾ ਗਾਮ ਮਾਮਲੇ 'ਚ ਸਾਰੇ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ। ਅਦਾਲਤ ਨੇ ਇਹ ਫ਼ੈਸਲਾ ਨਰੋਦਾ ਗਾਮ 'ਚ ਮੁਸਲਿਮ ਭਾਈਚਾਰੇ ਦੇ 11 ਲੋਕਾਂ ਦੇ ਕਤਲ ਮਾਮਲੇ 'ਚ ਦਿੱਤਾ ਹੈ। ਇਸ ਮਾਮਲੇ 'ਚ ਭਾਜਪਾ ਦੀ ਸਾਬਕਾ ਵਿਧਾਇਕਾ ਮਾਇਆ ਕੋਡਨਾਨੀ ਅਤੇ ਬਜਰੰਗ ਦਲ



ਦੇ ਨੇਤਾ ਬਾਬੂ ਬਜਰੰਗੀ ਵੀ ਮੁਲਜ਼ਮਾਂ 'ਚ ਸ਼ਾਮਲ ਹਨ। ਗੋਧਰਾ 'ਚ ਰੇਲਗੱਡੀ ਸਾੜਨ ਦੀ ਘਟਨਾ ਵਿਚ ਅਯੁੱਧਿਆ ਤੋਂ ਪਰਤ ਰਹੇ 58 ਯਾਤਰੀਆਂ ਦੇ ਮਾਰੇ ਜਾਣ ਤੋਂ ਇਕ ਦਿਨ ਬਾਅਦ 28 ਫਰਵਰੀ 2002 ਨੂੰ ਅਹਿਮਦਾਬਾਦ ਸ਼ਹਿਰ ਦੇ ਨਰੋਦਾ ਗਾਮ ਇਲਾਕੇ ਵਿੱਚ ਹੋਏ ਦੰਗਿਆਂ ਦੌਰਾਨ ਘੱਟੋ-ਘੱਟ 11 ਲੋਕ ਮਾਰੇ ਗਏ ਸਨ। ਨਰੋਦਾ ਗਾਮ ਮਾਮਲੇ 'ਚ ਮੁਲਜ਼ਮਾਂ ਖ਼ਿਲਾਫ਼ ਆਈਪੀਸੀ ਦੀ ਧਾਰਾ 302 (ਕਤਲ), 307 (ਕਤਲ ਦੀ ਕੋਸ਼ਿਸ਼), 143 (ਗੈਰ-ਕਾਨੂੰਨੀ ਇਕੱਠ), 147 (ਦੰਗੇ), 148 (ਮਾਰੂ ਹਥਿਆਰਾਂ ਨਾਲ ਲੈਸ ਦੰਗਾ ਕਰਨਾ), 120-ਬੀ (ਅਪਰਾਧਿਕ ਸਾਜ਼ਿਸ਼) ਅਧੀਨ ਮੁਕੱਦਮਾ ਚੱਲ ਰਿਹਾ ਹੈ। ਇਸ ਕੇਸ ਵਿੱਚ ਕੁਲ 86 ਮੁਲਜ਼ਮ ਸਨ ਪਰ ਇਨ੍ਹਾਂ 'ਚੋਂ 18 ਦੀ ਸੁਣਵਾਈ ਦੌਰਾਨ ਮੌਤ ਹੋ ਗਈ।


# ਆਮ ਆਦਮੀ ਪਾਰਟੀ ਦੀ ਸਰਕਾਰ ਦੇ ਇੱਕ ਸਾਲ ਬਾਦ ਵੀ ਦਲਿਤਾਂ ਦੇ ਪੱਲੇ ਕੁੱਝ ਖਾਸ ਤੋਹਫਾ ਨਹੀਂ ਪਿਆ



ਕੁਲਦੀਪ ਚੰਦ
91-9417563054

ਪੰਜਾਬ ਵਿੱਚ 20 ਫਰਵਰੀ 2022 ਨੂੰ ਹੋਈਆਂ ਚੋਣਾਂ ਦੇ 10 ਮਾਰਚ ਨੂੰ ਆਏ ਨਤੀਜਿਆਂ ਵਿੱਚ ਪੰਜਾਬ ਦੇ ਲੋਕਾਂ ਨੇ ਵੱਡੇ ਪੱਧਰ ਤੇ ਆਮ ਆਦਮੀ ਪਾਰਟੀ ਦਾ ਸਮੱਰਥਨ ਕੀਤਾ ਅਤੇ ਬਾਕੀ ਪਾਰਟੀਆਂ ਨੂੰ ਹਰਾਕੇ ਸੱਤਾ ਤੋਂ ਦੂਰ ਕਰ ਦਿਤਾ। 20 ਮਾਰਚ ਨੂੰ ਹੋਏ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਗਠਨ ਤੋਂ ਬਾਦ ਲੋਕਾਂ ਨੂੰ ਆਸ ਬੱਝੀ ਸੀ ਕਿ ਹੁਣ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਵੀ ਨਿਪਟਾਰਾ ਹੋਵੇਗਾ। ਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੀ ਤੀਜਾ ਹਿੱਸਾ ਤੋਂ ਵੱਧ ਅਬਾਦੀ ਹੈ ਜੋ ਭਾਰਤ ਵਿੱਚ ਸਭ ਤੋਂ ਵੱਧ ਹੈ। ਪੰਜਾਬ ਵਿੱਚ ਮੋਜੂਦਾ 117 ਵਿਧਾਨ ਸਭਾ ਸੀਟਾਂ ਵਿੱਚੋਂ 34 ਸੀਟਾਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ। ਪੰਜਾਬ ਵਿੱਚ ਮੌਜੂਦਾ ਸਮੇਂ ਆਮ ਆਦਮੀ ਪਾਰਟੀ ਦੇ 92 ਵਿਧਾਇਕ ਹਨ ਜਿਨ੍ਹਾਂ ਵਿੱਚੋਂ 28 ਵਿਧਾਇਕ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਸੀਟਾਂ ਤੋਂ ਜਿੱਤਕੇ ਆਏ ਹਨ। ਕਾਂਗਰਸ ਪਾਰਟੀ ਦੇ 18 ਵਿਧਾਇਕਾਂ ਵਿੱਚੋਂ 05 ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਸੀਟਾਂ ਤੋਂ ਜਿੱਤਕੇ ਆਏ ਹਨ। ਸ਼੍ਰੋਮਣੀ ਅਕਾਲੀ ਦੱਲ ਦੇ 03 ਵਿਧਾਇਕਾਂ ਵਿੱਚੋਂ 01 ਅਨੁਸੂਚਿਤ ਜਾਤੀਆਂ ਲਈ ਰਾਖਵੀ ਸੀਟ ਤੋਂ ਜਿੱਤਕੇ ਆਇਆ ਹੈ। ਬੀ ਐਸ ਪੀ ਦਾ 01 ਵਿਧਾਇਕ ਜੋਕਿ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੈ ਜਨਰਲ ਸੀਟ ਤੋਂ ਜਿੱਤਕੇ ਵਿਧਾਨ ਸਭਾ ਵਿੱਚ ਪਹੁੰਚਿਆ ਹੈ। ਇਸਤੋਂ ਇਲਾਵਾ ਵਿਧਾਨ ਸਭਾ ਵਿੱਚ ਭਾਜਪਾ ਦੇ 02 ਅਤੇ 01 ਅਜਾਦ ਵਿਧਾਇਕ ਪਹੁੰਚਿਆ ਹੈ। ਚੌਣ ਵਿਭਾਗ ਦੇ ਅੰਕੜਿਆਂ ਅਨੁਸਾਰ ਆਪ ਨੂੰ ਲੱਗਭੱਗ 42 ਜਾਤਾਂ ਦੇ ਲੋਕਾਂ ਦੇ ਨਾਜਾਇਜ਼ ਕਬਜ਼ੇ ਤੋਂ ਮੁਕਤ ਕੀਤਾ ਜਾਵੇਗਾ। ਇਸ ਮੰਤਵ ਲਈ ਬਣਾਈਆਂ ਗਈਆਂ ਦਲਿਤਾਂ ਦੀਆਂ ਸਹਿਕਾਰੀ ਸਭਾਵਾਂ ਨੂੰ ਜ਼ਮੀਨਾਂ ਦਿੱਤੀਆਂ ਜਾਣਗੀਆਂ। ਜਿੱਥੇ ਵੀ ਲੋਕ ਸਹਿਕਾਰੀ ਸਭਾ ਦੀ ਚੋਣ ਨਹੀਂ ਕਰਦੇ ਹਰ ਪਿੰਡ ਵਿੱਚ ਦਲਿਤਾਂ ਦੀ ਪੰਜ ਮੈਂਬਰੀ ਕਮੇਟੀ ਨਿਲਾਮੀ ਨੂੰ ਮਨਜ਼ੂਰੀ ਦੇਵੇਗੀ। ਦਲਿਤਾਂ ਲਈ ਰਾਖਵੀਂਆਂ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਤੇ ਸਰਕਾਰੀ ਟਿਊਬਵੈੱਲ ਬਣਾਏ ਜਾਣਗੇ ਅਤੇ ਇਨ੍ਹਾਂ ਜ਼ਮੀਨਾਂ ਤੇ ਖੇਤੀ ਕਰਨ ਲਈ ਟਰੈਕਟਰਾਂ ਅਤੇ ਔਜਾਰਾਂ ਦੀ ਮੁਫਤ ਵਰਤੋਂ ਕਰਨ ਲਈ ਸਹਿਕਾਰੀ ਸਭਾਵਾਂ ਵਿੱਚ ਪ੍ਰਬੰਧ ਹੋਵੇਗਾ। ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਨੂੰ ਇਹ ਯਕੀਨੀ ਬਣਾਉਣ ਲਈ ਸ਼ਕਤੀ, ਮਜ਼ਬੂਤ ਅਤੇ ਵਿਸਤ੍ਰਿਤ ਕੀਤਾ ਜਾਵੇਗਾ ਕਿ ਦਲਿਤਾਂ ਦੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਦਲਿਤਾਂ ਨਾਲ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਕਰਨ ਵਾਲੇ ਵਿਅਕਤੀਆਂ ਨੂੰ ਸਮੇਂ ਸਿਰ ਸਜ਼ਾ ਦਿੱਤੀ ਜਾ ਸਕੇ। ਆਯੋਗਵਿੱਚ ਹਰੇਕ ਜ਼ਿਲ੍ਹੇ ਵਿੱਚੋਂ ਇੱਕ ਦਲਿਤ ਪ੍ਰਤੀਨਿਧੀ ਹੋਵੇਗਾ। ਆਮ ਆਦਮੀ ਪਾਰਟੀ ਵਲੋਂ ਦਲਿਤ ਵਿਦਿਆਰਥੀਆਂ ਲਈ ਸਕਾਲਰਸ਼ਿਪ ਸਕੀਮ ਨੂੰ ਸਹੀ ਢੰਗ ਨਾਲ ਲਾਗੂ ਕਰਨ ਦੀ ਨਿਗਰਾਨੀ ਕਰਨ ਲਈ ਇੱਕ ਵਿਸ਼ੇਸ਼ ਸੈੱਲ ਬਣਾਇਆ ਜਾਵੇਗਾ ਅਤੇ ਇਸ ਯੋਜਨਾ ਅਧੀਨ ਆਇਆ ਪੈਸਾ ਲੁੱਟਣ ਵਾਲਿਆਂ ਦੀ ਪਛਾਣ ਕਰਨ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਸਮਾਂਬੱਧ ਜਾਂਚ ਹੋਵੇਗੀ। ਪਿਛਲੇ ਪੰਜ ਸਾਲਾਂ ਵਿੱਚ ਦਲਿਤਾਂ ਵਿਰੁੱਧ ਦਰਜ ਕੀਤੇ ਗਏ ਅੱਤਿਆਚਾਰਾਂ ਅਤੇ ਝੂਠੇ ਕੇਸਾਂ ਲਈ ਸਜ਼ਾ ਦੀ ਸਿਫ਼ਾਰਸ਼ ਕੀਤੀ ਅਤੇ ਕਾਮਿਆਂ ਲਈ ਸਾਰੇ ਜ਼ਿਲ੍ਹਿਆਂ ਵਿੱਚ ਰਿਹਾਇਸ਼ੀ ਹੋਸਟਲ ਬਣਾਏ ਜਾਣਗੇ ਜਿਨ੍ਹਾਂ ਵਿੱਚ ਮੁਫਤ ਰਿਹਾਇਸ਼ ਅਤੇ ਭੋਜਨ ਮਿਲੇਗਾ। ਸਰਕਾਰੀ ਸਕੂਲਾਂ ਵਿੱਚ ਦਲਿਤ ਵਿਦਿਆਰਥੀਆਂ ਲਈ ਕੋਈ ਦਾਖਲਾ ਫੀਸ ਨਹੀਂ ਹੋਵੇਗੀ। ਨਗਰ ਪਾਲਿਕਾਵਾਂ ਅਤੇ ਸਰਕਾਰੀ ਵਿਭਾਗਾਂ ਵਿੱਚ ਸਫਾਈ ਕਰਮਚਾਰੀਆਂ ਨੂੰ ਵਿਸ਼ੇਸ਼ ਵਿੱਤੀ ਪ੍ਰੋਤਸਾਹਨ ਦਿੱਤੇ ਜਾਣਗੇ। ਪੇਂਡੂ ਖੇਤਰਾਂ ਵਿੱਚ ਸਥਿਤ ਦਲਿਤ ਪਰਿਵਾਰਾਂ ਦੇ ਗੋਹੇ ਅਤੇ ਹੋਰ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਯੋਗ ਪ੍ਰਬੰਧ ਕੀਤੇ ਜਾਣਗੇ। ਆਟਾ ਦਾਲ ਸਕੀਮ ਲਈ ਸਾਰੇ ਬੀਪੀਐਲ ਰਾਸ਼ਨ ਕਾਰਡਾਂ ਦੀ ਪੂਰੀ ਜਾਂਚ ਕੀਤੀ ਜਾਵੇਗੀ। ਇਹ ਯਕੀਨੀ ਬਣਾਇਆਜਾਵੇਗਾ ਕਿ ਇਸ ਸਕੀਮ ਦਾ ਲਾਭ ਸਾਰੇ ਯੋਗ ਲੋਕਾਂ ਤੱਕ ਪਹੁੰਚੇ। ਸਾਰੀਆਂ ਦਲਿਤ ਕਲੋਨੀਆਂ ਵਿੱਚ ਪੀਣ ਵਾਲਾ ਸਾਫ਼ ਪਾਣੀ, ਸੀਵਰੇਜ ਦੀ ਸਹੂਲਤ ਅਤੇ ਬਿਜਲੀ ਨਿਰਧਾਰਤ ਸਮੇਂ ਵਿੱਚ ਮੁਹੱਈਆ ਕਰਵਾਈ ਜਾਵੇਗੀ। ਵਿਮੁਕਤ ਜਾਤੀਆਂ ਜਿਵੇਂ ਕਿ ਸਾਂਸੀ, ਬੌਰੀਆ, ਬਾਜ਼ੀਗਰ, ਬਰਾਦ, ਬੰਗਾਲੀ, ਨਾਟ ਅਤੇ ਗੰਧੀਲਾ ਆਦਿ ਦੀਆਂ ਮੰਗਾਂ ਤੇ ਵਿਚਾਰ ਕਰਨ ਲਈ ਇੱਕ ਵੱਖਰਾ ਆਯੋਗ ਸਥਾਪਤ ਕੀਤਾ ਜਾਵੇਗਾ।

ਇਨ੍ਹਾਂ ਖਾਨਾਬਦੋਸ਼ ਕਬੀਲਿਆਂ ਲਈ ਘੱਟ ਕੀਮਤ ਵਾਲੇ ਪੱਕੇ ਮਕਾਨਾਂ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕੂਲੀ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਵਿਸ਼ੇਸ਼ ਬੋਰਡ ਬਣਾਇਆ ਜਾਵੇਗਾ ਜੋ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕੰਮ ਕਰੇਗਾ। ਸਰਕਾਰੀ ਵਿਭਾਗਾਂ ਵਾਂਗ ਦਲਿਤਾਂ ਅਤੇ ਦਵਾਈਆਂ ਬਾਹਰੋਂ ਹੀ ਮੰਗਵਾਈਆਂ ਜਾਂਦੀਆਂ ਹਨ ਅਤੇ ਬਹੁਤੇ ਕੇਂਦਰਾਂ ਵਿੱਚ ਮਰੀਜਾਂ ਦੀ ਆਰਥਿਕ ਲੁੱਟ ਹੋ ਰਹੀ ਹੈ। ਦਲਿਤ ਅਪਣੇ ਹਿੱਸੇ ਦੀ ਪੰਚਾਇਤੀ ਜਮੀਨ ਲਈ ਸੰਗਰੂਰ ਅਤੇ ਹੋਰ ਕਈ ਇਲਾਕਿਆਂ ਵਿੱਚ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰ ਰਹੇ ਹਨ ਸਰਕਾਰ ਨੇ ਉਨ੍ਹਖ਼ਾਂ ਦੀ ਸੁਣਵਾਈ ਨਹੀਂ ਕੀਤੀ ਹੈ। ਪੋਸਟ ਮੈਟਰਿਕ ਸਕਾਲਰਸ਼ਿਪ ਦੇ ਘਪਲੇ ਵਿੱਚ ਅਧਿਕਾਰੀਆਂ ਅਤੇ ਵਿਦਿਅਕ ਅਦਾਰਿਆਂ ਖਿਲਾਫ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ ਹੈ। ਦਲਿਤ ਵਿਦਿਆਰਥੀਆਂ ਦੀਆਂ ਫੀਸਾਂ ਮੁਆਫ ਨਹੀਂ ਹੋਈਆਂ ਹਨ। ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਪੈਂਦੇ ਸ੍ਰੀ ਗੁਰੂ ਰਵਿਦਾਸ ਨਾਲ ਸਬੰਧਿਤ ਸ੍ਰੀ ਖੁਰਾਲਗੜ੍ਹ ਸਾਹਿਬ ਪ੍ਰਮੁੱਖ ਇਤਿਹਾਸਕ ਅਤੇ ਧਾਰਮਿਕ ਸਥਾਨ ਹੈ ਜਿੱਥੇ ਅਪ੍ਰੈਲ 2016 ਨੂੰ ਸਰਕਾਰ ਵਲੋਂ ਮਿਨਾਰ ਏ ਬੇਗਮਪੁਰਾ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਪਰ ਪਿਛਲੇ ਕਈ ਸਾਲਾਂ ਤੋਂ ਨਿਰਮਾਣ ਕਾਰਜ ਮੁਕੰਮਲ ਨਹੀਂ ਹੋਇਆ ਹੈ। ਪੰਜਾਬ ਸਰਕਾਰ






ਪੰਜਾਬ ਵਿੱਚ ਦਲਿਤਾਂ ਨੂੰ ਆਸ ਸੀ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵਿੱਚ ਉਨ੍ਹਾਂ ਦੇ ਮੁੱਦਿਆਂ ਤੇ ਕੰਮ ਹੋਵੇਗਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ ਪਰੰਤੂ ਉਨ੍ਹਾਂ ਦੀ ਆਸ ਇੱਕ ਸਾਲ ਬੀਤਣ ਬਾਦ ਵੀ ਪੂਰੀ ਨਹੀਂ ਹੋਈ ਹੈ। ਆਮ ਆਦਮੀ ਪਾਰਟੀ ਨੇ ਅਪਣੇ ਚੌਣ ਮੈਨੀਫੈਸਟੋ ਵਿੱਚ ਦਲਿਤਾਂ ਲਈ ਵਿਸ਼ੇਸ਼ ਯੋਜਨਾਵਾਂ ਬਣਾਉਣ ਅਤੇ ਲਾਗੂ ਕਰਨ ਦਾ ਵਾਅਦਾ ਕੀਤਾ ਸੀ। ਆਪ ਦੇ ਚੌਣ ਮੈਨੀਫੈਸਟੋ ਅਨੁਸਾਰ ਪੰਜਾਬ ਵਿੱਚ ਦਲਿਤਾਂ ਲਈ ਇੱਕ ਘੱਟ ਕੀਮਤ ਵਾਲੀ ਰਿਹਾਇਸ਼ ਯੋਜਨਾ ਬਣਾਈ ਜਾਵੇਗੀਤਾਂ ਜੋ ਸਾਰਿਆਂ ਕੋਲ ਪੱਕਾ ਘਰ ਹੋਵੇ। ਦਲਿਤਾਂ ਦੇ ਸਾਰੇ ਕੱਚੇ ਅਤੇ ਪੱਕੇ ਘਰਾਂ ਦੀ ਰਜਿਸਟਰੇਸ਼ਨ ਕੀਤੀ ਜਾਵੇ ਤਾਂ ਜੋ ਉਹ ਕੁਦਰਤੀ ਆਫ਼ਤਾਂ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਸਮੇਤ ਕਰਜ਼ੇ ਅਤੇ ਹੋਰ ਲਾਭ ਲੈ ਸਕਨ। ਦਲਿਤਾਂ ਲਈ ਰਾਖਵੀਆਂ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਦੀ ਦੂਜੀਆਂ ਜਾਤਾਂ ਦੇ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਨਿਲਾਮੀ ਰੋਕ ਦਿੱਤੀ ਜਾਵੇਗੀ ਅਤੇ ਦੂਜੀਆਂ ਜਾਤਾਂ ਦੇ ਲੋਕਾਂ ਦੇ ਨਾਜਾਇਜ਼ ਕਬਜ਼ੇ ਤੋਂ ਮੁਕਤ ਕੀਤਾ ਜਾਵੇਗਾ।

ਫਿਸਦੀ, ਕਾਂਗਰਸ ਪਾਰਟੀ ਨੂੰ 23 ਫਿਸਦੀ, ਸ਼੍ਰੋਮਣੀ ਅਕਾਲੀ ਦੱਲ ਨੂੰ 18.4 ਫਿਸਦੀ, ਭਾਜਪਾ ਨੂੰ 6.6 ਫਿਸਦੀ, ਬੀਐਸਪੀ ਨੂੰ 1.8 ਫਿਸਦੀ ਅਤੇ ਨੋਟਾ ਸਮੇਤ ਹੋਰਨਾਂ ਨੂੰ 7.4 ਫੀਸਦੀ ਵੋਟਾਂ ਪਈਆਂ ਸਨ। ਪੰਜਾਬ ਦੇ ਕਈ ਹਲਕਿਆਂ ਵਿੱਚ ਅਨੁਸੂਚਿਤ ਜਾਤੀਆਂ ਦੀ ਅਬਾਦੀ 50 ਫਿਸਦੀ ਤੋਂ ਵੀ ਵੱਧ ਹੈ ਅਤੇ ਇਹ ਹੀ ਕਿਸੇ ਵੀ ਉਮੀਦਵਾਰ ਦੀ ਜਿੱਤ ਹਾਰ ਦਾ ਫੈਸਲਾ ਕਰਦੇ ਹਨ। ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦੀ 2018 ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਵਿੱਚ ਦਲਿਤਾਂ ਵਿੱਚ 39 ਉਪ-ਜਾਤੀਆਂ ਹਨ। ਦਲਿਤ ਵੱਖ ਵੱਖ ਧਰਮਾਂ ਸਿੱਖ, ਹਿੰਦੂ, ਇਸਾਈ, ਮੁਸਲਮਾਨ ਅਤੇ ਬੁੱਧ ਧਰਮਨਾਲ ਸਬੰਧ ਰੱਖਦੇ ਹਨ ਅਤੇ ਕਈ ਡੇਰਿਆਂ ਨਾਲ ਜੁੜ੍ਹੇ ਹੋਏ ਹਨ। ਇਨ੍ਹਾਂ ਦੀ ਜਨਸੰਖਿਆ ਦੁਆਬੇ ਵਿੱਚ 37 ਪ੍ਰਤੀਸ਼ਤ, ਮਾਲਵੇ ਵਿੱਚ 31 ਪ੍ਰਤੀਸ਼ਤ ਅਤੇ ਮਾਝੇ ਵਿੱਚ 29 ਪ੍ਰਤੀਸ਼ਤ ਹੈ। ਇਹ ਵੀ ਕੌੜਾ ਸੱਚ ਹੈ ਕਿ ਦਲਿਤ ਕਿਸੇ ਵੇਲੇ ਕਾਂਗਰਸ ਪਾਰਟੀ ਦਾ ਵੱਡਾ ਵੋਟ ਬੈਂਕ ਸੀ ਅਤੇ ਬੀ ਐਸ ਪੀ ਨੇ ਇਸਨੂੰ ਖੋਰਾ ਲਗਾਕੇ ਇਹ ਵੋਟ ਬੈਂਕ ਅਪਣੇ ਨਾਲ ਜੋੜਿਆ ਸੀ। ਸਮੇਂ ਸਮੇਂ ਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਇਸ ਵੋਟ ਬੈਂਕ ਨੂੰ ਅਪਣੇ ਨਾਲ ਜੋੜ੍ਹਣ ਲਈ ਯੋਜਨਾਵਾਂ ਉਲੀਕੀਆਂ ਅਤੇ ਘੋਸ਼ਣਾਵਾਂ ਕੀਤੀਆਂ ਹਨ। 2022 ਦੀਆਂ ਚੌਣਾਂ ਲਈ ਵੀ ਵੱਖ ਵੱਖ ਪਾਰਟੀਆਂ ਨੇ ਦਲਿਤਾਂ ਨੂੰ ਅਕਰਸ਼ਿਤ ਕਰਨ ਲਈ ਕਈ ਤਰਾਂ ਦੀਆਂ ਘੋਸ਼ਣਾਵਾਂ ਕੀਤੀਆਂ ਪਰੰਤੂ ਇਸ ਵਾਰ ਦਲਿਤਾਂ ਨੇ ਪੁਰਤਨ ਪਾਰਟੀਆ ਨੂੰ ਛੱਡਕੇ ਆਮ ਆਦਮੀ ਪਾਰਟੀ ਦਾ ਸਮੱਰਥਨ ਕੀਤਾ ਜਿਸ ਨਾਲ ਦੂਜੀਆਂ ਪਾਰਟੀਆਂ ਦੇ ਵੱਡੇ ਵੱਡੇ ਆਗੂਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ।

ਪੰਜਾਬ ਵਿੱਚ ਦਲਿਤਾਂ ਨੂੰ ਆਸ ਸੀ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵਿੱਚ ਉਨ੍ਹਾਂ ਦੇ ਮੁੱਦਿਆਂ ਤੇ ਕੰਮ ਹੋਵੇਗਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ ਪਰੰਤੂ ਉਨ੍ਹਾਂ ਦੀ ਆਸ ਇੱਕ ਸਾਲ ਬੀਤਣ ਬਾਦ ਵੀ ਪੂਰੀ ਨਹੀਂ ਹੋਈ ਹੈ। ਆਮ ਆਦਮੀ ਪਾਰਟੀ ਨੇ ਅਪਣੇ ਚੌਣ ਮੈਨੀਫੈਸਟੋ ਵਿੱਚ ਦਲਿਤਾਂ ਲਈ ਵਿਸ਼ੇਸ਼ ਯੋਜਨਾਵਾਂ ਬਣਾਉਣ ਅਤੇ ਲਾਗੂ ਕਰਨ ਦਾ ਵਾਅਦਾ ਕੀਤਾ ਸੀ। ਆਪ ਦੇ ਚੌਣ ਮੈਨੀਫੈਸਟੋ ਅਨੁਸਾਰ ਪੰਜਾਬ ਵਿੱਚ ਦਲਿਤਾਂ ਲਈ ਇੱਕ ਘੱਟ ਕੀਮਤ ਵਾਲੀ ਰਿਹਾਇਸ਼ ਯੋਜਨਾ ਬਣਾਈ ਜਾਵੇਗੀਤਾਂ ਜੋ ਸਾਰਿਆਂ ਕੋਲ ਪੱਕਾ ਘਰ ਹੋਵੇ। ਦਲਿਤਾਂ ਦੇ ਸਾਰੇ ਕੱਚੇ ਅਤੇ ਪੱਕੇ ਘਰਾਂ ਦੀ ਰਜਿਸਟਰੇਸ਼ਨ ਕੀਤੀ ਜਾਵੇ ਤਾਂ ਜੋ ਉਹ ਕੁਦਰਤੀ ਆਫ਼ਤਾਂ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਸਮੇਤ ਕਰਜ਼ੇ ਅਤੇ ਹੋਰ ਲਾਭ ਲੈ ਸਕਣ। ਦਲਿਤਾਂ ਲਈ ਰਾਖਵੀਆਂ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਦੀ ਦੂਜੀਆਂ ਜਾਤਾਂ ਦੇ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਨਿਲਾਮੀ ਰੋਕ ਦਿੱਤੀ ਜਾਵੇਗੀ ਅਤੇ ਦੂਜੀਆਂ ਜਾਵੇਗੀ। ਦਲਿਤਾਂ ਲਈ ਨੌਕਰੀਆਂ ਦੇ ਬੈਕਲਾਗ ਨੂੰ ਪੂਰਾ ਕੀਤਾ ਜਾਵੇਗਾ। ਖਾਲੀ ਅਸਾਮੀਆਂ ਦੀ ਪਛਾਣ ਕਰਨ ਅਤੇ ਭਰਨ ਲਈ ਹਰੇਕ ਵਿਭਾਗ ਵਿੱਚ ਇੱਕ ਕਮੇਟੀ ਬਣਾਈ ਜਾਵੇਗੀ। ਗਰੀਬ ਮੈਂਬਰਾਂ ਨੂੰ ਸਨਮਾਨਜਨਕ ਕੰਮ ਕਰਨ ਯੋਗ ਬਣਾਉਣ ਲਈ ਛੋਟੇ ਕਾਰੋਬਾਰ ਜਾਂ ਪਿੰਡ ਅਧਾਰਤ ਉੱਦਮ ਸ਼ੁਰੂ ਕਰਨ ਲਈ 02 ਲੱਖ ਰੁਪਏ ਦਾ ਮੁੱਫਤ ਕਰਜ਼ਾ ਦਿੱਤਾ ਜਾਵੇਗਾ। ਦਲਿਤਾਂ ਨਾਲ ਹੋਣ ਵਾਲੇ ਵਿਤਕਰੇ ਨਾਲ ਨਜਿੱਠਣ ਲਈ ਸਾਰੀਆਂ ਵਿਦਿਅਕ ਸੰਸਥਾਵਾਂ, ਸਰਕਾਰੀ ਅਤੇ ਨਿੱਜੀ ਦਫਤਰਾਂ ਅਤੇ ਗੈਰ ਸਰਕਾਰੀ ਸੰਗਠਨਾਂ ਲਈ ਸ਼ਿਕਾਇਤ ਦਫਤਰ ਹੋਣਾ ਲਾਜ਼ਮੀ ਕੀਤਾ ਜਾਵੇਗਾ। ਹਰੇਕ ਬਲਾਕ ਵਿੱਚ ਲੋਕਾਂ ਨੂੰ ਉਨ੍ਹਾਂ ਲਈ ਉਪਲਬਧ ਲਾਭਾਂ ਬਾਰੇ ਜਾਣੂ ਕਰਵਾਉਣ ਅਤੇ ਭਲਾਈ ਸਕੀਮਾਂ ਲਾਗੂ ਕਰਨ ਲਈ ਜ਼ਿੰਮੇਵਾਰ ਸਰਕਾਰੀ ਕਰਮਚਾਰੀਆਂ ਦੁਆਰਾ ਭ੍ਰਿਸ਼ਟਾਚਾਰ ਅਤੇ ਪਰੇਸ਼ਾਨੀ ਦੀਆਂ ਸ਼ਿਕਾਇਤਾਂ ਦਰਜ ਕਰਨ ਲਈ ਵਿਸ਼ੇਸ਼ ਦਲਿਤ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ। ਫਸਲ ਖਰਾਬ ਹੋਣ ਦੀ ਸੂਰਤ ਵਿੱਚ ਖੇਤ ਮਜ਼ਦੂਰਾਂ ਨੂੰ ਹਰ ਮਹੀਨੇ ਕੰਮ ਦੇ ਨੁਕਸਾਨ ਲਈ 10000/- ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ। ਮਨਰੇਗਾ ਤਹਿਤ ਦਲਿਤਾਂ ਲਈ ਪਹਿਲ ਦੇ ਆਧਾਰ ਤੇ ਜੌਬ ਕਾਰਡ ਬਣਾਏ ਜਾਣਗੇ ਅਤੇ ਸਕੀਮ ਲਈ ਹੋਰ ਕਾਰਜ ਖੇਤਰਾਂ ਦੀ ਪਛਾਣ ਕੀਤੀ ਜਾਵੇਗੀ। ਸ਼ਗਨ ਸਕੀਮ ਤਹਿਤ ਰਾਸ਼ੀ ਵਧਾ ਕੇ 51000/- ਰੁਪਏ ਕੀਤੀ ਜਾਵੇਗੀ। ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਅਤੇ ਅੰਗਹੀਣ ਪੈਨਸ਼ਨ 500/- ਰੁਪਏ ਤੋਂ ਵਧਾ ਕੇ 2000/- ਰੁਪਏ ਕੀਤੀ ਜਾਵੇਗੀ। ਹਰ ਵਿਅਕਤੀ 58 ਸਾਲ ਦੀ ਉਮਰ ਵਿੱਚ ਬੁਢਾਪਾ ਪੈਨਸ਼ਨ ਲਈ ਯੋਗ ਹੋਵੇਗਾ। ਹਰ ਪਿੰਡ ਵਿੱਚ ਇੱਕ ਆਧੁਨਿਕ ਪਿੰਡ ਸਿਹਤ ਕਲੀਨਿਕ ਹੋਵੇਗਾ ਜਿਸ ਵਿੱਚ ਮੁਫਤ ਦਵਾਈਆਂ ਅਤੇ ਮੁਫਤ ਡਾਇਗਨੌਸਟਿਕ ਟੈਸਟਾਂ ਦੀ ਉਪਲਬਧਤਾ ਹੋਵੇਗੀ। 05 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਜਾਵੇਗੀ। ਸਰਕਾਰ ਸਾਰੇ ਦਲਿਤਾਂ ਲਈ ਸਮਾਜਿਕ ਸੁਰੱਖਿਆ ਯੋਜਨਾ ਬਣਾਏਗੀ। ਇਹ ਯਕੀਨੀ ਬਣਾਉਣ ਲਈ ਕਿ ਕੋਈ ਵੀ ਬੱਚਾ ਪੈਸਿਆਂ ਦੀ ਘਾਟ ਕਾਰਨ ਉੱਚ ਸਿੱਖਿਆ ਤੋਂ ਬਾਂਝਾ ਨਾ ਰਹੇ ਉੱਚ ਸਿੱਖਿਆ ਗਾਰੰਟੀ ਯੋਜਨਾ ਸ਼ੁਰੂ ਕਰੇਗੀ ਤਾਂ ਜੋ ਸਰਕਾਰੀ ਗਾਰੰਟੀ ਤੇ 10 ਲੱਖ ਰੁਪਏ ਤੱਕ ਦਾ ਸਿੱਖਿਆ ਕਰਜ਼ਾ ਦਿੱਤਾ ਜਾ ਸਕੇ। ਕਰਜਾ ਲੈਣ ਲਈ ਕਿਸੇ ਕਾਲਜ ਵਿੱਚ ਸਿਰਫ਼ ਦਾਖਲੇ ਦੀ ਪੁਸ਼ਟੀ ਦੀ ਲੋੜ ਹੋਵੇਗੀ। ਦੋਆਬਾ ਖੇਤਰ ਵਿੱਚ ਕਾਂਸ਼ੀ ਰਾਮ ਸਕਿੱਲ ਯੂਨੀਵਰਸਿਟੀ ਦੁਆਰਾ ਹੁਨਰ ਵਿਕਾਸ ਵਿੱਚ ਉੱਨਤ ਅਧਿਐਨ ਕਰਨ ਅਤੇ ਟਰੇਨਰਾਂ ਨੂੰ ਸਿਖਲਾਈ ਦੇਣ ਲਈ ਪ੍ਰੋਗਰਾਮ ਤਿਆਰ ਕੀਤੇ ਜਾਣਗੇ। ਗਰੀਬ ਦਲਿਤ ਲੜਕੀਆਂ ਲਈ ਬਾਰਵੀਂ ਤੱਕ ਮੁੱਫਤ ਸਿੱਖਿਆ ਅਤੇ ਬਾਅਦ ਵਿੱਚ ਮੁਫਤ ਹੁਨਰ ਸਿਖਲਾਈ ਮਿਲੇਗੀ। ਗਰੀਬ ਦਲਿਤ ਵਿਦਿਆਰਥੀਆਂ ਲਈ ਰਾਜ ਬੋਰਡਾਂ ਅਤੇ ਕਾਰਪੋਰੇਸ਼ਨਾਂ ਵਿੱਚ ਰਾਖਵੇਂਕਰਨ ਦਾ ਪ੍ਰਬੰਧ ਹੋਵੇਗਾ। ਇਸ ਚੌਣ ਮੈਨੀਫੈਸਟੋ ਨੂੰ ਵੇਖਕੇ ਲੱਗਦਾ ਸੀ ਕਿ ਆਮ ਆਦਮੀ ਪਾਰਟੀ ਦਲਿਤਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣ ਲਈ ਕੰਮ ਕਰੇਗੀ। ਆਮ ਆਦਮੀ ਪਾਰਟੀ ਨੇ ਚੌਣਾਂ ਦੋਰਾਨ ਇਹ ਘੋਸ਼ਣਾ ਕੀਤੀ ਸੀ ਕਿ ਜੇਕਰ ਲੋਕ ਉਨ੍ਹਾਂ ਦੀ ਪਾਰਟੀ ਨੂੰ ਸੱਤਾ ਦਿੰਦੇ ਹਨ ਤਾਂ ਪੰਜਾਬ ਵਿੱਚ ਦਲਿਤ ਉੱਪ ਮੁੱਖ ਮੰਤਰੀ ਬਣਾਇਆ ਜਾਵੇਗਾ। ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ 01 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਅਜੇ ਤੱਕ ਦਲਿਤਾਂ ਦੇ ਮੁੱਦੇ ਅਤੇ ਸਮੱਸਿਆਵਾਂ ਵੱਲ ਕੋਈ ਤਵੱਜੋ ਨਹੀਂ ਦਿਤੀ ਗਈ ਹੈ। ਅਜੇ ਤੱਕ ਪੰਜਾਬ ਵਿੱਚ ਕਿਸੇ ਵੀ ਦਲਿਤ ਨੂੰ ਉੱਪ ਮੁੱਖ ਮੰਤਰੀ ਨਹੀਂ ਬਣਾਇਆ ਗਿਆ ਹੈ। ਪੰਜਾਬ ਕੈਬਿਨਟ ਵਿੱਚ ਮੁੱਖ ਮੰਤਰੀ, ਸਪੀਕਰ ਅਤੇ ਡਿਪਟੀ ਸਪੀਕਰ ਸਮੇਤ 17 ਵਿਧਾਇਕਾਂ ਨੂੰ ਮੰਤਰੀ ਬਣਾਇਆ ਗਿਆ ਜਿਨ੍ਹਾਂ ਵਿੱਚ ਸਿਰਫ 04 ਹੀ ਦਲਿਤ ਮੰਤਰੀ ਬਣਾਏ ਗਏ ਹਨ। ਇਸ ਵੇਲੇ ਆਪ ਵਲੋਂ 07 ਵਿਅਕਤੀਆਂ ਨੂੰ ਰਾਜ ਸਭਾ ਵਿੱਚ ਭੇਜਿਆ ਗਿਆ ਹੈ ਪਰੰਤੂ ਇਨ੍ਹਾਂ ਵਿੱਚ ਇੱਕ ਵੀ ਦਲਿਤ ਨਹੀਂ ਹੈ। ਪੰਜਾਬ ਵਿੱਚ ਦਲਿਤਾਂ ਦੇ ਪਿਛਲੇ ਕਈ ਸਾਲਾਂ ਤੋਂ ਕੁੱਝ ਵਿਸ਼ੇਸ਼ ਮੁੱਦੇ ਲਟਕੇ ਹੋਏ ਸਨ ਜਿਨ੍ਹਾਂ ਨੂੰ ਲੈਕੇ ਅਕਸਰ ਹੀ ਵਿਚਾਰ ਚਰਚਾ ਅਤੇ ਸੰਘਰਸ਼ ਹੁੰਦਾ ਰਿਹਾ ਹੈ ਜਿਨ੍ਹਾਂ ਨੂੰ ਲੈਕੇ ਲੋਕਾਂ ਵਿੱਚ ਆਸ ਸੀ ਕਿ ਪੰਜਾਬ ਵਿੱਚ ਬਦਲਾਅ ਲਈ ਬਣੀ ਆਪ ਦੀ ਸਰਕਾਰ ਇਨ੍ਹਾਂ ਮੁੱਦਿਆਂ ਤੇ ਕੰਮ ਜਰੂਰ ਕਰੇਗੀ ਪਰ ਇਹ ਮਸਲੇ ਅਜੇ ਵੀ ਅਣਸੁਲਝੇ ਪਏ ਹਨ ਜਿਨਖ਼ਾਂ ਵਿੱਚ ਸੰਵਿਧਾਨ ਵਿੱਚ ਹੋਈ 85ਵੀਂ ਸੋਧ ਨੂੰ ਲਾਗੂ ਕਰਕੇ ਅਨੁਸੂਚਿਤ ਜਾਤਾਂ ਦੇ ਕਰਮਚਾਰੀਆਂ ਨੂੰ ਬਣਦਾ ਲਾਭ ਦੇਣਾ, ਪੋਸਟ ਮੈਟਰਿਕ ਸਕਾਲਰਸ਼ਿਪ ਵਿੱਚ ਹੋਏ ਘਪਲਿਆਂ ਦੇ ਦੋਸ਼ੀਆਂ ਅਤੇ ਜਿੰਮੇਬਾਰ ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ ਖਿਲਾਫ ਕਾਰਵਾਈ ਕਰਨਾ, ਵਿਦਿਅਕ ਅਦਾਰਿਆਂ ਵਿੱਚ ਦਲਿਤ ਵਿਦਿਆਰਥੀਆਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਰੋਕਣਾ, ਵਿਦਿਆਰਥੀਆਂ ਦੇ ਰੋਲ ਨੰਬਰ ਅਤੇ ਡੀਗਰੀਆਂ ਜੋਕਿ ਵਜੀਫਿਆਂ ਕਾਰਨ ਰੁਕੀਆਂ ਹਨ ਜਾਰੀ ਕਰਵਾਉਣਾ, ਵੱਖ ਵੱਖ ਵਿਭਾਗਾਂ ਵਿੱਚ ਖਾਲੀ ਪਈਆਂ ਅਸਾਮੀਆਂ ਦਾ ਬੈਕਲਾਗ ਪੂਰਾ ਕਰਨਾ, ਬੇਜਮੀਨੇ ਦਲਿਤਾਂ ਲਈ ਰਹਿਣ ਲਈ ਪਲਾਟ ਦੇਣਾ, ਸ਼ਾਮਲਾਟ ਜ਼ਮੀਨ ਵਿਚੋਂ ਤੀਜਾ ਹਿੱਸਾ ਅਨੁਸੂਚਿਤ ਜਾਤਾਂ ਨੂੰ ਦੇਣਾ, ਦਲਿਤਾਂ ਦੇ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੀ ਸਾਂਭ ਸੰਭਾਲ ਲਈ ਕੰਮ ਕਰਨਾ ਆਦਿ ਸ਼ਾਮਿਲ ਹਨ।ਅਨੁਸੂਚਿਤ ਜਾਤਾਂ ਦੇ ਕਰਮਚਾਰੀ ਅਪਣੀਆਂ ਮੰਗਾਂ ਨੂੰ ਲੈਕੇ ਸੰਘਰਸ਼ ਕਰ ਰਹੇ ਹਨ ਪਰੰਤੂ ਉਹਨਾਂ ਦੀਆਂ ਮੰਗਾਂ ਦੀ ਕਿਤੇ ਵੀ ਸੁਣਵਾਈ ਨਹੀਂ ਹੋਈ ਹੈ। ਸਰਕਾਰੀ ਸਿਹਤ ਕੇਂਦਰਾਂ ਵਿੱਚ ਅਜੇ ਵੀ ਟੈਸਟ ਵਲੋਂ ਬੇਸ਼ੱਕ ਸਰਕਾਰੀ ਦੱਫਤਰਾਂ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਸਹੀਦ ਭਗਤ ਸਿੰਘ ਦੀਆਂ ਫੋਟੋਆਂ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ ਪਰੰਤੂ ਪੰਜਾਬ ਵਿੱਚ ਬਣੇ ਡਾਕਟਰ ਅੰਬੇਡਕਰ ਭਵਨਾਂ ਦੀ ਖਸਤਾ ਹਾਲਤ ਵਿਕਾਸ ਕਾਰਜਾਂ ਦੀ ਪੋਲ ਖੋਲਦੀ ਹੈ। ਸਰਕਾਰ ਵਲੋਂ 26 ਨਵੰਬਰ ਨੂੰ ਸੰਵਿਧਾਨ ਦਿਵਸ ਨੂੰ ਭੁਲਾ ਦਿਤਾ ਗਿਆ ਅਤੇ 14 ਅਪ੍ਰੈਲ ਡਾਕਟਰ ਅੰਬੇਡਕਰ ਦੇ ਜਨਮ ਦਿਵਸ ਮੌਕੇ ਵੀ ਸਰਕਾਰੀ ਤੌਰ ਤੇ ਕੋਈ ਪ੍ਰੋਗਰਾਮ ਨਜਰ ਨਹੀਂ ਆਇਆ ਹੈ। ਦਲਿਤਾਂ ਦੀ ਭਲਾਈ ਲਈ ਬਣਾਏ ਗਏ ਪੰਜਾਬ ਰਾਜ ਅਨੁਸੂਚਿਤ ਜਾਤਿ ਆਯੋਗ ਵਿੱਚ ਮੈਂਬਰਾਂ ਦੀ ਗਿਣਤੀ ਵਧਾਉਣ ਦੀ ਬਜਾਏ ਘੱਟ ਕਰ ਦਿਤੀ ਗਈ ਹੈ। ਪੰਜਾਬ ਵਿੱਚ ਸਿੱਖਿਆ ਦਾ ਅਧਿਕਾਰ ਪੂਰੀ ਤਰਾਂ ਲਾਗੂ ਨਹੀਂ ਕੀਤਾ ਗਿਆ ਹੈ। ਜਿਲ੍ਹਾ ਪੱਧਰ ਤੇ ਬਣਨ ਵਾਲੇ ਹੋਸਟਲਾਂ ਦਾ ਕੋਈ ਜਿਕਰ ਤੱਕ ਨਹੀਂ ਹੋ ਰਿਹਾ ਹੈ। ਅਨੁਸੂਚਿਤ ਜਾਤੀਆਂ ਲਈ ਬਣਾਏ ਗਏ ਐਸ ਸੀ ਕੰਪੋਨੈਂਟ ਪਲਾਨ ਵਿੱਚ ਪਿਛਲੀਆਂ ਸਰਕਾਰਾਂ ਵੇਲੇ ਵੱਡੇ ਪੱਧਰ ਤੇ ਘਪਲੇਬਾਜੀ ਹੋਈ ਹੈ ਪ੍ਰੰਤੂ ਅਜੇ ਤੱਕ ਇਸ ਸਬੰਧੀ ਮੌਜੂਦਾ ਸਰਕਾਰ ਵਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਹੈ। ਪਿੰਡਾਂ ਵਿੱਚ ਵਿਕਾਸ ਕਾਰਜਾਂ ਵਿੱਚ ਖੜੋਤ ਆ ਗਈ ਹੈ ਅਤੇ ਪੰਜਾਬ ਵਿੱਚ ਖੇਤ ਮਜਦੂਰਾਂ ਲਈ ਸਰਕਾਰ ਵਲੋਂ ਯੋਗ ਮੁਆਵਜ਼ਾ ਨਹੀਂ ਦਿਤਾ ਜਾ ਰਿਹਾ ਹੈ। ਸਫਾਈ ਕਰਮਚਾਰੀ ਅਜੇ ਤੱਕ ਨਿਗੁਣੀ ਤਨਖਾਹ ਤੇ ਕੰਮ ਕਰ ਰਹੇ ਹਨ। ਜਾਅਲੀ ਐਸ ਸੀ ਸਰਟੀਫਿਕੇਟਾਂ ਦੇ ਅਧਾਰ ਤੇ ਵਿਦਿਅਕ ਅਦਾਰਿਆਂ ਵਿੱਚ ਹੋ ਰਹੇ ਦਾਖਲਿਆਂ ਅਤੇ ਸਰਕਾਰੀ ਨੌਕਰੀਆਂ ਵਿੱਚ ਭਰਤੀ ਹੋ ਰਹੇ ਵਿਅਕਤੀਆਂ ਖਿਲਾਫ ਕਾਰਵਾਈ ਕਰਨ ਲਈ ਅਜੇ ਤੱਕ ਕੁੱਝ ਨਹੀਂ ਕੀਤਾ ਗਿਆ ਹੈ।

ਸਰਕਾਰ ਵਲੋਂ ਭਰਤੀ ਕਰਨ ਵੇਲੇ ਅਨੁਸੂਚਿਤ ਜਾਤਾਂ ਲਈ ਰਾਖਵਾਂਕਰਣ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਦਲਿਤਾਂ ਤੇ ਹੋ ਰਹੇ ਅੱਤਿਆਚਾਰ ਵੱਧ ਰਹੇ ਹਨ ਅਤੇ ਦਲਿਤਾਂ ਵਿੱਚ ਡਰ ਵੱਧ ਰਿਹਾ ਹੈ। ਪੰਜਾਬ ਵਿੱਚ ਪਿਛਲੀ ਸਰਕਾਰ ਵੇਲੇ ਹੋਈ ਵਿਧਾਨ ਸਭਾ ਵਿੱਚ ਵੱਖ ਵੱਖ ਤਰਾਂ ਦੇ ਕਰਮਚਾਰੀਆਂ ਦੀ ਹੋਈ ਭਰਤੀ ਵਿੱਚ ਅਨੁਸੂਚਿਤ ਜਾਤਾਂ ਲਈ ਰਾਖਵਾਂਕਰਣ ਲਾਗੂ ਨਾਂ ਕਰਨ ਦਾ ਮੁੱਦਾ ਚੌਣਾਂ ਦੌਰਾਨ ਭਾਰੂ ਰਿਹਾ ਸੀ ਪ੍ਰੰਤੂ ਅਜੇ ਤੱਕ ਇਸ ਸਬੰਧੀ ਕਿਸੇ ਤਰਾਂ ਦੀ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਆਮ ਆਦਮੀ ਪਾਰਟੀ ਵਲੋਂ ਚੌਣ ਮੈਨੀਫੈਸਟੋ ਵਿੱਚ ਦਲਿਤਾਂ ਲਈ ਕੀਤੇ ਗਏ ਵਾਅਦੇ ਕਦੋਂ ਪੂਰੇ ਹੋਣਗੇ ਇਹ ਅਜੇ ਤੱਕ ਇੱਕ ਬੁਝਾਰਤ ਹੀ ਬਣਿਆ ਹੋਇਆ ਹੈ। ਪੰਜਾਬ ਵਿੱਚ ਦਲਿਤ ਮੁੱਦਿਆਂ ਨੂੰ ਅਣਗੌਲਿਆਂ ਕਰਨਾ ਸਰਕਾਰ ਲਈ ਭਵਿੱਖ ਵਿੱਚ ਨੁਕਸਾਨਦੇਹ ਸਾਬਤ ਹੋ ਸਕਦਾ ਹੈ।

# ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਸਿਆਸੀ ਜ਼ਿੰਦਗੀ 'ਤੇ ਕਿਤਾਬ ਨਹੀਂ ਲਿਖੀ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਮੰਗਲਵਾਰ ਦੇਰ ਸ਼ਾਮ ਦੇਹਾਂਤ ਹੋ ਗਿਆ। ਉਹ 95 ਵਰ੍ਹਿਆਂ ਦੇ ਸਨ। ਸਾਹ ਲੈਣ ਦੀ ਤਕਲੀਫ਼ ਕਾਰਨ ਉਹ ਪਿਛਲੇ ਕਈ ਦਿਨਾਂ ਤੋਂ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖ਼ਲ ਸਨ, ਇੱਥੇ ਹੀ ਉਨ੍ਹਾਂ ਆਖ਼ਰੀ ਸਾਹ ਲਏ। ਪ੍ਰਕਾਸ਼ ਸਿੰਘ ਬਾਦਲ ਅੱਧੀ ਸਦੀ ਤੋਂ ਵੱਧ ਪੰਜਾਬ ਅਤੇ ਪੰਥਕ ਸਿਆਸਤ ਵਿੱਚ ਛਾਏ ਰਹੇ। ਉਨ੍ਹਾਂ ਨੇ ਕੇਂਦਰੀ ਸਿਆਸਤ ਵਿੱਚ ਵੀ ਅਹਿਮ ਭੂਮਿਕਾ ਅਦਾ ਕੀਤੀ। ਪੰਜਾਬ ਦੀ ਸਿਆਸਤ ਅਤੇ ਸੱਤਾ ਵਿੱਚ ਕਈ ਰਿਕਾਰਡ ਬਣਾਉਣ ਵਾਲੇ ਪ੍ਰਕਾਸ਼ ਸਿੰਘ ਬਾਦਲ ਨੂੰ ਪੰਜਾਬ ਦੀ ਸਿਆਸਤ ਵਿੱਚ 'ਬਾਬਾ ਬੋਹੜ' ਦੇ ਵਿਸ਼ੇਸ਼ਣ ਨਾਲ ਜਾਣਿਆ ਜਾਂਦਾ ਸੀ।

ਪ੍ਰਕਾਸ਼ ਸਿੰਘ ਬਾਦਲ ਦੀ ਨਿੱਜੀ ਅਤੇ ਸਿਆਸੀ ਜ਼ਿੰਦਗੀ ਦੇ ਸਫ਼ਰ ਨੂੰ ਸਮਝਣ ਲਈ ਸੀਨੀਅਰ ਪੱਤਰਕਾਰਾਂ ਅਤੇ ਲੇਖਕ ਦੱਸਦੇ ਹਨ। ਅਸੀਂ ਉਨ੍ਹਾਂ ਤੋਂ ਪ੍ਰਕਾਸ਼ ਸਿੰਘ ਬਾਦਲ ਦੇ ਸੋਚਣ ਦੇ ਤਰੀਕੇ, ਲੋਕਾਂ ਵਿੱਚ ਵਿਚਰਨ, ਸਿਆਸੀ ਫੈਸਲੇ ਲੈਣ ਅਤੇ ਜ਼ਿੰਦਗੀ ਦੇ ਨਿੱਜੀ ਪਲਾਂ ਦੀਆਂ ਕੁਝ ਯਾਦਾਂ ਇਕੱਤਰ ਕੀਤੀਆਂ ਹਨ। ਪੇਸ਼ ਹਨ ਪ੍ਰਕਾਸ਼ ਸਿੰਘ ਬਾਦਲ ਨੂੰ ਦਹਾਕਿਆਂ ਤੱਕ ਕਵਰ ਕਰਨ ਵਾਲੇ ਪੰਜਾਬ ਦੇ ਸੀਨੀਅਰ ਪੱਤਰਕਾਰਾਂ ਦੀ ਜ਼ੁਬਾਨੀ ਬਾਦਲ ਦੀ ਜ਼ਿੰਦਗੀ ਦੇ ਕੁਝ ਖਾਸ ਕਿੱਸੇ। 'ਸਿਆਸਤ ਇੱਕ ਦੌੜ ਹੈ, ਇਸ 'ਤੇ ਕੀ ਲਿਖਾਂ?' ਪ੍ਰਕਾਸ਼ ਸਿੰਘ ਬਾਦਲ ਸਿਆਸਤ ਨੂੰ ਇੱਕ ਦੌੜ ਮੰਨਦੇ ਸਨ। ਪੱਤਰਕਾਰ ਸਰਬਜੀਤ ਪੰਧੇਰ ਦੱਸਦੇ ਹਨ, ''ਇੱਕ ਵਾਰ ਬਾਦਲ ਸਾਹਬ ਦੇ ਸੱਟ ਲੱਗ ਗਈ ਅਤੇ ਅਸੀਂ ਉਹਨਾਂ ਨੂੰ ਮਿਲਣ ਚਲੇ ਗਏ। ਉਹ ਬੈਡ ਉਪਰ ਹੀ ਸਨ। ਮੈਂ ਉਹਨਾ ਨੂੰ ਕਿਹਾ ਕਿ ਬਾਦਲ ਸਾਹਿਬ ਹੁਣ ਤੁਹਾਡੇ ਕੋਲ ਸਮਾਂ ਹੈ ਅਤੇ ਤੁਸੀਂ ਕੋਈ



ਕਿਤਾਬ ਲਿਖੋ।''

ਪੰਧੇਰ ਕਹਿੰਦੇ ਹਨ, ''ਉਹ ਕਹਿਣ ਲੱਗੇ ਕਿ ਕਿਸ ਮੁੱਦੇ ਉਪਰ ਕਿਤਾਬ ਲਿਖਾਂ? ਜਦੋਂ ਮੈਂ ਕਿਹਾ ਕਿ ਸਿਆਸਤ ਉਪਰ ਲਿਖੋ ਤਾਂ ਉਹ ਕਹਿਣ ਲੱਗੇ ਕਿ ਇਸ ਵਿੱਚ ਕੀ ਵੱਡੀ ਗੱਲ ਹੈ। ਸਿਆਸਤ ਵਿੱਚ ਤਾਂ ਕੋਈ ਵੀ ਵੱਡੀ ਗੱਲ ਨਹੀਂ ਹੁੰਦੀ।ਰਾਜਨੀਤਿਕ ਪਾਰਟੀਆਂ ਕੁਝ ਵੀ ਕਹੀ ਜਾਣ ਅਸਲ ਵਿੱਚ ਸਿਆਸਤ ਇੱਕ ਦੌੜ ਹੈ।'' ਉਹ ਅੱਗੇ ਦੱਸਦੇ ਹਨ, ''ਬਾਦਲ ਸਾਹਬ ਕਹਿਣ ਲੱਗੇ, ਹਰ ਇੱਕ ਦਾ ਆਪਣਾ ਟੀਚਾ ਹੈ। ਕਿਸੇ ਲਈ ਸਰਪੰਚ ਦਾ ਹੈ ਤਾਂ ਕਿਸੇ ਲਈ ਮੁੱਖ ਮੰਤਰੀ ਦਾ ਹੈ। ਜੋ ਤੁਹਾਡੇ ਨਾਲ ਮੁਕਾਬਲੇ ਵਿੱਚ ਹੁੰਦੇ ਹਨ, ਉਹ ਜੇਕਰ ਕੋਈ ਛੋਟਾ ਟੋਇਆ ਆ ਜਾਵੇ ਤਾਂ ਤੁਹਾਨੂੰ ਬਾਹ ਫੜ ਕੇ ਬਚਾਉਂਦੇ ਹਨ। ਬੰਦਾ ਸਾਰੀ ਉਮਰ ਇਹ ਅਹਿਸਾਨ ਯਾਦ ਰੱਖਦਾ ਹੈ। ਪਰ ਜੇਕਰ ਖ਼ੂਹ ਆ ਜਾਵੇ ਤਾਂ ਵਿਰੋਧੀ ਧੱਕਾ ਮਾਰ ਕੇ ਇੱਟ ਵੀ ਸੁੱਟ ਸਕਦੇ ਹਨ ਕਿ ਕਿਤੇ ਵਾਪਿਸ ਨਾ ਆ ਜਾਵੇ। ਇਹੋ ਸਿਆਸਤ ਹੈ ਬਸ। ਸਾਰੇ ਇਹੋ ਕਰਦੇ ਹਨ। ਇਸ 'ਤੇ ਕੀ ਕਿਤਾਬ ਲਿਖਾਂ?''

ਸਰਬਜੀਤ ਪੰਧੇਰ ਦੱਸਦੇ ਹਨ ਕਿ ਜਦੋਂ ਇੱਕ ਵਾਰ ਉਹਨਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਸੱਤਾ ਸੌਂਪਣ ਦੀ ਗੱਲ ਚੱਲ ਰਹੀ ਸੀ ਤਾਂ, ''ਮੈਂ ਪੁੱਛਿਆ ਕਿ ਸੁਖਬੀਰ ਨੂੰ ਸੱਤਾ 'ਤੇ ਕਦੋਂ ਬਿਠਾ ਰਹੇ ਹੋ?'' ਪੰਧੇਰ ਕਹਿੰਦੇ ਹਨ, ''ਉਹ ਹੱਸ ਕੇ ਬੋਲੇ, ਰਾਜ ਤੇ ਖਾਜ ਤਾਂ ਆਪ ਕੀਤੇ ਹੀ ਚੰਗੇ ਲੱਗਦੇ ਹਨ।'' ''ਪਰ ਉਹ ਪੱਤਰਕਾਰਾਂ ਨਾਲ ਨਾਪ ਤੋਲ ਕੇ ਹੀ ਗੱਲ ਕਰਦੇ ਸਨ। ਜਿਸ ਦਾ ਉਹਨਾਂ ਨੂੰ ਫਾਇਦਾ ਹੋਣਾ ਹੋਵੇ ਉਹ ਜਾਣਕਾਰੀ ਹੀ ਦਿੰਦੇ ਸਨ। ਉਹਨਾਂ ਕੋਲੋਂ ਕੋਈ ਸੰਵੇਦਨਸ਼ੀਲ ਜਾਣਕਾਰੀ ਕਢਵਾਉਣੀ ਬਹੁਤ ਮੁਸ਼ਿਕਲ ਸੀ।''

### 'ਇੱਕ ਹੱਥ ਪੱਗ ਨੂੰ, ਦੂਜਾ ਕੁਰਸੀ ਨੂੰ'

ਸੀਨੀਅਰ ਪੱਤਰਕਾਰ ਜਗਤਾਰ ਸਿੰਘ ਕਹਿੰਦੇ ਹਨ ਕਿ ਪ੍ਰਕਾਸ਼ ਸਿੰਘ ਬਾਦਲ ਹਰ ਸੰਘਰਸ਼ ਜਾਂ ਮੋਰਚੇ ਦੌਰਾਨ ਸਭ ਤੋਂ ਪਹਿਲਾਂ ਜੇਲ੍ਹ ਜਾਂਦੇ ਸਨ ਅਤੇ ਸਿਆਸਤ ਵਿੱਚ ਰਿਕਾਰਡ ਬਣਾਉਣ ਵਾਲੇ ਨੇਤਾ ਸਨ।ਜਗਤਾਰ ਸਿੰਘ ਆਪਣੀ ਪੱਤਰਕਾਰ ਦੇ ਸ਼ੁਰੂਆਤੀ ਦਿਨਾਂ ਨੂੰ ਯਾਦ ਕਰਦੇ ਹੋਏ ਕਹਿੰਦੇ ਹਨ, ''ਸਾਲ 1978 ਵਿੱਚ ਮੈਂ ਇੰਡੀਅਨ ਐਕਸਪ੍ਰੈਸ ਜੁਆਇਨ ਹੀ ਕੀਤਾ ਸੀ ਕਿ ਮੈਨੂੰ ਇੱਕ ਸਮਾਗਮ ਕਵਰ ਕਰਨ ਲਈ ਭੇਜ ਦਿੱਤਾ। ਏਥੇ ਮੈਂ ਪਹਿਲੀ ਵਾਰ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲਿਆ। ਗੱਲਬਾਤ ਦੌਰਾਨ ਉਹਨਾਂ ਬੜੀ ਦਿਲਚਸਪ ਗੱਲ ਕਹੀ ਕਿ 'ਸਾਡਾ ਤਾਂ ਇੱਕ ਹੱਥ ਪੱਗ ਨੂੰ ਹੁੰਦਾ ਹੈ, ਇੱਕ ਹੱਥ ਕੁਰਸੀ ਨੂੰ।' ਮੈਨੂੰ ਉਹਨਾਂ ਦੀ ਇਹ ਗੱਲ ਅੱਜ ਤੱਕ ਨਹੀਂ ਭੁੱਲੀ ਕਿ ਪ੍ਰਕਾਸ਼ ਸਿੰਘ ਬਾਦਲ ਕਿੰਨੇ ਖੁੱਲੇ ਸੁਭਾਅ ਦੇ ਨੇਤਾ ਸਨ।'' ਉਹ ਕਹਿੰਦੇ ਹਨ, ''ਪ੍ਰਕਾਸ਼ ਸਿੰਘ ਬਾਦਲ ਸੰਘਰਸ਼ਾਂ ਦੌਰਾਨ ਸਭ ਤੋਂ ਪਹਿਲਾਂ ਜੇਲ੍ਹ ਚਲੇ ਜਾਂਦੇ ਸਨ। ਬਾਅਦ ਵਿੱਚ ਬਾਕੀ ਲੀਡਰ ਸੰਘਰਸ਼ ਸੰਭਾਲਦੇ ਰਹਿੰਦੇ ਸਨ। ਪ੍ਰਕਾਸ਼ ਸਿੰਘ ਬਾਦਲ ਰਿਕਾਰਡ ਬਣਾਉਣ ਵਾਲੇ ਨੇਤਾ ਸਨ, ਉਹ 5 ਵਾਰ ਮੁੱਖ ਮੰਤਰੀ ਬਣੇ ਅਤੇ ਸਭ ਤੋਂ ਛੋਟੀ ਉਮਰ ਦੇ ਮੁੱਖ ਮੰਤਰੀ ਬਣੇ ਸਨ।''

### ਜਦੋਂ ਬਾਦਲ ਨੇ ਅਮ੍ਰਿਤਾ ਪ੍ਰੀਤਮ 'ਤੇ 295-ਏ ਦਾ ਕੇਸ ਨਾ ਚੱਲਣ ਦਿੱਤਾ

ਪੰਜਾਬੀ ਦੇ ਲੇਖਕ ਗੁਰਬਚਨ ਸਿੰਘ ਭੁੱਲਰ ਕਹਿੰਦੇ ਹਨ ਕਿ ਜਦੋਂ ਪ੍ਰਕਾਸ਼ ਸਿੰਘ ਬਾਦਲ ਪਹਿਲੀ ਵਾਰ ਮੁੱਖ ਮੰਤਰੀ ਬਣੇ ਤਾਂ ਉਹਨਾਂ ਨੂੰ ਮਿਲਣ ਲਈ ਪੰਚਾਇਤਾਂ ਅਤੇ ਲੋਕ ਵੱਡੀ ਗਿਣਤੀ ਵਿੱਚ ਆਉਂਦੇ ਸਨ। ਉਹ ਸਾਰਾ ਦਿਨ ਮੀਟਿੰਗਾਂ ਵਿੱਚ ਰੁੱਝੇ ਰਹਿੰਦੇ ਸਨ। ਇਸ ਲਈ ਅਫ਼ਸਰਾਂ ਨੂੰ ਜਰੂਰੀ ਫ਼ਾਇਲਾਂ ਗੱਡੀ ਵਿੱਚ ਸਫ਼ਰ ਸਮੇਂ ਦਸਤਖ਼ਤ ਕਰਨ ਲਈ ਮੰਗਵਾ ਲੈਂਦੇ ਸਨ। ਉਹ ਕਹਿੰਦੇ ਹਨ, ''ਪੰਜਾਬੀ ਦੀ ਲੇਖਕ ਅਮ੍ਰਿਤਾ ਪ੍ਰੀਤਮ ਨੇ ਲਿਖਿਆ ਸੀ ਕਿ 'ਮੈਂ ਸਿਗਰਟ ਪੀਂਦੀ ਹਾਂ ਅਤੇ ਮੈਨੂੰ ਵਿਸਕੀ ਵੀ ਚੰਗੀ ਲੱਗਦੀ ਹੈ। ਇਹ ਦੋਵੇਂ ਗੱਲਾਂ ਜਦੋਂ ਔਰਤਾਂ ਨਾਲ ਜੁੜ ਜਾਂਦੀਆਂ ਹਨ ਤਾਂ ਚੰਗੀਆਂ ਨਹੀਂ ਸਮਝੀਆਂ ਜਾਂਦੀਆਂ।'' ਉਹ ਕਹਿੰਦੇ ਹਨ, ''ਸਿੱਖਾਂ ਨੇ ਅਮ੍ਰਿਤਾ ਪ੍ਰੀਤਮ ਦੀਆਂ ਕੁਝ ਲਿਖਤਾਂ ਦੇ ਹਵਾਲੇ ਨਾਲ ਉਸ ਦਾ ਵਿਰੋਧੀ ਕੀਤਾ ਅਤੇ ਉਸ ਉਪਰ ਆਈਪੀਸੀ ਦੀ ਧਾਰਾ 295-ਏ (ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ) ਤਹਿਤ ਕੇਸ ਕਰ ਦਿੱਤਾ। ਇੱਕ ਆਈਏਐੱਸ ਅਧਿਕਾਰੀ ਪ੍ਰੀਤਮ ਸਿੰਘ ਨੇ ਲਿਖਿਆ ਹੈ ਕਿ ਉਸ ਨੇ ਅਮ੍ਰਿਤਾ ਪ੍ਰੀਤਮ ਦੀ ਫਾਇਲ ਪ੍ਰਕਾਸ਼ ਸਿੰਘ ਬਾਦਲ ਨੂੰ ਕਾਰ ਵਿੱਚ ਦਿਖਾਈ ਅਤੇ ਕਿਹਾ ਕਿ ਗ੍ਰਹਿ ਵਿਭਾਗ ਨੇ ਕੇਸ ਚਲਾਉਣ ਲਈ ਸਿਫਾਰਿਸ਼ ਕੀਤੀ ਹੈ।'' ਗੁਰਬਚਨ ਸਿੰਘ ਭੁੱਲਰ ਦੱਸਦੇ ਹਨ, ''ਪਰ ਬਾਦਲ ਸਾਹਿਬ ਕਹਿਣ ਲੱਗੇ ਕਿ ਜੇਕਰ ਇੱਕ ਕੁੜੀ ਨੇ ਕਮਲ ਕੁੱਟ ਦਿੱਤਾ, ਆਪਾਂ ਜਰੂਰ ਉਸੇ ਤਰ੍ਹਾਂ ਪਾਗਲਾਂ ਵਾਲਾ ਫੈਸਲਾ ਦੇਣਾ? ਜਿਨ੍ਹਾਂ ਲੋਕਾਂ ਨੂੰ ਨਹੀਂ ਪਤਾ, ਉਹਨਾਂ ਨੂੰ ਵੀ ਪਤਾ ਲੱਗ ਜਾਵੇਗਾ ਕਿ ਸਿੱਖਾਂ ਦੀਆਂ ਕੁੜੀਆਂ ਸਿਗਰਟ ਤੇ ਸ਼ਰਾਬ ਪੀਂਦੀਆਂ ਹਨ। ਇਹ ਰੌਲਾ ਪਾਉਣ ਦੀ ਕੀ ਲੋੜ ਹੈ, ਇਸ ਕੇਸ ਨੂੰ ਖਤਮ ਕਰੋ, ਫਾਇਲ ਬੰਦ ਕਰੋ।''

### 'ਲੋੜ ਸਮੇਂ ਲੋਕਾਂ ਦੇ ਘਰ ਜਾ ਕੇ ਬੈਠ ਜਾਂਦੇ'

ਬਠਿੰਡਾ ਤੋਂ ਸੀਨੀਅਰ ਪੱਤਰਕਾਰ ਬਖਤੌਰ ਸਿੰਘ ਕਹਿੰਦੇ ਹਨ ਕਿ ਪ੍ਰਕਾਸ਼ ਸਿੰਘ ਬਾਦਲ ਬਹੁਤ ਹਲੀਮੀ ਵਾਲੇ ਸਿਆਸਤਦਾਨ ਸਨ। ਬਖਤੌਰ ਸਿੰਘ ਦੱਸਦੇ ਹਨ, ''ਪ੍ਰਕਾਸ਼ ਸਿੰਘ ਬਾਦਲ ਨੂੰ ਸਿਆਸਤ ਵਿੱਚ ਉਹਨਾਂ ਦੇ ਚਾਚਾ ਤੇਜਾ ਸਿੰਘ ਬਾਦਲ ਲੈ ਕੇ ਆਏ ਸਨ। ਪਰ ਇਕ ਸਮੇਂ ਬਾਅਦ ਉਹਨਾਂ ਦੀ ਤੇਜਾ ਸਿੰਘ ਬਾਦਲ ਨਾਲ ਅਣਬਣ ਹੋ ਗਈ।'' ਪੱਤਰਕਾਰ ਬਖਤੌਰ ਸਿੰਘ ਕਹਿੰਦੇ ਹਨ, ''ਬਾਦਲ ਦੀ ਖ਼ਾਸ ਗੱਲ ਇਹ ਸੀ ਕਿ ਨਰਾਜ਼ਗੀ ਸਮੇਂ ਉਹ ਬੰਦੇ ਨੂੰ ਅਹਿਸਾਸ ਨਹੀਂ ਹੋਣ ਦਿੰਦੇ ਸਨ ਕਿ 'ਮੈਂ ਤੇਰੇ ਖਿਲਾਫ਼ ਹਾਂ'। ਜਦੋਂ ਕਿਸੇ ਬੰਦੇ ਦੀ ਲੋੜ ਪੈਂਦੀ ਸੀ ਤਾਂ ਉਹ ਉਸ ਦੇ ਘਰ ਜਾ ਕੇ ਬੈਠ ਹੀ ਜਾਂਦੇ ਸਨ।'' ''ਪ੍ਰਕਾਸ਼ ਸਿੰਘ ਬਾਦਲ ਕਹਿੰਦੇ ਸਨ ਕਿ ਮੈਂ ਤਾਂ ਆ ਕੇ ਬੈਠ ਗਿਆ ਹਾਂ, ਜੋ ਕਰਨਾ ਹੈ ਕਰ ਲਵੋ। ਅੱਗੋ ਬੰਦਾ ਜਿੰਨਾਂ ਮਰਜੀ ਕੱਬਾ ਹੁੰਦਾ, ਉਹ ਮੰਨ ਹੀ ਜਾਂਦਾ। ਪ੍ਰਕਾਸ਼ ਸਿੰਘ ਬਾਦਲ ਵਿੱਚ ਜਿੰਨੀ ਹਲੀਮੀ ਸੀ, ਭਾਰਤ ਦੇ ਕਿਸੇ ਸਿਆਸਤਦਾਨ ਵਿੱਚ ਨਹੀਂ ਰਹੀ।''

### 'ਲੰਬੀ ਦੇ 90 ਫ਼ੀਸਦੀ ਲੋਕਾਂ ਨੂੰ ਨਾਮ ਤੋਂ ਜਾਣਦੇ ਸੀ ਬਾਦਲ'

ਪ੍ਰਕਾਸ਼ ਸਿੰਘ ਬਾਦਲ ਬਾਰੇ ਇਹ ਗੱਲ ਮਸ਼ਹੂਰ ਸੀ ਕਿ ਉਹ ਆਪਣੇ ਇਲਾਕੇ ਦੇ 90 ਫ਼ੀਸਦੀ ਲੋਕਾਂ ਨੂੰ ਨਾਮ ਤੋਂ ਜਾਣਦੇ ਸਨ। ਮਾਲਵਾ ਇਲਾਕੇ ਨੂੰ ਕਵਰ ਕਰ ਰਹੇ ਪੱਤਰਕਾਰ ਸਵਰਨ ਦਾਨੇਵਾਲੀਆਂ ਕਹਿੰਦੇ ਹਨ, ''ਪ੍ਰਕਾਸ਼ ਸਿੰਘ ਬਾਦਲ ਦੀ ਖਾਸ ਗੱਲ ਸੀ ਕਿ ਉਹ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਸਾਬਕਾ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਵਾਂਗ ਲੋਕਾਂ ਨੂੰ ਗਰਾਂਉਡ 'ਤੇ ਜਾ ਕੇ ਮਿਲਦੇ ਸਨ।'' ਉਹ ਕਹਿੰਦੇ ਹਨ, ''ਭਾਵੇਂ ਉਹ ਪੰਜਾਬ ਦੇ ਪ੍ਰਮੁੱਖ ਬੰਦਿਆਂ ਨੂੰ ਚੰਗੀ ਤਰ੍ਹਾਂ ਪਛਾਣਦੇ ਸਨ ਪਰ ਬਾਦਲ ਸਾਹਬ ਲੰਬੀ ਇਲਾਕੇ ਦੇ 90 ਪ੍ਰਤੀਸ਼ਤ ਲੋਕਾਂ ਨੂੰ ਉਹਨਾਂ ਦੇ ਨਾਮ ਨਾਲ ਜਾਣਦੇ ਸਨ।''

ਪ੍ਰਕਾਸ਼ ਸਿੰਘ ਬਾਦਲ ਕਦੇ ਵੀ ਹੱਥ ਉਪਰ ਘੜੀ ਨਹੀਂ ਪਾਉਂਦੇ ਸਨ ਪਰ ਉਹ ਅਕਸਰ ਸਮੇਂ 'ਤੇ ਸਭ ਤੋਂ ਪਹਿਲਾਂ ਪਹੁੰਚ ਜਾਂਦੇ ਹਨ। ਐੱਸ ਪੀ ਸ਼ਰਮਾ ਦੱਸਦੇ ਹਨ, '' ਆਮ ਤੌਰ 'ਤੇ ਰੈਲੀਆਂ ਮੌਕੇ ਉਹ ਸੱਭ ਤੋਂ ਪਹਿਲਾਂ ਪਹੁੰਚ ਜਾਂਦੇ ਸਨ ਅਤੇ ਬਾਕੀ ਲੀਡਰ ਬਾਅਦ ਵਿੱਚ ਆਉਂਦੇ ਸਨ। ਉਹ ਰੈਲੀ ਸ਼ੁਰੂ ਹੋਣ ਤੋਂ ਪਹਿਲਾਂ ਲੋਕਾਂ ਦੇ ਘਰ ਜਾ ਕੇ ਬੈਠੇ ਰਹਿੰਦੇ ਸਨ ਅਤੇ ਉਹਨਾਂ ਦੀਆਂ ਸਮੱਸਿਆਂ ਸੁਣਦੇ ਸਨ।''

**(ਧੰਨਵਾਦ ਸਹਿਤ)**

## ਬਾਦਲ ਦਾ ਜਨਮ ਤੇ ਸਿੱਖਿਆ

ਪ੍ਰਕਾਸ਼ ਸਿੰਘ ਬਾਦਲ ਦਾ ਜਨਮ ਬਠਿੰਡਾ ਜ਼ਿਲ੍ਹੇ ਦੇ ਪਿੰਡ ਅਬੁਲ-ਖੁਰਾਣਾ ਵਿੱਚ 8 ਦਸੰਬਰ 1927 ਨੂੰ ਹੋਇਆ। ਉਨ੍ਹਾਂ ਦੀ ਮਾਤਾ ਦਾ ਨਾਂ ਸੁੰਦਰੀ ਕੌਰ ਅਤੇ ਪਿਤਾ ਦਾ ਨਾਂ ਰਘੂਰਾਜ ਸਿੰਘ ਸੀ। ਉਨ੍ਹਾਂ ਆਪਣੀ ਮੁੱਢਲੀ ਸਿੱਖਿਆ ਇੱਕ ਸਥਾਨਕ ਅਧਿਆਪਕ ਤੋਂ ਲਈ ਅਤੇ ਫਿਰ ਉਹ ਲੰਬੀ ਦੇ ਸਕੂਲ ਵਿੱਚ ਪੜ੍ਹਨ ਲੱਗੇ, ਜਿੱਥੇ ਉਹ ਬਾਦਲ ਪਿੰਡ ਤੋਂ ਘੋੜੀ ਉੱਤੇ ਪੜ੍ਹਨ ਜਾਇਆ ਕਰਦੇ ਸਨ। ਹਾਈ ਸਕੂਲ ਦੀ ਪੜ੍ਹਾਈ ਲਈ ਉਹ ਫਿਰੋਜ਼ਪੁਰ ਦੇ ਮਨੋਹਰ ਲਾਲ ਮੈਮੋਰੀਅਲ ਹਾਈ ਸਕੂਲ ਵਿੱਚ ਗਏ। ਕਾਲਜ ਦੀ ਪੜ੍ਹਾਈ ਲਈ ਉਨ੍ਹਾਂ ਸਿੱਖ ਕਾਲਜ ਲਾਹੌਰ ਵਿਚ ਦਾਖਲ ਲਿਆ, ਪਰ ਮਾਈਗ੍ਰੇਸ਼ਨ ਲੈ ਕੇ ਉਹ ਫੋਰਮਨ ਕ੍ਰਿਸ਼ਚੀਅਨ ਕਾਲਜ ਵਿਚ ਦਾਖਲ ਹੋ ਗਏ ਅਤੇ ਇੱਥੋਂ ਹੀ ਉਨ੍ਹਾਂ ਆਪਣੀ ਗਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ। ਉਹ ਪੀਸੀਐੱਸ ਅਫਸਰ ਬਣਨਾ ਚਾਹੁੰਦੇ ਸਨ ਪਰ ਅਕਾਲੀ ਆਗੂ ਗਿਆਨੀ ਕਰਤਾਰ ਸਿੰਘ ਦੇ ਪ੍ਰਭਾਵ ਹੇਠ ਉਹ ਸਿਆਸਤ ਵਿੱਚ ਆ ਗਏ।

### ਸਰਪੰਚੀ ਤੋਂ ਸਿਆਸਤ ਦੀ ਸ਼ੁਰੂਆਤ

ਪ੍ਰਕਾਸ਼ ਸਿੰਘ ਬਾਦਲ ਦੀ ਸਿਆਸਤ ਦੀ ਸ਼ੁਰੂਆਤ 1947 ਤੋਂ ਹੋਈ। ਉਹ ਆਪਣੇ ਪਿਤਾ ਰਘੂਰਾਜ ਸਿੰਘ ਵਾਂਗ ਬਾਦਲ ਪਿੰਡ ਦੇ ਸਰਪੰਚ ਬਣੇ। ਫੇਰ ਉਹ ਲੰਬੀ ਬਲਾਕ ਸਮਿਤੀ ਦੇ ਚੇਅਰਮੈਨ ਨਿਯੁਕਤ ਹੋਏ। 1956 ਵਿੱਚ ਜਦੋਂ ਪੈਪਸੂ ਸਟੇਟ ਪੰਜਾਬ ਵਿੱਚ ਸ਼ਾਮਲ ਹੋਈ ਤਾਂ ਕਾਂਗਰਸ ਅਤੇ ਅਕਾਲੀ ਦਲ ਨੇ ਮਿਲ ਕੇ ਚੋਣਾਂ ਲੜੀਆਂ। ਪ੍ਰਕਾਸ਼ ਸਿੰਘ ਬਾਦਲ ਵੀ ਦੂਜੇ ਅਕਾਲੀਆਂ ਵਾਂਗ 1957 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੀ ਟਿਕਟ ਉੱਤੇ ਚੋਣ ਲੜ ਕੇ ਪਹਿਲੀ ਵਾਰ ਵਿਧਾਇਕ ਬਣੇ। ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਆਗੂਆਂ ਦੀ ਕੈਟੇਗਰੀ ਵਿੱਚ ਆਉਂਦੇ ਹਨ, ਜਿਹੜੇ ਅਕਾਲੀ ਦਲ ਨੂੰ ਵੱਖਰੀ ਹੋਂਦ ਦੀ ਕਾਇਮੀ ਅਤੇ ਮੁਲਕ ਵਿੱਚ ਖੇਤਰੀ ਪਾਰਟੀਆਂ ਨੂੰ ਸ਼ਕਤੀਸ਼ਾਲੀ ਕਰਨ ਦੇ ਮੁੱਦਈ ਰਹੇ



ਹਨ। ਇਹ ਗੱਲ ਵੱਖਰੀ ਹੈ ਕਿ ਜਦੋਂ 1997 ਵਿੱਚ ਮੁਲਕ ਦੀਆਂ ਖੇਤਰੀ ਪਾਰਟੀਆਂ ਨੇ ਕਾਂਗਰਸ ਦਾ ਸਮਰਥਨ ਲੈ ਕੇ ਐਚ. ਡੀ. ਦੇਵਗੋੜਾ ਦੀ ਅਗਵਾਈ ਵਿੱਚ ਸਰਕਾਰ ਬਣਾਈ ਤਾਂ ਪ੍ਰਕਾਸ਼ ਸਿੰਘ ਬਾਦਲ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਐੱਨਡੀਏ ਦੇ ਹੱਕ ਵਿੱਚ ਭੁਗਤ ਗਏ।

ਪ੍ਰਕਾਸ਼ ਸਿੰਘ ਬਾਦਲ ਖੁਦ ਕਹਿੰਦੇ ਹਨ ਕਿ ਉਹ ਸ਼ੁਰੂ ਤੋਂ ਹੀ ਕਾਂਗਰਸ ਦੇ ਕੱਟੜ ਆਲੋਚਕ ਰਹੇ ਹਨ। ਪੰਜਾਬੀ ਸੂਬੇ ਮੋਰਚੇ ਤੋਂ ਲੈ ਕੇ ਧਰਮਯੁੱਧ ਮੋਰਚੇ ਤੱਕ ਅਤੇ ਪੰਜਾਬ ਵਿੱਚ ਸੱਤਾ ਦੀ ਲੜਾਈ ਲਈ ਉਨ੍ਹਾਂ ਨੂੰ ਹਮੇਸ਼ਾ ਕਾਂਗਰਸ ਨਾਲ ਟੱਕਰ ਲੈਣੀ ਪਈ ਹੈ। ਇੱਕ ਟੀਵੀ ਇੰਟਰਵਿਊ ਦੌਰਾਨ ਉਹ ਕਾਂਗਰਸ ਦੇ ਟਿਕਟ ਤੋਂ ਵਿਧਾਇਕ ਬਣ ਕੇ ਅਕਾਲੀ ਦਲ ਵਿੱਚ ਜਾਣ ਬਾਰੇ ਉਹ ਕਹਿੰਦੇ ਹਨ, "ਕਾਂਗਰਸ ਉੱਤੇ ਮੈਨੂੰ ਸ਼ੁਰੂ ਤੋਂ ਹੀ ਕਦੇ ਵੀ ਭਰੋਸਾ ਨਹੀਂ ਰਿਹਾ।"

### ਨੌਜਵਾਨ ਤੇ ਬਜ਼ੁਰਗ ਮੁੱਖ ਮੰਤਰੀ

ਪ੍ਰਕਾਸ਼ ਸਿੰਘ ਬਾਦਲ ਨੇ 1969-70 ਦੀਆਂ ਮੱਧਵਰਤੀ ਚੋਣਾਂ ਅਕਾਲੀ ਦਲ ਦੀ ਟਿਕਟ ਉੱਤੇ ਲੜੀਆਂ ਅਤੇ ਉਹ ਪਹਿਲੀ ਵਾਰ ਬਣੀ ਪੰਜਾਬ ਦੀ ਗੈਰ-ਕਾਂਗਰਸੀ ਸਰਕਾਰ ਵਿੱਚ ਮੰਤਰੀ ਬਣੇ। ਜਸਟਿਸ ਗੁਰਨਾਮ ਸਿੰਘ ਦੀ ਇਹ ਸਰਕਾਰ ਜਨ-ਸੰਘ (ਮੌਜੂਦਾ ਭਾਰਤੀ ਜਨਤਾ ਪਾਰਟੀ) ਦੇ ਸਹਿਯੋਗ ਨਾਲ ਬਣੀ ਸੀ ਅਤੇ ਦੂਜੀ ਵਾਰ ਦੇ ਵਿਧਾਇਕ ਪ੍ਰਕਾਸ਼ ਸਿੰਘ ਬਾਦਲ ਇਸ ਸਰਕਾਰ ਦੇ ਵਿਕਾਸ ਵਿਭਾਗ ਦੇ ਮੰਤਰੀ ਬਣੇ। ਉਨ੍ਹਾਂ ਪੰਚਾਇਤੀ ਰਾਜ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਮੰਤਰਾਲਿਆਂ ਦੀ ਜ਼ਿੰਮੇਵਾਰੀ ਵੀ ਨਿਭਾਈ। 1970 ਵਿੱਚ ਹੀ ਰਾਜ ਸਭਾ ਚੋਣਾਂ ਦੌਰਾਨ ਅਕਾਲੀ ਉਮੀਦਵਾਰ ਦੀ ਹਾਰ ਕਾਰਨ ਤਤਕਾਲੀ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਿਹ ਸਿੰਘ ਨੇ ਜਸਟਿਸ ਗੁਰਨਾਮ ਸਿੰਘ ਨੂੰ ਅਹੁਦੇ ਤੋਂ ਫਾਰਗ ਕਰਕੇ ਪ੍ਰਕਾਸ਼ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਵਾ ਦਿੱਤਾ। ਪਹਿਲੀ ਵਾਰ ਮੁੱਖ ਮੰਤਰੀ ਬਣਨ ਸਮੇਂ ਪ੍ਰਕਾਸ਼ ਸਿੰਘ ਬਾਦਲ ਸਿਰਫ਼ 43 ਸਾਲ ਦੇ ਸਨ। ਉਹ 1967 ਵਿੱਚ ਇੱਕ ਵਾਰ ਚੋਣ ਹਾਰੇ, ਇਸ ਤੋਂ ਬਾਅਦ 1969 ਤੋਂ ਲੈ ਕੇ 2017 ਤੱਕ ਉਹ ਲੰਬੀ ਤੋਂ ਕਦੇ ਵੀ ਚੋਣ ਨਹੀਂ ਹਾਰੇ।

ਪਰ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਤੋਂ ਹਾਰ ਗਏ। ਇਹ ਉਨ੍ਹਾਂ ਦੀ ਆਖ਼ਰੀ ਚੋਣ ਸੀ। 1976 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ 25 ਜੂਨ 1975 ਨੂੰ ਮੁਲਕ ਵਿੱਚ ਲਾਈ ਐਮਰਜੈਂਸੀ ਕਾਰਨ ਕਾਂਗਰਸ ਖ਼ਿਲਾਫ਼ ਪੈਦਾ ਮਾਹੌਲ ਦਾ ਫਾਇਦਾ ਗੈਰ-ਕਾਂਗਰਸੀ ਦਲਾਂ ਨੂੰ ਮਿਲਿਆ। 1977 ਦੀਆਂ ਚੋਣਾਂ ਵਿੱਚ ਅਕਾਲੀ ਦਲ, ਜਨਤਾ ਪਾਰਟੀ ਨੇ ਮਿਲ ਕੇ ਸਰਕਾਰ ਬਣਾਈ ਅਤੇ ਪ੍ਰਕਾਸ਼ ਸਿੰਘ ਬਾਦਲ ਦੂਜੀ ਵਾਰ ਮੁੱਖ ਮੰਤਰੀ ਬਣੇ। ਇਸ ਵਾਰ ਉਹ 1977 ਤੋਂ 1980 ਤੱਕ ਸੱਤਾ ਵਿੱਚ ਰਹੇ।

ਇਸ ਤੋਂ ਬਾਅਦ ਉਹ 1997 ਤੋਂ 2002 ਤੱਕ ਤੀਜੀ ਵਾਰ ਮੁੱਖ ਮੰਤਰੀ ਬਣੇ ਅਤੇ ਪਹਿਲੀ ਵਾਰ 5 ਸਾਲ ਰਾਜ ਕੀਤਾ। ਫੇਰ ਬਾਦਲ ਨੇ 2007-2012 ਅਤੇ 2012 ਤੋਂ 2017 ਵਿੱਚ ਲਗਾਤਾਰ ਦੋ ਵਾਰ ਮੁੱਖ ਮੰਤਰੀ ਬਣ ਕੇ ਪੰਜਾਬ ਦਾ ਨਵਾਂ ਸਿਆਸੀ ਰਿਕਾਰਡ ਬਣਾਇਆ। ਫਰਬਰੀ 2017 ਵਿੱਚ ਜਦੋਂ ਅਕਾਲੀ ਦਲ ਦੀ ਹਾਰ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਨੇ ਅਸਤੀਫ਼ਾ ਦਿੱਤਾ ਤਾਂ ਉਨ੍ਹਾਂ ਦੀ ਉਮਰ 90 ਸਾਲ ਸੀ।

# ਸਤਿਗੁਰੂ ਸਧਨਾ ਜੀ



ਸਤਿਗੁਰੂ ਸਧਨਾ ਜੀ ਦਾ ਜਨਮ 1180 ਈਸਵੀ ਵਿਚ ਹੈਦਰਾਬਾਦ ਸਿੰਧ ਸੂਬੇ ਦੇ ਪਿੰਡ 'ਸਰਵਾਂ' ਵਿਚ ਇਕ ਮੁਸਲਿਮ ਪਰਿਵਾਰ ਵਿਚ ਹੋਇਆ। ਪਰ ਗੋਸ਼ਟਾਂ 'ਚ ਇਸ ਗੱਲ ਦਾ ਪ੍ਰਗਟ ਆਉਂਦਾ ਹੈ ਕਿ ਉਹ ਪਹਿਲੇ ਜਨਮ ਦਾ ਬ੍ਰਾਹਮਣ ਸੀ। ਕਿੱਤੇ ਵਜੋਂ ਉਸਦੇ ਪੂਰਵਜ ਕਸਾਈ ਹੋਣ ਦੇ ਨਾਤੇ, ਉਨ੍ਹਾਂ ਨੇ ਵੱਡੇ ਹੋ ਕੇ ਇਸੇ ਹੀ ਕਿੱਤੇ ਨੂੰ ਅਪਣਾਇਆ ਤੇ ਉਹ ਬੱਕਰੀਆਂ ਤੇ ਬੱਕਰੇ ਆਦਿ ਜਾਨਵਰਾਂ ਦਾ ਕਤਲ ਕਰਕੇ ਉਨ੍ਹਾਂ ਦੇ ਮਾਸ ਨੂੰ ਵੇਚਣ ਦਾ ਧੰਦਾ ਕਰਦੇ ਸਨ। ਇਸ ਕਿੱਤੇ ਨੂੰ ਕਸਾਈ ਜਾਂ ਝਟਕਈ ਵੀ ਕਿਹਾ ਜਾਂਦਾ ਹੈ। ਇਸ ਮਾਸ ਵੇਚਣ ਦੇ ਧੰਦੇ ਨੂੰ ਅੱਜ ਦੇ ਵਿਗਿਆਨਕ ਤੇ ਅਗਾਂਹਵਧੂ ਸਮਾਜ ਵਿਚ ਬਹੁਤਾ ਸਤਿਕਾਰਿਆ ਨਹੀਂ ਜਾਂਦਾ ਪਰ ਫਿਰ ਵੀ ਦੁਨੀਆਂ ਪੱਧਰ 'ਤੇ ਇਹ ਇਕ ਬਹੁਤ ਵੱਡਾ ਵਿਉਪਾਰਕ ਕਿੱਤਾ ਬਣਿਆ ਹੋਇਆ ਹੈ। ਇਹ ਅੱਜ ਮਾਸਖੋਰਿਆਂ ਦੇ ਭੋਜਨ ਦਾ ਇਕ ਬਹੁਤ ਹੀ ਮਹੱਤਵਪੂਰਨ ਅੰਗ ਬਣਿਆ ਹੋਇਆ ਹੈ। ਇਸ ਕਿੱਤੇ ਨਾਲ ਜੁੜਿਆ 'ਕਸਾਈ' ਸ਼ਬਦ ਇਕ ਜ਼ਾਲਮ ਤੇ ਬੇਰਹਿਮ ਵਿਅਕਤੀ ਦੇ ਅਰਥ ਵੀ ਪ੍ਰਦਾਨ ਕਰਦਾ ਹੈ। ਇਹ ਸ਼ਬਦ ਬੁਰਾਈ ਤੇ ਨਫ਼ਰਤ ਦੇ ਅਰਥ ਵੀ ਦਿੰਦੇ ਹਨ। ਇਨ੍ਹਾਂ ਸ਼ਬਦਾਂ ਦੇ ਭਾਵਾਂ ਨੂੰ ਅਜੋਕੇ ਸਮਾਜ ਵਿਚ ਸਨਮਾਨਯੋਗ ਨਹੀਂ ਸਮਝਿਆ ਜਾਂਦਾ।

ਸਧਨਾ ਜੀ ਉੱਤਰੀ ਭਾਰਤ ਦੇ ਇਕ ਮਸ਼ਹੂਰ ਰਹੱਸਮਈ ਕਵੀ ਅਤੇ ਉਹ, ਉਨ੍ਹਾਂ ਮਹਾਨ ਸਤਿਕਾਰਤ ਪੁਰਸ਼ਾਂ ਤੇ ਸੰਤਾਂ 'ਚੋਂ ਇਕ ਸਨ, ਜਿਨ੍ਹਾਂ ਦੇ ਭਜਨਾਂ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਵਿਚ ਸ਼ਾਮਲ ਕੀਤਾ ਗਿਆ ਸੀ। ਉਨ੍ਹਾਂ ਨੂੰ ਪੰਜਾਬ ਤੇ ਭਾਰਤ ਦੇ ਬਹੁਤ ਸਾਰੇ ਖਿੱਤਿਆਂ ਵਿਚ ਸਤਿਕਾਰਿਆ ਜਾਂਦਾ ਹੈ। ਬਹੁਤ ਸਾਰੇ ਕਥਾਵਾਚਕ, ਪ੍ਰਚਾਰਕ, ਵਿਦਵਾਨ ਤੇ ਸ਼ਰਧਾਲੂ ਉਨ੍ਹਾਂ ਦੇ ਭਜਨਾਂ 'ਤੇ ਵਿਦਵਤਾ ਦਾ ਹਵਾਲਾ ਦਿੰਦੇ ਹਨ। ਪੇਸ਼ੇ ਵਜੋਂ ਕਸਾਈ ਹੋਣ ਕਰਕੇ ਉਹ, ਉਸ ਸਮੇਂ ਧਾਰਮਿਕ ਪ੍ਰਚਾਰਕਾਂ ਤੇ ਵਿਦਵਾਨਾਂ ਤੋਂ ਜ਼ਿਆਦਾਤਰ ਨਿਰਾਸ਼ ਰਹਿੰਦਾ ਸੀ, ਜੋ ਸਧਨਾ ਜੀ ਪ੍ਰਤੀ ਇਹ ਧਾਰਨਾ ਰੱਖਦੇ ਸਨ ਕਿ ਇਕ ਕਸਾਈ ਅਧਿਆਤਮਕ ਗਿਆਨ ਪ੍ਰਾਪਤ ਨਹੀਂ ਕਰ ਸਕਦਾ।

ਉਨ੍ਹਾਂ ਦੀ ਬਾਣੀ ਦਾ ਬਿਲਾਵਲ ਰਾਗ ਵਿਚ ਲਿਖਿਆ ਭਜਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਇਸ ਭਜਨ ਵਿਚ ਉਨ੍ਹਾਂ ਨੇ ਸਮਝਾਇਆ ਹੈ ਕਿ ਧਰਮ ਚਿੰਤਨ ਵਿਚ ਵਿਸ਼ਵਾਸ ਅਧਿਆਤਮਕ ਗਿਆਨ (ਗੁਰਮਤਿ) ਦੀ ਪ੍ਰਾਪਤੀ ਤੋਂ ਬਾਅਦ ਖਤਮ ਹੋ ਜਾਂਦਾ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਪਰਮਾਤਮਾ ਨੂੰ ਪਾਉਣ ਲਈ ਆਪਣੇ ਅੰਦਰ ਵਧੀ ਹੋਈ ਹੰਕਾਰ ਦੀ ਭਾਵਨਾ ਨੂੰ ਖਤਮ ਕਰਨ ਦੀ ਵਿਆਖਿਆ ਕੀਤੀ ਹੈ। ਸਧਨਾ ਜੀ ਆਪਣੇ ਮਿਸ਼ਨ ਦਾ ਪ੍ਰਚਾਰ ਸਿੰਧ ਤੋਂ ਯਾਤਰਾ ਕਰਦੇ ਹੋਏ ਆਪਣੇ ਜੀਵਨ ਦੇ ਆਖਰੀ ਦਿਨਾਂ ਦੇ ਦੌਰਾਨ ਪੰਜਾਬ ਪਹੁੰਚੇ ਤੇ ਇੱਥੇ ਆ ਕੇ ਆਪਣੇ ਅਧਿਆਤਮਕ ਵਿਚਾਰਾਂ ਦਾ ਲੋਕਾਂ ਨੂੰ ਸੰਦੇਸ਼ ਦਿੱਤਾ। ਇੱਥੇ ਹੀ ਉਨ੍ਹਾਂ ਆਪਣੇ ਜੀਵਨ ਦਾ ਅੰਤਮ ਸਾਹ ਲਿਆ। ਉਨ੍ਹਾਂ ਦੀ ਯਾਦ 'ਚ ਸਰਹੰਦ ਵਿਖੇ ਹੀ ਇਕ ਇਤਿਹਾਸਕ ਮਸਜਿਦ ਬਣਾਈ ਗਈ ਹੈ ਤੇ ਉਸ ਦੀ ਰੱਖ-ਰਖਾ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੈ। ਉਨ੍ਹਾਂ ਦੇ ਪੈਰੋਕਾਰਾਂ ਨੂੰ 'ਸਧਨਾ ਪੰਥੀ' ਕਿਹਾ ਜਾਂਦਾ ਹੈ।

ਬਹੁਤ ਸਾਰੇ ਵਿਦਵਾਨਾਂ ਦਾ ਵਿਚਾਰ ਹੈ ਕਿ ਸਧਨਾ ਜੀ ਸਿਰਫ਼ ਕੱਟਿਆ-ਕਟਾਇਆ ਹੀ ਮਾਸ ਵੇਚਦੇ ਸਨ। ਉਹ ਆਪ ਜੀਵਾਂ ਨੂੰ ਨਹੀਂ ਮਾਰਦੇ ਸਨ ਤਾਂ ਕਿ ਸਧਨਾ ਜੀ ਦੇ ਦਇਆ ਅਤੇ ਰਹਿਮ ਵਾਲੇ ਪੱਖ ਨੂੰ ਪਹਿਲਾਂ ਤੋਂ ਹੀ ਸੁਰੱਖਿਅਤ ਰੱਖਿਆ ਜਾ ਸਕੇ। ਗੋਸ਼ਟਾਂ ਇਸ ਗੱਲ ਦਾ ਪ੍ਰਗਟਾ ਆਉਂਦਾ ਹੈ ਕਿ ਉਹ ਪਹਿਲੇ ਜਨਮ ਤੋਂ ਬ੍ਰਾਹਮਣ ਸੀ।



ਪ੍ਰੋ: ਐਚ.ਐਲ. ਕਪੂਰ

ਸਤਿਗੁਰੂ ਸਧਨਾ ਜੀ ਨੂੰ ਸਤਿਗੁਰੂ ਨਾਮਦੇਵ ਜੀ ਤੇ ਸਤਿਗੁਰੂ ਰਵਿਦਾਸ ਜੀ ਦੇ ਸਮਕਾਲੀ ਮੰਨਿਆ ਜਾਂਦਾ ਹੈ। ਸਤਿਗੁਰੂ ਰਵਿਦਾਸ ਜੀ ਨੇ ਸਤਿਗੁਰੂ ਸਧਨਾ ਜੀ ਦੀ ਬਾਣੀ ਦਾ ਅਧਿਐਨ ਕੀਤਾ ਤੇ ਉਨ੍ਹਾਂ ਨੇ ਆਪਣੀ ਬਾਣੀ 'ਚ ਨਿਮਨ ਲਿਖਤ ਉਸ ਸਮੇਂ ਦੇ ਮਹਾਂਪੁਰਸ਼ਾਂ ਦੀ ਪ੍ਰਸ਼ੰਸਾ ਕੀਤੀ ਜੋ ਨਿਮਨ ਅਨੁਸਾਰ ਹੈ:

ਨਾਮਦੇਵ ਕਬੀਰੁ ਤ੍ਰਿਲੋਚਨ ਸਧਨਾ ਸੈਨ ਸੁਖੁ ਤਰੈ।।
ਨਾਮਦੇਵ, ਕਬੀਰ ਤ੍ਰਿਲੋਚਨ, ਸਧਨਾ ਅਤੇ ਸੈਨ ਜੀ ਪਾਰ ਹੋ ਗਏ।
ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰ ਜੀਉ ਤੇ ਸਭੈ ਸਰੈ।। (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1106)
ਰਵਿਦਾਸ ਜੀ ਆਖਦੇ ਹਨ, ਸੁਣੋ, ਹੇ ਸੰਤ ਜਨੋ, ਪਿਆਰੇ ਪ੍ਰਭੂ ਦੇ ਰਾਹੀਂ, ਸਭ ਕੁਝ ਸੰਪੂਰਨ ਹੋ ਜਾਂਦਾ ਹੈ।।2।।

ਸਿੱਖ ਜਗਤ ਸਧਨਾ ਜੀ ਦੀਆਂ ਸਿੱਖਿਆਵਾਂ ਦੀ ਪ੍ਰਸ਼ੰਸਾ ਅਤੇ ਪਾਲਣਾ ਕਰਦੇ ਹਨ। ਗੁਰਮਤਿ ਅਨੁਸਾਰ ਕਬੀਰ ਜੀ, ਨਾਨਕ ਜੀ, ਰਵਿਦਾਸ ਜੀ, ਭੱਟ ਸਾਹਿਬਾਨ ਆਦਿ ਸਾਰੇ ਇਕੋ ਜਿਹੇ ਹਨ ਅਤੇ ਸਭ ਨੂੰ ਗੁਰੂ- ''ਰੂਹਾਨੀ ਮਾਰਗ ਦਰਸ਼ਕ'' ਮੰਨਿਆ ਜਾਂਦਾ ਹੈ। ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਦੇ ਹਨ ਜਿਸ ਵਿਚ ਬਹੁਤ ਸਾਰੇ ਮਹਾਂਪੁਰਸ਼ਾਂ ਦੀ ਸਿੱਖਿਆ ਸ਼ਾਮਲ ਹੈ ਜੋ ਸਰਵਸ਼ਕਤੀਮਾਨ ਬਾਰੇ ਇਕੋ ਜਿਹੇ ਵਿਚਾਰ ਅਤੇ ਵਿਚਾਰ ਰੱਖਦੇ ਹਨ। ਸਰਵਸ਼ਕਤੀਮਾਨ ਨੇ ਆਪ ਆਪਣੇ ਪ੍ਰਸ਼ੰਸਕਾਂ ਰਾਹੀਂ ਪਵਿੱਤਰ ਬਾਣੀ ਦਾ ਪ੍ਰਗਟਾਵਾ ਕੀਤਾ ਹੈ।

ਸਤਿਗੁਰੂ ਸਧਨਾ ਜੀ ਦੇ ਜੀਵਨ ਨਾਲ ਬਹੁਤ ਸਾਰੀਆਂ ਘਟਨਾਵਾਂ ਜੁੜੀਆਂ ਹੋਈਆਂ ਹਨ। ਸਧਨਾ ਜੀ ਇਕ ਦਿਨ ਆਪਣੇ ਗੁਰੂ ਜੀ ਕੋਲ ਗਏ ਤੇ ਗੁਰੂ ਜੀ ਦੇ ਰਸੋਈਏ ਨੇ ਕਿਹਾ, ''ਮੈਂ ਰਸੋਈ ਬਣਾਉਂਦਾ ਹਾਂ, ਜੇ ਕੋਈ ਮਾਸ ਲਿਆਵੇ, ਤਾਂ ਹੀ ਭੋਜਨ ਤਿਆਰ ਕਰਾਂ।'' ਸਾਧ ਨੇ ਕਿਹਾ, ਜੀ ਮੈਂ ਵੈਸ਼ਣਵ ਹਾਂ! ਕਦੇ ਮਾਸ ਨੂੰ ਹੱਥ ਨਹੀਂ ਲਾਇਆ ਤੇ ਨਾ ਹੀ ਮੈਂ ਮਾਸ ਖਾਂਦਾ ਹਾਂ।'' ਗੁਰੂ ਜੀ ਦੇ ਚੇਲੇ ਨੇ ਕਿਹਾ:
''ਕਹੇ ਜੀ ਜਿ ਉਹ ਭੇਜਿਆ ਥਾ ਨਠ ਗਿਆ, ਉਨ ਕਹਿਆ ਮੈਂ ਬੈਸ਼ਨੋ ਹਾਂ। ਇਵ ਹੀ ਕਹਿਤਾ ਗਇਆ। ਕਹੇ ਰੇ ਉਸ ਸਰਾਪ ਹੂਆ, ਉਹ ਆਪਨੀ ਹਥੀ ਕੁਹਿ ਕੁਹਿ ਮਾਰੈਗਾ। ਬੇਚੇਗੇ। ਖਾਇਗਾ ਅਰ ਬਕਰ ਕਸਾਈ ਹੋਇਗਾ''। ਕਥਾ ਰਚਨਾ ਵਾਲੇ ਨੇ ਕਿਹਾ ਹੈ ਕਿ ਇਸ ਕਰਕੇ ਉਸ ਦਾ ਜਨਮ ਕਸਾਈ ਕੁਲ ਵਿਚ ਹੋਇਆ।

(ਹਵਾਲਾ: ਗੋਸ਼ਟ ਸਧਨੇ ਕੀ)

**ਮਾਸ ਤੋਲਣ ਲਈ ਸ਼ਾਲੀਗ੍ਰਾਮ ਸ਼ਿਲਾਸ ('ਗੰਡੋਕ' ਚਿੱਟੀਆਂ ਧਾਰੀਆਂ ਵਾਲਾ ਕਾਲਾ ਪੱਥਰ):** ਸਧਨਾ ਜੀ ਨੇ ਮਾਸ ਤੋਲਣ ਲਈ ''ਸ਼ਾਲੀਗ੍ਰਾਮ ਸ਼ਿਲਾਸ'' ਪੱਥਰ ਦੇ ਵੱਟੇ ਰੱਖੇ ਹੋਏ ਸਨ। ਸ਼ੀਲਾ ਵਿਸ਼ਨੂੰ ਜੀ ਦੀ ਇਕ ਵੈਸ਼ਨਵ (ਹਿੰਦੂ) ਪੁਰਾਤਨ ਪ੍ਰਤੀਨਿਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਵਿਚ ਇਕ 'ਗੰਡੋਕ' ਚਿੱਟੀਆਂ ਧਾਰੀਆਂ ਵਾਲਾ ਕਾਲੇ ਰੰਗ ਦਾ ਪੱਥਰ ਵੀ ਸੀ, ਜਿਸ ਨੂੰ ਠਾਕਰ ਮੰਨ ਕੇ ਮੰਦਰਾਂ ਵਿਚ ਪੂਜਿਆ ਜਾਂਦਾ ਹੈ। ਇਹ ਹੋਰ ਪੱਥਰਾਂ ਤੋਂ ਅਲੱਗ ਪਛਾਣ ਰੱਖਦਾ ਹੈ। ਵਿਸ਼ੇਸ਼ ਚਿੰਨ੍ਹਾਂ ਦੁਆਰਾ, ਵਿਸ਼ਵਾਸ ਕੀਤਾ ਜਾਂਦਾ ਹੈ ਕਿ ਵਿਸ਼ਨੂੰ ਜੀ ਦੇ ਸਮਾਨ ਜਿਵੇਂ-ਜਿਵੇਂ ਕਿ ਗਦਾ, ਸੰਖ, ਕਮਲ ਅਤੇ ਚੱਕਰ ਹਨ। ਇਹ ਪੱਥਰ ਠਾਕਰ ਬ੍ਰਾਹਮਣ ਦੀ ਨਜ਼ਰ ਪਿਆ, ਉਸ ਨੇ ਸਧਨਾ ਜੀ ਨੂੰ ਕਿਹਾ, ''ਭਾਈ, ਤੂੰ ਇਹ ਬਹੁਤ ਮਾੜਾ ਕੰਮ ਕਰਦਾ ਹੈ, ਇਹ ਤਾਂ, 'ਠਾਕਰ ਜੀ ਹਨ' ਜਿਸ ਦੀ ਪੂਜਾ ਕਰੀਦੀ ਹੈ। ਤੂੰ ਇਸ ਨੂੰ ਵੱਟਾ ਸਮਝ ਕੇ ਇਸ ਨਾਲ ਮਾਸ ਤੋਲਣ ਦਾ ਕੰਮ ਕਰਦਾ ਹੈ?'' ਸਧਨਾ ਜੀ ਦੀ ਇਸ ਹਰਕਤ ਨੇ ਵੈਸ਼ਣਵ ਸਾਧੂਆਂ ਅਤੇ ਪੰਡਿਤਾਂ ਨੂੰ ਨਰਾਜ਼ ਕਰ ਲਿਆ। ਬ੍ਰਾਹਮਣ ਲੋਕ, ਇਕ ਪਾਸੇ ਉਸ ਨੂੰ ਨੀਵੀਂ ਜਾਤ ਅਤੇ ਨੀਵੇਂ ਕਿੱਤੇ ਦਾ ਸਮਝਦੇ ਸਨ, ਦੂਸਰੇ ਪਾਸੇ ਉਹ ਜਾਨਵਰਾਂ ਦੇ ਮਾਸ ਤੋਲਣ ਵਿਚ ਇਕ ਮੂਰਤੀ ਵਰਤ ਕੇ ਉਨ੍ਹਾਂ ਦੀ ਮੂਰਤੀ ਪੂਜਾ ਦਾ ਅਪਮਾਨ ਕਰ ਰਿਹਾ ਸੀ। ਇਸ ਨੂੰ ਉਹ ਘੋਰ ਪਾਪ ਸਮਝਦੇ ਸਨ। ਉਸ ਸਮੇਂ ਦੇ ਵਿਦਵਾਨਾਂ ਨਾਲ ਸਧਨਾ ਜੀ ਦਾ ਸਦਾ ਪ੍ਰਵਚਨ ਹੁੰਦਾ ਰਹਿੰਦਾ ਸੀ। ਜਿਸ ਵਿਚ ਸਦਾ ਜਿੱਤ ਸਧਨਾ ਜੀ ਦੀ ਹੁੰਦੀ ਸੀ।

ਇਹ ਵੀ ਕਿਹਾ ਜਾਂਦਾ ਹੈ ਕਿ ਉਹ ਵੈਸ਼ਨਵ ਠਾਕੁਰ ਬ੍ਰਾਹਮਣ ਸੰਤ ਇਹ ਸ਼ਾਲੀਗ੍ਰਾਮ ਪੱਥਰ ਆਪਣੇ ਨਾਲ ਲੈ ਗਿਆ। ਸਧਨਾ ਜੀ ਨੂੰ ਇਸ ਸ਼ਾਲੀਗ੍ਰਾਮ ਪੱਥਰ ਦੇ ਉਸ ਕੋਲ ਨਾ ਹੋਣ ਕਾਰਨ ਕੋਈ ਫਰਕ ਨਹੀਂ ਪੈਂਦਾ ਸੀ ਤੇ ਇਸ ਨੂੰ ਉਸ ਨੇ ਉਸ ਵੈਸ਼ਨਵ ਸੰਤ ਨੂੰ ਦੇ ਦਿੱਤਾ। ਉਸ ਸੰਤ ਨੇ ਇਸ ਦੀ ਪੂਜਾ ਨੂੰ ਜਾਰੀ ਰੱਖਿਆ ਪਰ ਇਸ ਸ਼ਾਲੀਗ੍ਰਾਮ ਦੀ ਪੂਜਾ ਕਰਨ ਨਾਲ ਉਸ ਨੂੰ ਕੋਈ ਮਾਨਸਿਕ ਸੰਤੁਸ਼ਟੀ ਤੇ ਕੋਈ ਆਤਮਿਕ ਆਨੰਦ ਨਾ ਮਿਲਿਆ ਤੇ ਨਾ ਹੀ ਕਿਸੇ ਤਰ੍ਹਾਂ ਦੇ ਗਿਆਨ ਵਿਚ ਵਾਧਾ ਹੋਇਆ। ਜਿਸ ਤਰ੍ਹਾਂ ਦੇ ਵਿਚਾਰ ਤੇ ਵਿਵਹਾਰ ਉਸ ਨੇ ਸਧਨਾ ਜੀ ਵਿਚ ਦੇਖੇ ਸਨ। ਉਸ ਠਾਕੁਰ ਵੈਸ਼ਨਵ ਸੰਤ ਦੇ ਅੰਦਰੋਂ ਹੀ ਇਕ ਆਵਾਜ਼ ਉਠੀ ਕਿ ਇਹ ਸ਼ਾਲੀਗ੍ਰਾਮ ਉਸ ਦੇ ਕਿਸੇ ਕੰਮ ਨਹੀਂ ਆਵੇਗਾ ਤੇ ਨਾ ਹੀ ਇਸ ਤੋਂ ਕੋਈ ਉਸਾਰੂ ਸਿੱਖਿਆ ਪ੍ਰਾਪਤ ਹੋਵੇਗੀ ਤੇ ਇਹ ਭਾਰ ਤੋਲਣ ਵਾਲਾ ਵੱਟਾ ਉਸ ਨੇ ਸਧਨਾ ਜੀ ਨੂੰ ਵਾਪਸ ਕਰ ਦਿੱਤਾ। ਸਧਨਾ ਜੀ ਨੇ ਬੜੇ ਜ਼ੋਰ-ਸ਼ੋਰ ਨਾਲ ਇਸ ਗੱਲ ਦਾ ਪ੍ਰਚਾਰ ਕੀਤਾ ਕਿ ਇਸ 'ਸ਼ਾਲੀਗ੍ਰਾਮ ਪੱਥਰ' ਵਿਚ ਕੋਈ ਪ੍ਰਮਾਤਮਾ ਨਹੀਂ ਵਸਦਾ ਹੈ ਕਿਉਂਕਿ ਇਹ ਬੇਜਾਨ ਪੱਥਰ ਹਨ ਤੇ ਇਹ ਮਾਨਵ ਨੂੰ ਕੋਈ ਰੂਹਾਨੀ ਜੀਵਨ ਦੇ ਨਹੀਂ ਸਕਦੇ ਤੇ ਨਾ ਹੀ ਕੋਈ ਹੋਰ ਉਸ ਦੇ ਬਿਗੜੇ ਕੰਮ ਸੁਆਰ ਸਕਦੇ ਹਨ।

**ਸਧਨਾ ਜੀ ਦੀ ਜ਼ਿੰਦਗੀ ਵਿਚ ਤਬਦੀਲੀ, ਹੱਸਦੀ ਬੱਕਰੀ ਤੇ ਗਾਹਕ ਦਾ ਆਉਣਾ:** ਕਈ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚ ਇਹ ਘਟਨਾ ਦਰਜ ਹੈ ਕਿ ਇਕ ਵਾਰ ਦੇਰ ਸ਼ਾਮ ਨੂੰ ਇਕ ਗਾਹਕ ਆਇਆ। ਉਸ ਸਮੇਂ ਸਧਨਾ ਜੀ ਆਪਣੀ ਦੁਕਾਨ ਨੂੰ ਬੰਦ ਕਰਨ ਤੋਂ ਪਹਿਲਾਂ ਦੁਕਾਨ ਦੀ ਸਾਫ-ਸਫਾਈ ਕਰ ਰਹੇ ਸਨ। ਗਾਹਕ ਨੇ ਆ ਕੇ ਬੱਕਰੀ ਦੇ ਮਾਸ ਦੀ ਲੱਤ ਮੰਗੀ। ਸਧਨਾ ਜੀ ਨੇ ਉਤਰ ਦਿੱਤਾ ਕਿ ਉਹ ਦੁਕਾਨ ਬੰਦ ਕਰ ਰਿਹਾ ਹੈ ਤੇ ਹੁਣ ਤੁਸੀਂ ਸਵੇਰੇ ਆਉਣਾ ਤੇ ਬੱਕਰੀ ਦੀ ਲੱਤ ਲੈ ਜਾਣਾ। ਗਾਹਕ ਨੇ ਕਿਹਾ ਕਿ ਉਸ ਨੂੰ ਇਸ ਦੀ, ਇਸ ਸਮੇਂ ਬਹੁਤ ਜ਼ਰੂਰਤ ਹੈ, ਤੁਸੀਂ ਸਿਰਫ਼ ਮੈਨੂੰ ਬੱਕਰੀ ਦੀ ਲੱਤ ਕੱਟ ਕੇ ਹੁਣੇ ਦੇ ਦਿਓ ਤੇ ਪੂਰੀ ਬੱਕਰੀ ਨਾ ਕੱਟੋ। ਗਾਹਕ ਦੇ ਬਹੁਤ ਮਜਬੂਰ ਕਰਨ 'ਤੇ ਸਧਨਾ ਜੀ ਨੇ ਆਪਣਾ ਬੱਕਰੀਆਂ-ਬੱਕਰੇ ਕੱਟਣ ਵਾਲਾ ਹਥਿਆਰ ਗੰਡਾਸਾ ਲੈ ਕੇ ਬੱਕਰੀ ਦੇ ਪਾਸ ਚਲਾ ਗਿਆ ਤੇ ਸਧਨਾ ਜੀ ਨੂੰ ਮਹਿਸੂਸ ਹੋਇਆ ਕਿ ਜਿਵੇਂ ਬੱਕਰੀ ਹੱਸਦੀ ਹੋਵੇ। ਇਹ ਦੇਖ ਕੇ ਸਧਨਾ ਜੀ ਦੇ ਮਨ ਨੂੰ ਬੜਾ ਜਬਰਦਸਤ ਝਟਕਾ ਲੱਗਾ।

ਇਸ ਘਟਨਾ 'ਤੇ ਇਕ ਮਨੋਵਿਗਿਆਨਕ ਗੱਲ ਯਾਦ ਆਉਂਦੀ ਹੈ। ਮਨੋਵਿਗਿਆਨਕ ਤਾਂ ਇਹ ਕਹਿੰਦੇ ਹਨ ਕਿ ਇਨਸਾਨ ਵਿਚ 13 ਜਾਂ 14 ਪ੍ਰਵਿਰਤੀਆਂ ਹੁੰਦੀਆਂ ਹਨ ਪਰ ਜਾਨਵਰਾਂ ਵਿਚ ਬਾਕੀ ਸਭ ਪ੍ਰਵਿਰਤੀਆਂ ਹੁੰਦੀਆਂ ਹਨ ਪਰ ਜਾਨਵਰਾਂ 'ਚ ਹੱਸਣ ਦੀ ਪ੍ਰਵਿਰਤੀ ਨਹੀਂ ਹੁੰਦੀ। ਹਾਂ ਇਹ ਗੱਲ ਜ਼ਰੂਰ ਸਧਨਾ ਜੀ ਨੇ ਮਹਿਸੂਸ ਕੀਤੀ ਹੋਵੇਗੀ ਕਿ ਜੇਕਰ ਮੈਂ ਬੱਕਰੀ ਦੀ ਇਕ ਲੱਤ ਕੱਟ ਕੇ ਗਾਹਕ ਨੂੰ ਦਿੰਦਾ ਹਾਂ ਤਾਂ ਉਹ ਪਿੱਛੋਂ ਥੋੜੇ ਸਮੇਂ ਬਾਅਦ ਤੜਫ-ਤੜਫ ਕੇ ਮਰ ਜਾਵੇਗੀ ਤੇ ਇਹ ਇਕ ਘੋਰ ਪਾਪ ਹੋਵੇਗਾ ਜਿਹੜਾ ਕਿ ਉਸ ਨੂੰ ਨਹੀਂ ਕਰਨਾ ਚਾਹੀਦਾ।

ਇਹ ਸਧਨਾ ਜੀ ਲਈ ਇਕ ਸੇਧ ਹੋ ਸਕਦੀ ਹੈ ਕਿ ਉਹ ਅੱਜ ਆਪਣੇ ਜੀਵਨ ਵਿਚ ਸੰਸਾਰਕ ਲਾਲਚ ਦੀ ਖਾਤਰ, ਆਪਣੇ ਜੀਵਨ ਵਿਚ ਇਕ ਨਵਾਂ ਕਾਂਡ ਕਰ ਰਿਹਾ ਹੈ। ਜੀਵ ਇਸ ਸੰਸਾਰ 'ਚ ਜਨਮ ਤੇ ਮੌਤ ਦੇ ਚੱਕਰਾਂ 'ਚੋਂ ਦੁੱਖ ਤੇ ਸੁਖ ਭੋਗ ਕੇ ਇਸ ਸੰਸਾਰ ਤੋਂ ਜਾ ਰਹੇ ਹਨ ਪਰ ਸਾਡੇ ਵਿਚੋਂ ਪਹਿਲਾਂ ਕਦੇ ਵੀ ਕਿਸੇ ਨੇ ਇਕ ਅੰਗ ਨਹੀਂ ਕੱਟਿਆ ਪਰ ਜਦੋਂ ਕਿ ਦੂਜੇ ਅੰਗ ਅਜੇ ਵੀ ਜੀਵਿਤ ਹਨ ਅਤੇ ਉਹ ਬੇਰਹਿਮੀ ਤੇ ਜ਼ੁਲਮ ਦੀ ਇਕ ਨਵੇਂ ਪੱਧਰ ਦੀ ਆਰੰਭਤਾ ਕਰ ਰਿਹਾ ਹੈ। ਇਸ ਸਮੇਂ ਸਧਨਾ ਜੀ ਦੇ ਹੱਥੋਂ ਗੰਡਾਸਾ ਡਿੱਗ ਜਾਂਦਾ ਹੈ ਤੇ ਆਪਣੀ ਮਜ਼ਬੂਰੀ ਤੇ ਵੇਦਨਾ ਦੱਸਣ ਲਈ ਗਾਹਕ ਵੱਲ ਮੁੜਦਾ ਹੈ ਤਾਂ ਗਾਹਕ ਜਾ ਚੁੱਕਾ ਹੁੰਦਾ ਹੈ। ਸਧਨਾ ਜੀ ਦੇ ਮਨ ਵਿਚ ਉਸ ਸਮੇਂ ਇਕ ਖਿਆਲ ਆਇਆ ਕਿ ਇਹ ਪ੍ਰਮਾਤਮਾ ਆਪ ਹੀ ਸੀ ਜੋ ਉਹ ਆਪਣੇ ਇਕ ਸੱਚੇ ਉਪਾਸ਼ਕ ਨੂੰ ਇਕ ਗਾਹਕ ਦੇ ਰੂਪ 'ਚ ਪ੍ਰਗਟ ਹੋਇਆ ਸੀ ਕਿ ਤੂੰ ਇਹ ਪਾਪ ਨਾ ਕਰ। ਸਤਿਗੁਰੂ ਸਧਨਾ ਜੀ ਨੇ ਉਸੇ ਦਿਨ ਤੋਂ ਇਹ ਕਸਾਈ ਦਾ ਘ੍ਰਿਣਤ ਕਿੱਤਾ ਤਿਆਗ ਦਿੱਤਾ ਤੇ ਉਹ ਪ੍ਰਮਾਤਮਾ ਦੀ ਭਗਤੀ ਕਰਨ ਲੱਗ ਪਏ।

ਉਕਤ ਦੱਸੀਆਂ ਕੁਝ ਘਟਨਾਵਾਂ ਇਕ ਬੁਰੇ ਕੰਮ ਤੋਂ ਚੰਗੇ ਪਾਸੇ ਲੱਗਣ ਦੀ ਪ੍ਰੇਰਨਾ ਦੀ ਪਿੱਠ-ਭੂਮੀ ਰਚਣ ਲਈ ਹੀ ਹੋਂਦ ਵਿਚਆਈਆਂ ਹਨ। ਸਧਨਾ ਜੀ ਇਕ ਉਤਮ ਮਨ ਦੇ ਧਾਰਨੀ ਸਨ। ਉਨ੍ਹਾਂ ਨੂੰ ਰੋਜ਼ ਦੇ ਇਸ ਗੰਦੇ ਧੰਦੇ ਤੇ ਜਾਨਵਰਾਂ 'ਤੇ ਜ਼ੁਲਮ ਕਰਨ ਤੇ ਉਨ੍ਹਾਂ ਨੂੰ ਕੋਹ-ਕੋਹ ਕੇ ਮਾਰਨ ਦੇ ਧੰਦੇ ਤੋਂ ਨਫ਼ਰਤ ਹੋ ਗਈ ਸੀ ਤੇ ਉਹ ਅਧਿਆਤਮਵਾਦੀ ਬਣ ਕੇ ਉਨ੍ਹਾਂ ਦੀ ਮੰਡਲੀ 'ਚ ਚਲੇ ਗਏ।

ਸਧਨਾ ਜੀ ਦੀ ਉਕਤ ਘਟਨਾ ਨਾਲ ਬਹੁਤ ਸਾਰੇ ਵਿਦਵਾਨ ਸਹਿਮਤ ਨਹੀਂ ਹਨ ਤੇ ਉਨ੍ਹਾਂ ਦੇ ਜੀਵਨ ਦੀ ਬੱਕਰੀ ਵਾਲੀ ਘਟਨਾ 'ਤੇ ਆਪਣੀ ਸਹਿਮਤੀ ਪ੍ਰਗਟ ਨਹੀਂ ਕਰਦੇ ਹਨ:

**(ੳ)** ਸਧਨਾ ਜੀ ਇਕ ਮੁਸਲਮਾਨ ਕਸਾਈ ਸਨ ਅਤੇ 'ਕੁਰਾਨ' ਵਿਚ ਇਸ ਵਰਣਨ 'ਸੂਰਾ ਅਲ ਮੈਦਾ' 'ਚ ਕੀਤਾ ਗਿਆ ਹੈ:

ਤੁਹਾਡੇ ਲਈ ਮਰੇ ਹੋਏ ਜਾਨਵਰ, ਲਹੂ, ਸੂਰ ਦਾ ਮਾਸ ਅਤੇ ਉਹ ਚੀਜ਼ਾਂ ਜੋ ਪਰਮੇਸ਼ੁਰ ਤੋਂ ਇਲਾਵਾ ਕਿਸੇ ਹੋਰ ਨੂੰ ਸਮਰਪਿਤ ਕੀਤੀਆਂ ਜਾਂਦੀਆਂ ਹਨ, ਅਤੇ ਉਹ ਜਾਨਵਰ ਗ਼ਲਾ ਘੁੱਟ ਕੇ ਜਾਂ ਹਿੰਸਕ ਸੱਟ ਨਾਲ ਜਾਂ ਸਿਰ 'ਤੇ ਕੋਈ ਚੀਜ਼ ਡਿੱਗਣ ਨਾਲ ਮਾਰੇ ਜਾਂਦੇ ਹਨ ਜਾਂ ਸਿੰਗਾਂ ਦੇ ਕੱਟਣ ਨਾਲ, ਅਤੇ ਉਹ ਜਿਨ੍ਹਾਂ ਵਿਚੋਂ ਇਕ ਜੰਗਲੀ ਜਾਨਵਰ ਨੇ ਖਾਧਾ ਹੈ, ਉਸ ਤੋਂ ਬਿਨਾਂ ਜੋ ਤੁਸੀਂ (ਉਸ ਦੇ ਮਰਨ ਤੋਂ ਪਹਿਲਾਂ) ਵੱਢ ਸਕਦੇ ਹੋ, ਅਤੇ ਪੱਥਰ ਦੀਆਂ ਜਗਦੇਵੀਆਂ ਉਤੇ ਚੜ੍ਹਾਏ ਜਾਂਦੇ ਹਨ, ਅਤੇ (ਜਿਨ੍ਹਾਂ ਦੀ ਮਨਾਹੀ ਹੈ) ਕਿ ਤੁਸੀਂ ਇਸ ਦੁਆਰਾ ਫੈਸਲਾ ਲੈਣਾ ਚਾਹੁੰਦੇ ਹੋ। ਦੈਵੀ ਤੀਰ, ਇਹ ਘੋਰ ਅਣਆਗਿਆਕਾਰੀ ਹੈ। ਅੱਜ ਦੇ ਦਿਨ ਅਵਿਸ਼ਵਾਸ ਕਰਨ ਵਾਲੇ ਤੁਹਾਡੇ ਧਰਮ ਨੂੰ (ਹਰਾਉਣ) ਤੋਂ ਨਿਰਾਸ਼ ਹੋ ਗਏ ਹਨ, ਇਸ ਲਈ ਉਨ੍ਹਾਂ ਤੋਂ ਡਰੋ, ਪਰ ਮੇਰੇ ਤੋਂ ਡਰੋ। ਅੱਜ ਦੇ ਦਿਨ ਮੈਂ ਤੁਹਾਡੇ ਲਈ ਤੁਹਾਡੇ ਧਰਮ ਨੂੰ ਸੰਪੂਰਨ ਕਰ ਦਿੱਤਾ ਹੈ ਅਤੇ ਤੁਹਾਡੇ ਉਤੇ ਆਪਣੀ ਕਿਰਪਾਪੂਰੀ ਕਰ ਦਿੱਤੀ ਹੈ ਅਤੇ ਤੁਹਾਡੇ ਲਈ ਇਸਲਾਮ ਨੂੰ ਧਰਮ ਵਜੋਂ ਸਵੀਕਾਰ ਕਰ ਲਿਆ ਹੈ। ਪਰ ਜੋ ਕੋਈ ਵੀ ਗੰਭੀਰ ਭੁੱਖ ਦੁਆਰਾ ਮਜ਼ਬੂਰ ਕੀਤਾ ਗਿਆ ਹੈ, ਜਿਸ ਦਾ ਕੋਈ ਝੁਕਾਅ ਪਾਪ ਨਹੀਂ ਹੈ, ਤਾਂ ਅਸਲ ਵਿਚ, ਅੱਲ੍ਹਾ ਮੁਆਫ ਕਰਨ ਵਾਲਾ ਅਤੇ ਦਿਆਲੂ ਹੈ। ਮੁਸਲਮਾਨ ਹਲਾਲ ਕੀਤੇ ਬਿਨਾਂ ਜਾਨਵਰਾਂ ਦਾ ਭੋਜਨ ਨਹੀਂ ਲੈਂਦੇ ਸਨ। ਸਧਨਾ ਜੀ ਅਤੇ ਉਹਨਾਂ ਦੇ ਗਾਹਕ (ਸ਼ਾਇਦ ਮੁਸਲਮਾਨ, ਕਿਉਂਕਿ ਹਿੰਦੂ ਹਲਾਲ ਮੀਟ ਨਹੀਂ ਲੈਂਦੇ ਹਨ)। ਇਸਲਾਮ ਦੇ ਅੰਦਰ ਖੁਰਾਕ ਸਬੰਧੀ ਕਾਨੂੰਨਾਂ ਨੂੰ ਨਹੀਂ ਤੋੜ ਸਕਦੇ ਸਨ।

**(ਅ)** ਸਧਨਾ ਜੀ ਬੱਕਰੇ/ਬੱਕਰੀ ਦੀ ਲੱਤ ਕੱਟ ਦਿੰਦੇ ਤਾਂ ਰਾਤ ਨੂੰ ਉਹ ਮਰ ਜਾਂਦਾ। ਮੁਸਲਮਾਨ ਲਾਸ਼ਾਂ ਦਾ ਮਾਸ ਵੀ ਨਹੀਂ ਲੈਂਦੇ, ਇਸ ਤੋਂ ਇਲਾਵਾ ਮਰੇ ਹੋਏ ਜਾਨਵਰ ਦਾ ਚਮੜਾ ਵੀ ਵਰਤੋਂ ਯੋਗ ਨਹੀਂ ਰਹਿੰਦਾ। ਇਸ ਲਈ ਸਧਨਾ ਜੀ ਇਸ ਸੌਦੇ ਵਿਚ ਘਾਟੇ ਵਿਚ ਰਹਿੰਦੇ।

**(ੲ)** ਸਧਨਾ ਜੀ ਦੀ ਬਾਣੀ ਜਾਂ ਹੋਰ ਰਚਨਾਵਾਂ ਵਿਚ ਕਿਤੇ ਵੀ ਇਹ ਮੌਜੂਦ ਨਹੀਂ ਹੈ ਕਿ ਉਨ੍ਹਾਂ ਨੂੰ ਇਕ ਬੱਕਰੀ/ਬੱਕਰੇ ਦੁਆਰਾ ਸੇਧ ਦਿੱਤੀ ਗਈ ਸੀ, ਜਿਸਨੇ ਉਨ੍ਹਾਂ ਦੀ ਜ਼ਿੰਦਗੀ ਬਦਲ ਦਿੱਤੀ ਸੀ।

**ਸਧਨਾ ਦਾ ਇਕ ਵਿਆਹੁਤਾ ਔਰਤ ਨਾਲ ਝਗੜਾ:** ਸਧਨਾ ਜੀ ਦੀ ਜਵਾਨੀ 'ਚ ਸਰੀਰਕ ਦਿੱਖ ਬਹੁਤ ਸੁੰਦਰ ਸੀ। ਉਹ ਜਵਾਨੀ 'ਚ ਬੜੀ ਸੁੰਦਰ ਦਿੱਖ ਤੇ ਸਰੀਰਕ ਦਿਖਾਵਟ ਵਜੋਂ ਬਹੁਤ ਮਜ਼ਬੂਤ ਤੇ ਤਕੜੇ ਲੱਗਦੇ ਸਨ। ਉੱਤਰੀ ਭਾਰਤ ਦੀ ਆਪਣੀ ਯਾਤਰਾ ਦੌਰਾਨ, ਉਨ੍ਹਾਂ ਦੀ ਸੁੰਦਰ ਦਿੱਖ ਨੇ ਇਕ ਨੌਜਵਾਨ ਵਿਆਹੁਤਾ ਔਰਤ ਨੂੰ ਬਹੁਤ ਪ੍ਰਭਾਵਿਤ ਕੀਤਾ। ਉਹ ਔਰਤ ਸਧਨਾ ਜੀ ਨਾਲ ਸੈਕਸ ਕਰਨਾ ਚਾਹੁੰਦੀ ਸੀ। ਸਧਨਾ ਜੀ ਨੇ ਕਿਹਾ ਉਹ ਇਕ ਵਿਆਹੁਤਾ ਪੁਰਸ਼ ਹਨ ਤੇ ਉਹ ਕਿਸੇ ਗੈਰ ਔਰਤ ਨਾਲ ਅਜਿਹੇ ਸਬੰਧ ਨਹੀਂ ਰੱਖਣਾ ਚਾਹੁੰਦੇ। ਉਸ ਔਰਤ ਨੇ ਸਧਨਾ ਜੀ ਦੇ ਵਿਚਾਰਾਂ ਨੂੰ ਸਮਝੇ ਬਿਨਾਂ ਹੀ ਆਪਣੇ ਪਤੀ ਦੀ ਹੱਤਿਆ ਕਰ ਦਿੱਤੀ ਤੇ ਇਸ ਹੱਤਿਆ ਬਾਰੇ ਸਧਨਾ ਜੀ ਨੂੰ ਦੱਸ ਦਿੱਤਾ। ਸਧਨਾ ਜੀ ਬੜੇ ਹੈਰਾਨ ਹੋਏ ਕਿ ਇਹ ਔਰਤ ਕਿਤਨੀ ਜ਼ਾਲਮ ਹੈ। ਸਧਨਾ ਜੀ ਨੇ ਉਸ ਔਰਤ ਨੂੰ ਚੰਗੇ ਇਨਸਾਨ, ਬਣਨ ਦਾ ਉਪਦੇਸ਼ ਦਿੱਤਾ ਤੇ ਉਸਉਪਰੰਤ ਉਨ੍ਹਾਂ ਨੇ ਉਹ ਇਲਾਕਾ ਛੱਡ ਦਿੱਤਾ। ਉਸ ਹੱਤਿਆਰੀ ਔਰਤ ਨੂੰ ਬਹੁਤ ਸ਼ਰਮ ਮਹਿਸੂਸ ਹੋਈ ਤੇ ਉਸ ਔਰਤ ਨੇ ਆਪਣੇ ਪਤੀ ਦੇ ਸੰਸਕਾਰ 'ਤੇ ਆਪਣੇ ਆਪ ਨੂੰ ਅੱਗ ਨਾਲ ਸਾੜ ਲਿਆ ਤੇ ਮਰ ਗਈ। ਇਸ ਤਰ੍ਹਾਂ ਕਰਨ 'ਤੇ ਲੋਕ ਉਸ ਔਰਤ ਨੂੰ ਸਤੀ-ਸਵਿਤਰੀ ਸਮਝਣ ਲੱਗ ਪਏ। ਇਤਿਹਾਸਕ ਹਵਾਲਿਆਂ ਦੇ ਅਨੁਸਾਰ, ਸਧਨਾ ਜੀ ਨੇ ਔਰਤਾਂ ਬਾਰੇ ਕਿਹਾ ਹੈ ਕਿ ਔਰਤਾਂ ਦੇ ਚਲਿਤਰਾਂ ਜਾਂ ਅੰਦਰਲੀ ਸੋਚ ਨੂੰ ਕੋਈ ਨਹੀਂ ਜਾਣਦਾ, ਉਹ ਆਪਣੇ ਪਤੀ ਦੀ ਹੱਤਿਆ ਕਰਕੇ ਸਤੀ ਹੋ ਗਈ। ਉਹ ਔਰਤ ਫਿਰ ਕਹਾਵਤ ਵਜੋਂ ਪ੍ਰਸਿੱਧ ਹੋ ਗਈ ਤੇ ਬਾਅਦ ਵਿਚ ਉਹ ਔਰਤ ਕਵੀਆਂ ਅਤੇ ਲੇਖਕਾਂ ਨੇ ਉਸ ਨੂੰ ਸਤੀ-ਸਵਿਤਰੀ ਔਰਤ ਕਹਿ ਕੇ ਆਪਣੀਆਂ ਲਿਖਤਾਂ ਵਿਚ ਉਭਾਰਿਆ ਤੇ ਉਸ ਦੀ ਉਸਤੱਤ ਕੀਤੀ ਕਿ ਉਹ ਆਪਣੇ ਪਤੀ ਨੂੰ ਕਿੰਨਾ ਪਿਆਰ ਕਰਦੀ ਸੀ।

ਕਈ ਲੇਖਕਾਂ ਨੇ ਆਪਣੀਆਂ ਲਿਖਤਾਂ ਵਿਚ ਲਿਖਿਆ ਹੈ ਕਿ ਸਧਨਾ ਜੀ ਇਸ ਉਕਤ ਘਟਨਾ ਵਾਪਰਨ ਤੋਂ ਬਾਅਦ ਪੰਜਾਬ ਆ ਵੱਸੇ ਸਨ।

ਉਕਤ ਘਟਨਾ ਸਬੰਧੀ ਕਈ ਵਿਦਵਾਨ ਇਸ ਤਰ੍ਹਾਂ ਲਿਖਦੇ ਹਨ ਕਿ ਕਤਲ ਕੀਤੇ ਗਏ ਪਤੀ ਦੀ ਪਤਨੀ ਨੇ ਉਥੋਂ ਦੇ ਸਥਾਨਕ ਪ੍ਰਸ਼ਾਸਨ ਨੂੰ ਸ਼ਿਕਾਇਤ ਕੀਤੀ ਕਿ ਸਧਨਾ ਜੀ ਨੇ ਉਸ ਔਰਤ ਨਾਲ ਬਲਾਤਕਾਰ ਕੀਤਾ ਹੈ। ਉਸ ਔਰਤ ਦੀ ਸ਼ਿਕਾਇਤ ਤੋਂ ਬਾਅਦ ਪ੍ਰਸ਼ਾਸਨ ਨੇ ਸਧਨਾ ਜੀ ਨੂੰ ਗ੍ਰਿਫਤਾਰ ਕਰ ਲਿਆ ਤੇ ਜੱਜ ਨੇ ਸਧਨਾ ਜੀ ਦੇ ਹੱਥ ਕੱਟਣ ਦੀ ਸਜ਼ਾ ਸੁਣਾਈ। ਸਜ਼ਾ ਪੂਰੀ ਹੋਣ ਤੋਂ ਬਾਅਦ ਸਧਨਾ ਜੀ ਨੂੰ ਛੁੱਟੀ ਦੇ ਦਿੱਤੀ ਗਈ। ਸਧਨਾ ਜੀ ਇਸ ਤਰ੍ਹਾਂ ਦੀ ਬੇਰਹਿਮੀ ਦੀ ਸਜ਼ਾ ਪਾ ਕੇ ਪ੍ਰਸ਼ਾਸਨ ਅੱਗੇ ਝੁਕੇ ਨਹੀਂ ਤੇ ਉਥੋਂ ਚਲੇ ਗਏ। ਕਿਹਾ ਜਾਂਦਾ ਹੈ ਕਿ ਸਧਨਾ ਜੀ ਦੀ ਰੱਬ ਵਿਚ ਇੰਨੀ ਸ਼ਰਧਾ ਤੇ ਭਗਤੀ ਸਫਲ ਹੋਈ ਕਿ ਪ੍ਰਮਾਤਮਾ ਨੇ ਉਹਨਾਂ ਨੂੰ ਨਵੇਂ ਹੱਥਾਂ ਦੀ ਬਖਸ਼ਿਸ਼ ਕੀਤੀ ਤੇ ਉਹਨਾਂ ਕੱਟੇ ਹੋਏ ਹੱਥ ਮੁੜ ਪੁੰਗਰ ਕੇ ਨਵੇਂ ਹੱਥ ਬਣ ਗਏ। ਪਰ ਜੋ ਵਿਦਵਾਨ ਜਾਂ ਲਿਖਾਰੀ ਇਨ੍ਹਾਂ ਨਵੇਂ ਪੁੰਗਰੇ ਹੋਏ ਸਧਨਾ ਜੀ ਦੇ ਹੱਥਾਂ ਦੀ ਗੱਲ ਕਰਦੇ ਹਨ, ਇਸ 'ਤੇ ਯਕੀਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਸ ਜ਼ਮਾਨੇ 'ਚ ਨਾ ਤਾਂ ਕੋਈ ਸਾਇੰਸ ਏਨੀ ਅਡਵਾਂਸ ਸੀ ਤੇ ਨਾ ਹੀ ਕੋਈ ਡਾਕਟਰੀ ਸੁਵਿਧਾ ਉਪਲਬਧ ਸੀ ਜੋ ਉਨ੍ਹਾਂ ਦੇ ਹੱਥਾਂ ਨੂੰ ਸਰਜਰੀ ਨਾਲ, ਬਾਹਾਂ ਦੇ ਨਾਲ ਲਗਾ ਦਿੱਤਾ ਗਿਆ ਹੋਵੇ ਤੇ ਨਾ ਹੀ ਕੋਈ ਰੱਬੀ ਕ੍ਰਿਸ਼ਮਾ ਹੋ ਸਕਦਾ ਹੈ।

ਸਤਿਗੁਰੂ ਸਧਨਾ ਜੀ ਨੇ ਭਾਰਤੀ ਉਪ-ਮਹਾਂਦੀਪ ਦੇ ਬਹੁਤ ਸਾਰੇ ਇਲਾਕਿਆਂ ਦੀ ਯਾਤਰਾ ਕੀਤੀ ਤੇ ਇਨ੍ਹਾਂ ਯਾਤਰਾਵਾਂ ਦੇ ਦੌਰਾਨ ਉਨ੍ਹਾਂ ਨੇ ਲੁਕਾਈ ਨੂੰ ਚੰਗੇ ਮਨੁੱਖ ਬਣਨ ਦਾ ਸੰਦੇਸ਼ ਦਿੱਤਾ। ਇਸ ਗੱਲ ਦੀ ਬਹੁਤ ਸੰਭਾਵਨਾ ਹੈ ਕਿ ਉਹ ਸਤਿਗੁਰੂ ਨਾਮਦੇਵ ਨੂੰ ਜ਼ਰੂਰ ਮਿਲੇ ਹੋਣਗੇ ਤੇ ਉਨ੍ਹਾਂ ਦੇ ਨਾਲ ਵੀ ਗਏ ਹੋਣਗੇ। ਸਤਿਗੁਰੂ ਰਵਿਦਾਸ ਜੀ ਨੇ ਹੋਰ ਉਸ ਸਮੇਂ ਦੇ ਮਹਾਂਪੁਰਸ਼ਾਂ ਜਿਵੇਂ ਕਿ ਨਾਮਦੇਵ ਜੀ, ਕਬੀਰ ਜੀ, ਤ੍ਰਿਲੋਚਨ ਜੀ, ਸਧਨਾ ਜੀ ਤੇ ਸੈਨ ਜੀ ਦਾ ਆਪਣੀ ਬਾਣੀ 'ਚ ਜ਼ਿਕਰ ਵੀ ਕੀਤਾ ਹੈ, ਜਿਸ ਦਾ ਅਰਥ ਹੈ ਕਿ ਸਤਿਗੁਰੂ ਸਧਨਾ ਜੀ ਉਸ ਸਮੇਂ ਦੇ ਮਸ਼ਹੂਰ ਤੇ ਜਾਣੇ-ਪਛਾਣੇ ਮਹਾਨ ਵਿਅਕਤਿਤਵਾਂ ਵਿਚੋਂ ਇਕ ਸਨ। ਸਧਨਾ ਜੀ ਦੀਆਂ ਸਿੱਖਿਆਵਾਂ ਦਾ ਪਾਲਣ ਕਰਨ ਵਾਲੇ ਲੋਕਾਂ ਨੂੰ 'ਸਧਨਾ ਪੰਥੀ' ਕਿਹਾ ਜਾਂਦਾ ਹੈ। ਸਧਨਾ ਪੰਥੀ ਸ਼ਰਧਾਲੂਆਂ ਨੂੰ 'ਵੈਸ਼ਨਵ ਸੰਪਰਦਾ' ਦੇ ਸ਼ਰਧਾਲੂ ਮੰਨਿਆ ਜਾਂਦਾ ਹੈ, ਪ੍ਰੰਤੂ ਸਧਨਾ ਪੰਥੀ ਸ਼ਰਧਾਲੂ ਵੈਸ਼ਨਵ ਸੰਪਰਦਾ ਦੀ ਵਿਚਾਰਧਾਰਾ 'ਚ ਯਕੀਨ ਨਹੀਂ ਰੱਖਦੇ। ਇੱਥੋਂ ਤੱਕ ਕਿ ਹਰ ਉਪਾਸ਼ਕ, ਜਿਸ ਨੇ ਵੀ ਮਹਾਂਪੁਰਸ਼ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ ਹੈ, ਨੂੰ ਕਈ ਵਿਦਵਾਨਾਂ ਦੁਆਰਾ ਗਲਤ ਤੌਰ-ਤਰੀਕਿਆਂ ਨਾਲ ਵੈਸ਼ਨਵ ਸੰਤ ਜਾਂ ਵੈਸ਼ਨਵ ਧਰਮ ਦੇ ਉਪਾਸ਼ਕ ਕਿਹਾ ਜਾਂਦਾ ਹੈ। ਉਨ੍ਹਾਂ ਦੀਆਂ ਕਾਵਿਕ ਰਚਨਾਵਾਂ ਭਜਨ ਆਦਿ ਅਤੇ ਵੈਸ਼ਨਵ ਪ੍ਰੰਪਰਾ ਵਿਚ ਵਿਚਾਰਾਂ ਦੇ ਫਰਕ ਕਾਰਨ, ਇਹ ਵਿਵਹਾਰਕ ਤੌਰ 'ਤੇ ਠੀਕ ਨਹੀਂ ਹੈ।

**ਸਤਿਗੁਰੂ ਸਧਨਾ ਜੀ ਦੀਆਂ ਰਚਨਾਵਾਂ:** ਸਤਿਗੁਰੂ ਸਧਨਾ ਜੀ ਨੇ ਪੰਜਾਬ ਤੇ ਉੱਤਰੀ ਭਾਰਤ ਦੇ ਬਹੁਤ ਸਾਰੇ ਖੇਤਰਾਂ 'ਚ ਜਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ। ਉਨ੍ਹਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਅੰਗ (ਪੰਨਾ) 858 'ਤੇ

**(ਬਾਕੀ ਅਗਲੇ ਸਫੇ 'ਤੇ)**

# ਸਤਿਗੁਰੂ ਸਧਨਾ ਜੀ

(ਸਫਾ 22 ਦੀ ਬਾਕੀ)

ਦਰਜ ਹੈ। ਉਨ੍ਹਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਰਾਗ ਬਿਲਾਵਲ' 'ਚ ਰਚਿਆ ਇਕ ਹੀ ਭਜਨ ਦਰਜ ਹੈ, ਜਿਹੜਾ ਕਿ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਤੋਂ ਉਪਰੰਤ ਆਉਂਦਾ ਹੈ ਜੋ ਕਿ ਨਿਮਨ ਅਨੁਸਾਰ ਹੈ:

**ਬਿਲਾਵਲ ਰਾਗ:** ਬਾਣੀ ਸਧਨੇ ਕੀ ਰਾਗ ਬਿਲਾਵਲ॥੧ਓ ਸਤਿਗੁਰੂ ਪਰਸਾਦਿ॥
ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥
ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥1॥

ਇਕ ਰਾਜੇ ਦੀ ਧੀ ਬੁੱਧੀ ਲਈ, ਇਕ ਆਤਮਾ ਨੇ ਆਪਣੇ ਆਪ ਨੂੰ ਸਰੀਰ ਵਿਚ ਭੇਸ ਦੇ ਰੱਖਿਆ ਹੈ। ਜੋ ਆਤਮਾ ਸਵੈ-ਇੱਛਤ ਅਤੇ ਸੁਆਰਥੀ ਬਣ ਗਈ ਹੈ, ਉਹ ਪ੍ਰਭੂ ਦੁਆਰਾ ਸੁਰੱਖਿਅਤ ਹੈ।

ਤਵ ਗੁਨ ਕਹਾ ਜਗਤ ਗੁਰਾ ਜਉ ਕਰਮ ਨ ਨਾਸੈ॥
ਸਿੰਘ ਸਰਣ ਕਤ ਜਾਈਐ ਜਉ ਜੰਬੁਕ ਗ੍ਰਾਸੈ॥2॥ ਰੋਕ॥

ਹੇ ਜਗਤ ਗੁਰੂ, ਜੇ ਤੂੰ ਮੇਰੇ ਕਰਮ ਨਹੀਂ ਕਰੇਗਾ ਤਾਂ ਤੇਰਾ ਕੀ ਮੁੱਲ ਹੈ? ਜੇ ਗਿੱਦੜ ਨੇ ਖਾ ਜਾਣਾ ਹੈ ਤਾਂ ਸ਼ੇਰ ਤੋਂ ਸੁਰੱਖਿਆ ਕਿਉਂ ਮੰਗੀਏ?

ਏਕ ਬੂੰਦ ਦੇ ਕਾਰਨੇ ਚਾਤ੍ਰਿਕ ਦੁਖੁ ਪਾਵੈ॥
ਪ੍ਰਾਨ ਗਏ ਸਾਗਰੁ ਮਿਲੈ ਫੁਨਿਕਾਮ ਨ ਆਵੈ॥3॥

ਬਰਸਾਤ ਦੀ ਇਕ-ਇਕ ਬੂੰਦ ਦੀ ਖਾਤਰ ਚਾਤ੍ਰਿਕ ਬਰਸਾਤੀ ਪੀੜਾਂ ਵਿਚ ਸੜਦੀ ਹੈ। ਜਦੋਂ ਇਸਦੀ ਜਿੰਦ-ਜਾਨ ਮੁੱਕ ਜਾਂਦੀ ਹੈ, ਤਾਂ ਸਮੁੰਦਰ ਵੀ ਉਸ ਦੇ ਕਿਸੇ ਕੰਮ ਨਹੀਂ ਆਉਂਦਾ।

ਪ੍ਰਾਨ ਜੁ ਥਾਕੇ ਥਿਰ ਨਹੀਂ ਕੈਸੇ ਬਿਰਮਾਵਉ॥
ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ॥4॥

ਹੁਣ ਮੇਰੀ ਜ਼ਿੰਦਗੀ ਥੱਕ ਗਈ ਹੈ, ਅਤੇ ਮੈਂ ਜ਼ਿਆਦਾ ਦੇਰ ਨਹੀਂ ਰਹਾਂਗਾ। ਮੈਂ ਧੀਰਜ ਕਿਵੇਂ ਰੱਖ ਸਕਦਾ ਹਾਂ? ਜੇ ਮੈਂ ਡੁੱਬ ਕੇ ਮਰ ਜਾਵਾਂ ਅਤੇ ਫਿਰ ਇਕ ਬੇੜੀ ਆ ਜਾਵੇ, ਮੈਨੂੰ ਦੱਸੋ, ਮੈਂ ਕਿਸ ਤਰ੍ਹਾਂ ਚੜ੍ਹਾਂ?

ਮੈ ਨਾਹੀ ਕਛੁ ਹਉ ਨਹੀਂ ਕਿਛੁ ਆਹਿ ਨ ਮੋਰਾ
ਅਉਸਰ ਲਜਾ ਰਾਖਿ ਲੇਹੁ ਸਧਨਾ ਜਨ ਤੋਰਾ॥5॥

ਮੇਰਾ ਮਨ ਕੁਝ ਵੀ ਨਹੀਂ ਹੈ, ਮੇਰੇ ਚਿਤ ਕੋਲ ਕੁਝ ਨਹੀਂ ਹੈ, ਅਤੇ ਕੁਝ ਵੀ ਮੇਰੇ (ਅਹੰਕਾਰ ਦਾ ਵਿਨਾਸ਼) ਨਹੀਂ ਹੈ। ਹੁਣ ਮੇਰੀ ਇੱਜਤ ਦੀ ਰੱਖਿਆ ਕਰੋ। ਸਧਨਾ ਤੇਰਾ ਜਾਨਣਹਾਰ ਹੈ।

ਪਹਿਲੀ ਪੰਗਤੀ ਦੀ ਵਿਆਖਿਆ ਗੁਰਮਤਿ ਦੇ ਸੰਦਰਭ ਵਿਚ ਨਹੀਂ ਕੀਤੀ ਗਈ ਹੈ। ਨ੍ਰਿਪ ਕੰਨਿਆ ਕੇ ਕਾਰਨੈ ਚਲੈ ਇਕ ਭਈਆ ਭਾਖਧਾਰੀ॥'' ਇਕ ਰਾਜੇ ਦੀ ਧੀ ਲਈ, ਇਕ ਆਦਮੀ ਨੇ ਆਪਣੇ ਆਪ ਨੂੰ ਵਿਸ਼ਨੂੰ ਦਾ ਭੇਸ ਬਣਾਇਆ।

''ਕਾਮਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥''

ਉਸਨੇ ਇਹ ਜਿਨਸੀ ਸੋਸ਼ਣ ਅਤੇ ਸੁਆਰਥੀ ਇਰਾਦਿਆਂ ਲਈ ਕੀਤਾ, ਪਰ ਪ੍ਰਭੂ ਨੇ ਉਸ ਦੀ ਇੱਜਤ ਦੀ ਰੱਖਿਆ ਕੀਤੀ।

ਪਿਛਲੀਆਂ ਵਿਆਖਿਆਵਾਂ ਵਿਚ, ਵਿਆਖਿਆਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸ਼ੇ ਤੋਂ ਬਾਹਰ ਚਲੇ ਗਏ ਅਤੇ ਵੈਸ਼ਨਵ ਮਿਥਿਹਾਸ ਨੂੰ ਗੁਰਮਤਿ ਵਿਚਾਰਾਂ ਨਾਲ ਮਿਲਾ ਦਿੱਤਾ ਹੈ। ਖਾਸ ਕਰਕੇ ਪੰਡਿਤ ਤਾਰਾ ਸਿੰਘ ਨਰੋਤਮ (ਫਰੀਦਕੋਟੀ ਟੀਕਾ), ਜਿਸ ਦਾ ਅਨੁਸਰਣ ਹੋਰ ਕਰਦ ੇਹਨ। ਸਿੱਖਾਂ ਅੰਦਰ ਇਹ ਪਰਿਪੱਕ ਵਿਚਾਰ ਹੈ ਕਿ ਗੁਰਬਾਣੀ ਵਿਚਲੇ ਸ਼ਬਦਾਂ ਅਤੇ ਸੰਕਲਪਾਂ ਨੂੰ ਗੁਰਬਾਣੀ ਵਿਚ ਹੀ ਚੰਗੀ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ ਅਤੇ ਹਰ ਬਾਣੀ ਆਪਸ ਵਿਚ ਜੁੜੀ ਹੋਈ ਹੈ। ਕੁਝ ਠੇਠ ਸ਼ਬਦਾਂ, ਸੰਕਲਪਾਂ ਅਤੇ ਡੂੰਘਾਈ ਦੀ ਵਿਆਖਿਆ ਕਰਦੇ ਹੋਏ, ਵਿਆਖਿਆਕਾਰ ਗੁਰਮਤਿ ਵਿਚਾਰਾਂ ਨਾਲ ਭੰਬਲਭੂਸੇ ਵਾਲੀ ਮਿਥਿਹਾਸ ਨੂੰ ਮਿਲਾਉਂਦੇ ਹਨ, ਅਤੇ ਅਧਿਆਤਮਿਕਤਾ ਬਾਰੇ ਗਲਤ ਗਿਆਨ ਦੇ ਕੇ, ਰੂਹਾਂ ਨੂੰ ਖੁਆਉਣ ਵਾਲੇ ਧਾਰਮਿਕ ਵਿਦਵਾਨਾਂ ਦੇ ਵਿਚਾਰਾਂ ਵੱਲ ਸਿੱਖ ਚਿੰਤਨ ਨੂੰ ਵਾਪਸ ਲਿਆਉਂਦੇ ਹਨ। ਸਾਰੀ ਬਾਣੀ ਵਿਚ ਸਤਿਗੁਰੂ ਸਧਨਾ ਜੀ ਨੇ ਵਿਸ਼ਨੂੰ ਜੀ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ। ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਉਨ੍ਹਾਂ ਦੀ ਕੇਵਲ ਇਕ ਹੀ ਬਾਣੀ ਹੈ ਅਤੇ ਗਲਤ ਵਿਆਖਿਆਵਾਂ ਦੀ ਬਹੁਤ ਸੰਭਾਵਨਾ ਹੈ। ਉਪਰੋਕਤ ਪੰਗਤੀ ਆਤਮਾ ਨਾ ਸਬੰਧਤ ਹੈ, ਜੋ ਆਪਣੀ ਬੁੱਧੀ ਦੇ ਵਿਕਾਸ ਲਈ ਰੂਪ ਧਾਰ ਲੈਂਦੀ ਹੈ ਜੋ ਗੁਰਮਤਿ ਦੇ ਰਾਹ ਤੁਰਨ ਵੇਲੇ ਆਪਣੇ ਆਪ ਨੂੰ ਸੁਆਰਥੀ ਅਤੇ ਸੁਆਰਥੀ ਬਣ ਜਾਂਦੀ ਹੈ, ਪ੍ਰਭੂ ਦੁਆਰਾ ਆਪਣੀ ਰੱਖਿਆ ਕੀਤੀ ਜਾਂਦੀ ਹੈ।

ਸਮੁੱਚੇ ਤੌਰ 'ਤੇ ਸਤਿਗੁਰੂ ਸਧਨਾ ਜੀ ਦਾ ਉਕਤ ਸ਼ਬਦ ਉਸ ਸਰਬਸ਼ਕਤੀਮਾਨ ਅੱਗੇ ਇਕ ਅਰਜੋਈ ਹੈ। ਇਹ ਅਰਦਾਸ ਕਿਸੇ ਅਵਤਾਰ ਅੱਗੇ ਨਹੀਂ ਹੈ ਸਗੋਂ ਪ੍ਰਮਾਤਮਾ ਅੱਗੇ ਹੈ, ਜਿਹੜਾ ਉਸ ਦੀ ਲੱਜਾ ਰੱਖਣ ਵਾਲਾ ਹੈ। ਇਹ ਉਨ੍ਹਾਂ ਦੀ ਰੂਹ 'ਚੋਂ ਨਿਕਲੀ ਇਕ ਹੂਕ ਹੈ।

ਕਾਫੀ ਸਮਾਂ ਪਹਿਲਾਂ ਪ੍ਰਸਿੱਧ ਇਤਿਹਾਸਕਾਰ ਸਰਦਾਰ ਰਣਧੀਰ ਸਿੰਘ ਜੀ ਨੂੰ ਇਕ ਵੱਡੀ ਹੱਥ ਲਿਖਤ ਪੋਥੀ ਮਿਲੀ, ਜਿਸ ਦੀ ਇਕੋ-ਇਕ ਜਿਲਦ ਵਿਚ ਕਈ ਪੁਸਤਕਾਂ ਸਨ। ਜਿਨ੍ਹਾਂ ਦੀ ਗਿਣਤੀ 25 ਸੀ। ਉਸ ਪੁਸਤਕ ਵਿਚ ਕਈ ਪੁਸਤਕਾਂ 'ਚ ਭਗਤੀ ਲਹਿਰ ਦੇ ਕਈ ਮਹਾਂਪੁਰਸ਼ਾਂ ਦੀ ਕਾਵਿ ਰਚਨਾ ਵੀ ਦਰਜ ਹੈ। ਇਸ ਦੀ ਸੂਚੀ ਦੇ 20ਵੇਂ ਕਰਮ 'ਤੇ ਸਤਿਗੁਰੂ ਸਧਨਾ ਜੀ ਦੇ ਦੋਹਰੇ ਲਿਖੇ ਹੋਏ ਹਨ ਜੋ ਨਿਮਨ-ਲਿਖਤ ਅਨੁਸਾਰ ਹਨ:

**ਰਾਗ ਸੁਰਠਾ:**
ਜਾ ਕਉ ਕਹੀਆ ਪੀਉ, ਤਾਸਿਉ ਕਛ ਨਾ ਦੁਹਰਾਈਐ।
ਜੇ ਵਹੁ ਮਾਂਗੇ ਤਨ ਮਹਿ, ਤਨਕੁ ਨ ਰਾਖੀਐ॥1॥
ਹਮ ਪਿਆਰੇ ਤੇਰੇ ਦਰਸਿ ਕੇ, ਪ੍ਰੀਤਮ ਮੁਝ ਦਰਸਨ ਦੇਹਿ।
ਅੰਧਲੇ ਕੇਰੀ ਟੋਹਣੀ, ਹਾਇ ਛੀਨ ਮਤੁ ਲੇਹਿ॥2॥
ਪਿਰੀ ਮਰਿੰਡੇ ਪਾਤਸ਼ਾਹੁ, ਮੈਂ ਪਿਰੀਆ ਵਾਜੀਰੁ।
ਪਿਰੀ ਵਿਛੋੜਾ ਕਿਉ ਸਹਿਨ, ਜਿਨ ਸਿਰ ਨਾਨਕ ਪੀਰੁ॥3॥
ਪਿਰੀਆ ਸੰਦਾ ਮੋਹਣਾ, ਮੱਥੇ ਤੇ ਲਿਖਓਮੁ।
ਜਿਨ੍ਹਾਂ ਮਸਤਕਿ ਲਿਖਿਆ, ਨਾਨਕ ਤਿਨ ਮਿਲਿਓਨ॥4॥
ਕੂੜੀ ਕਾਰਿ ਕਰੇਦਿਆ, ਨਿਕਲ ਵੈਸੀ ਜੀਉ।
ਅਸੀ ਜਲੁ ਕੋਇਲਾ ਥੀਏ, ਤੂ ਕਦੀ ਅਸਾਡਾ ਥੀਉ॥5॥
ਭਵਰਾ ਰੇ ਬਦੇਸੀਆ, ਬੇਦਨ ਪ ਪੂਛਉ ਤੋਹਿ॥
ਸਭ ਤਨ ਤੈਰੋ ਸਾਵਰੋ, ਮੁਖ ਕਿਉ ਪੀਅਰੋ ਹੋਇ?॥6॥ ਦੁਖੀਅਨਿ ਕੇ ਮੁਖਿ ਪੀਅਰੇ, ਦਰਦੁ ਨ ਜਾਨੈ ਕੋਇ।
ਹਮਰੀ ਬੇਦਨ ਸੋ ਬੂਝੇ, ਜੌ ਹਮ ਸਾ ਦੁਖੀਆ ਹੋਇ॥7॥
ਪ੍ਰੀਤਮ ਇਉ ਮਤਿ ਜਾਨੀਓ, ਜੋ ਬਿਛਰਤ ਪ੍ਰੀਤਿ ਘਟਾਇ।
ਬਿਯਾਪਾਰੀ ਕੇ ਬਿਆਜ ਜਿਉ, ਦਿਨੁ ਦਿਨ ਬਢਤੀ ਜਾਇ॥8॥
ਪ੍ਰੀਤਮ ਤੁਮਰੇ ਦਰਸ ਕਉ। ਹਮਰੇ ਨੈਨ ਅਧੀਨ।
ਤਰਫ ਤਰਫ ਜੀਉ ਦੇਤ ਹੈ, ਜਿਉ ਬਿਛਰੇ ਜਲ ਮੀਨ॥9॥

ਉਕਤ ਦੋਹਰਾ ਨੰਬਰ 4 'ਚ ਆਏ 'ਨਾਨਕ ਪੀਰ' ਨਾਂ ਜਾਂ 'ਨਾਨਕ ਤਿਨ ਮਿਲਿਓਨ' ਸ਼ਬਦਾਂ ਕਾਰਨ ਬਹੁਤ ਸਾਰੇ ਵਿਦਵਾਨ ਇਹ ਸਮਝਦੇ ਹਨ ਕਿ ਸਤਿਗੁਰੂ ਸਧਨਾ ਜੀ ਗੁਰੂ ਨਾਨਕ ਦੇਵ ਜੀ ਦੇ ਉਪਾਸ਼ਕ ਸਨ ਤੇ ਉਹ ਪੰਜਾਬ ਦੇ ਹੀ ਵਾਸੀ ਸਨ ਪਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 'ਚ ਸਧਨਾ ਜੀ ਦੇ ਬਿਲਾਵਲ ਰਾਗ 'ਚ ਦਰਜ 'ਰਚਨਾ' 'ਚ ਉਹ ਹਰਿਜਨ ਨੂੰ ਸੰਬੋਧਨ ਹੁੰਦੇ ਹਨ। ਪਰ ਬਹੁਤ ਸਾਰੇ ਵਿਦਵਾਨ ਸਧਨਾ ਜੀ ਨੂੰ ਸਿੰਧੂ ਦੇਸ਼ ਦੇ 'ਸਰਵਾ' ਨਗਰ ਵਿਚ ਸੰਮਤ 1273 ਬਿਕਰਮੀ ਤੇ ਈਸਵੀ 1180 ਨੂੰ ਜਨਮਿਆ ਦੱਸਦੇ ਹਨ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਨੂੰ ਰਾਏ ਭੋਏ ਦੀ ਤਲਵੰਡੀ, ਜਿਸ ਨੂੰ ਅੱਜਕਲ੍ਹ, ਨਨਕਾਣਾ ਸਾਹਿਬ (ਹੁਣ ਪਾਕਿਸਤਾਨ) ਕਿਹਾ ਜਾਂਦਾ ਹੈ, ਵਿਖੇ ਹੋਇਆ ਸੀ। ਦੋਹਾਂ ਮਹਾਂਪੁਰਸ਼ਾਂ ਦੇ ਜੀਵਨ ਕਾਲ ਦਾ ਕੋਈ 232 ਸਾਲਾਂ ਦਾ ਅੰਤਰ ਬਣਦਾ ਹੈ ਤੇ ਗੱਲ ਬੜੀ ਭਲੀਭਾਂਤ ਸਾਬਤ ਹੁੰਦੀ ਹੈ ਕਿ ਇਹ ਦੋਵੇਂ ਮਹਾਂਪੁਰਸ਼ ਸਮਕਾਲੀ ਨਹੀਂ ਸਨ ਤੇ ਨਾ ਹੀ ਸਧਨਾ ਜੀ 'ਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਗੁਰਮਤਿ ਦਾ ਕੋਈ ਪ੍ਰਭਾਵ ਬਣਦਾ ਹੈ। ਹਾਂ, ਇਹ ਗੱਲ ਜ਼ਰੂਰ ਸਧਨਾ ਜੀ ਦੀ ਬਾਣੀ ਤੇ ਦੂਸਰੀਆਂ ਮੌਜੂਦ ਰਚਨਾਵਾਂ ਤੋਂ ਪ੍ਰਭਾਵ ਦਿੰਦੀ ਹੈ ਕਿ ਉਨ੍ਹਾਂ ਦੀ ਵਿਚਾਰਧਾਰਾ ਗੁਰਮਤਿ ਦੇ ਸਿਧਾਂਤਾਂ ਨਾਲ ਕਈ ਜਗ੍ਹਾ ਮੇਲ ਜ਼ਰੂਰ ਖਾਂਦੀ ਹੈ। ਇਸ ਲਈ ਸਧਨਾ ਜੀ ਦੇ ਕਾਲ ਤੇ ਜੀਵਨੀ ਬਾਰੇ ਵਿਦਵਾਨਾਂ ਨੂੰ ਹੋਰ ਪੜਤਾਲ ਤੇ ਖੋਜ ਕਰਨ ਦੀ ਲੋੜ ਹੈ। ਉਕਤ ਸ਼ਬਦ ਇਸੇ ਕਰਕੇ ਵਿਦਵਾਨ ਨੂੰ ਭੁਲੇਖਾ ਪਾਉਂਦਾ ਹੈ।

ਨਿਮਨ-ਲਿਖਤ ਸਤਿਗੁਰੂ ਸਧਨਾ ਜੀ ਦੇ ਦੋ ਪਦੇ 'ਜੋਧਪੁਰ ਪ੍ਰਾਚੀਨ ਪ੍ਰਤਿਸ਼ਠਾਨ' ਵਿਚ ਦਰਜ ਭਗਤਾਂ ਦੀ ਬਾਣੀ ਦੇ ਸੰਗ੍ਰਹਿ 'ਚ ਉਪਸਥਿਤ ਮਿਲੇ ਹਨ। ਪਹਿਲੇ ਪਦੇ ਦਾ ਸਿਰਲੇਖ ਰਾਗ ਰਾਮਕਲੀ' ਦਿੱਤਾ ਹੈ ਤੇ ਦੂਸਰਾ ਪਦਾ ਜਿਹੜਾ ਕਿ 'ਸ੍ਰੀ ਗੁਰੂ ਗ੍ਰੰਥ ਜੀ' ਵਿਚ ਦਰਜ ਹੈ ਉਹ 'ਰਾਗ ਬਿਲਾਵਲ' 'ਚ ਹੈ। ਇਸ ਪਦੇ ਨੂੰ ਉਕਤ ਵਿਆਖਿਆ 'ਚ ਲਿਖ ਦਿੱਤਾ ਹੈ ਤੇ 'ਦਾ ਰਾਮਕਲੀ' ਨਿਮਨ ਅਨੁਸਾਰ ਲਿਖਤ ਹੈ:

'ਰਾਗ ਰਾਮਕਲੀ':
ਮਨ ਮਧੂ ਕੀਰਤਨ ਮਾਨ ਸਰੋਦਿਨ, ਉਭੈ ਪਹੁਪਤਾ ਮਾਹੀ।
ਏ ਹਲਾਹਲ ਏਕ ਅਮੀਰਸ ਦੋਈ ਸੁਭਾਵ ਨਹੀਂ ਜਾਹੀ॥ ਟੇਕ॥
ਅਮੀ ਕਾਲ ਪਰਿ ਜੇ ਚੜ੍ਹ ਬੈਠੇ ਤੇ ਸਹਜ ਸਮਾਧਿ ਬਬੇਕਾ॥
ਜੋ ਕਬਹੁ ਮਨ ਬਿਸ਼ੈ ਸੋ ਰਾਤ, ਤੋ ਦੀਪ ਪਤੰਗ ਕਾ ਲੇਖਾ॥1॥
ਸਹਜ ਕਵਲ ਖਿਮਾਦਲ ਜਾਕੈ ਸੰਤੋਸ਼ ਤਾਸ ਅਖਾਣੀ॥
ਅਨੰਦ ਪ੍ਰਕਾਸ਼ ਨਾਲਿ ਗੁਣ ਸਤਿਗੁਰ ਤਹ ਅਸਥਿਰ ਕਾਹੇ ਜਾਣੀ॥2॥
ਜਹ ਮਰਣ ਬਿਆਧਿ ਬਲ ਨਾਹੀ, ਪਾਇਆ ਸ਼ੁਭ ਅਸਥਾਨਾ॥
ਕਹੈ ਸਧਨਾ ਸੌ ਸਬ ਘਟਿ ਵਿਆਪਕ, ਬਿਰਲੈ ਕਾਹੂ ਜਾਨਾ॥3॥
ਤੁਮ ਗੁਣ ਕਹਾ ਜਗਤ ਗੁਰਾ, ਜੋ ਕਰਮ ਨ ਕਾਸੈ।
ਸਿੰਘ ਸਰਨ ਕਤ ਜਾਈਏ ਜੌ ਜੰਬਕ ਗ੍ਰਾਸੈ॥ ਟੇਕ 858॥
ਪੈਰਤ ਪੈਰਤ ਭੋਜਲਾ, ਕਾਹੂ ਥਾਹ ਨਾ ਪਾਉਂ॥
ਬੂਡਿ ਮੁਵੈ ਨੋਕਾ ਮਿਲੈ, ਤੇ ਕਾਹਿ ਚੜ੍ਹਾਉਂ॥
ਸਵਾਤਿ ਬੂੰਦ ਕੈ ਕਾਰਨੈ, ਚਾਤ੍ਰਿਕ ਦੁਖ ਪਾਵੈ॥
ਪ੍ਰਾਨ ਗਏ ਸਾਗਰ ਮਿਲੈ ਫੁਨ ਕਾਮ ਨ ਆਵੈ॥
ਨਿਰਪ ਕੰਨਿਆ ਕੇ ਕਾਰਨੇ, ਏਕ ਭਇਉਂ ਭੇਖਧਾਰੀ॥
ਕਾਮ ਲੁਬਧਿ ਪਾਖੰਡ ਰਚਿਉਂ ਤਾਕੀ ਪੈਜ ਸਵਾਰੀ॥3॥
ਮੈ ਹੋ ਕਰਮੀ ਤੂੰ ਮੇਟਨਾ, ਔਗਣ ਸਬ ਮੇਰਾ॥
ਕੂੜਾ ਕਪਟੀ ਰਾਮ ਜੀ, ਸਧਨਾ ਜਨ ਤੇਰਾ॥4॥2॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ ਸਤਿਗੁਰੂ ਸਧਨਾ ਜੀ ਦਾ ਬਿਲਾਵਲ ਰਾਗ 'ਚ ਇਕੋ-ਇਕ ਪਦਾ ਹੈ। ਹਿੰਦੀ ਸਾਹਿਤ ਦੇ ਮੱਧ ਯੁੱਗ ਦੇ ਇਤਿਹਾਸ 'ਚ ਕਾਵਿ ਸਾਹਿਤ 'ਚ ਰਚਨਾ ਦੇ ਮੁੱਖ ਵਿਸ਼ੇ ਨੂੰ 'ਟੇਕ' ਸ਼ਬਦ ਦੀ ਵਰਤੋਂ ਨਾਲ ਸੰਬੋਧਨ ਕੀਤਾ ਜਾਂਦਾ ਸੀ, ਜਦੋਂ ਕਿ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ ਬਾਣੀ 'ਚ 'ਰਹਾਉ' ਸ਼ਬਦ ਨਾਲ ਸੰਬੋਧਨ ਕੀਤਾ ਹੈ।

ਉਕਤ ਪਦੇ 'ਚ ਦਰਜ ਇਹ ਨਿਮਨ ਦੋ ਪੰਗਤੀਆਂ:
ਜਹਿ ਮਰਣ ਬਿਆਧਿ ਬਲ ਨਾਹੀ, ਪਾਇਆ ਸ਼ੁਭ ਅਸਥਾਨਾ॥
ਕਹੈ ਸਧਨਾ ਜੋ ਸਬ ਘਟਿ ਵਿਆਪਕ ਬਿਰਲੈ ਜਾਨਾ॥

ਸਧਨਾ ਜੀ ਉਕਤ ਪੰਗਤੀਆਂ 'ਚ ਕਹਿੰਦੇ ਹਨ ਕਿ ਮੈਂ ਸਤਿਗੁਰੂ ਜੀ ਦੀ ਕਿਰਪਾ ਨਾਲ ਸੰਤੁਸ਼ਟ ਅਵਸਥਾ 'ਚ ਆ ਚੁੱਕਾ ਹਾਂ ਜੋ ਪ੍ਰਮਾਤਮਾ ਸਭਨਾਂ ਘਟਾਂ ਵਿਚ ਵਸਦਾ ਹੈ। ਉਸ ਨੂੰ ਕੋਈ ਵਿਰਲਾ ਹੀ ਜਾਣਦਾ ਹੈ।

ਤਵ ਗੁਨ ਕਹਾ ਜਗਤ ਗੁਰਾ ਜਉ ਕਰਮ ਨਾ ਨਾਸੈ॥ (ਰਾਗ ਬਿਲਾਵਲ, ਸਧਨਾ, ਅੰਗ ਗ.ਗ.ਸ.ਜ 858)

ਕਈ ਵਿਦਵਾਨ ਉਕਤ ਪੰਗਤੀ 'ਚ ਆਏ ਇਕ ਸ਼ਬਦ 'ਜਗਤ ਗੁਰਾਂ' ਤੋਂ ਇਹ ਭਾਵ ਲੈਂਦੇ ਹਨ ਕਿ ਉਹ ਗੁਰੂ ਨਾਨਕ ਦੇਵ ਜੀ ਹੀ 'ਜਗਤ ਗੁਰੂ' ਸਨ। ਜਿਨ੍ਹਾਂ ਨੂੰ ਸਧਨਾ ਜੀ ਆਪਣਾ ਇਸ਼ਟ ਸਮਝ ਕੇ 'ਸਧਨਾ ਜਨ ਤੇਰਾ' ਦੀ ਅਰਦਾਸ ਕੀਤੀ ਹੈ। ਜਿਨ੍ਹਾਂ ਦਾ ਜ਼ਿਕਰ ਸਧਨਾ ਜੀ ਨੇ ਉਕਤ ਦਿੱਤੀਆਂ ਪੰਗਤੀਆਂ 'ਚ ਕੀਤਾ ਹੈ।

ਪੰਡਤ ਤਾਰਾ ਸਿੰਘ ਜੀ ਲਿਖੇ ਹਨ, 'ਸਧਨਾ ਕਸਾਈ ਆਪਨੀ ਕੁਲ ਦਾ ਕਾਰ ਤਿਆਗ ਕਹੁੰ ਹਿੰਦੂ ਸਾਧੂ ਸੇ ਪ੍ਰਮੇਸਰ ਭਗਤੀ ਕਾ ਉਪਦੇਸ਼ ਲੇਕਰ ਪ੍ਰੇਮ ਸੇ ਭਗਤੀ ਕਰਨ ਲੱਗਾ। ਮੁਸਲਮਾਨ ਉਸ ਕੋ ਕਾਫਰ ਕਹਿਨੇ ਲਗੇ ਕਾਜੀ ਲੋਗੋਂ ਨੇ ਉਸ ਸਮੇਂ ਕੇ ਰਾਜੇ ਕੋ ਕਹਾ ਇਸਕੋ ਬੁਰਜ ਮੇਂ ਚਿਨਨਾ ਚਾਹੀਏ। ਨਹੀਂ ਤੋ ਯਹਿ ਕਾਫਰ ਔਰ ਮੁਸਲਮਾਨੋਂ ਕੋ ਹਿੰਦੂ ਮਤ ਕੀ ਸੀਖ ਸਿਖਾਇ ਕਰ ਕਾਫਰ ਕਰੇਗਾ। ਪਾਤਸ਼ਾਹ ਸੇ ਕਹਿਨੇ ਸੇ ਬੁਰਜ ਮੇਂ ਚਿਨਨੇ ਕਾ ਹੁਕਮ ਦੀਆ, ਰਾਜ ਚਿਨਨੇ ਲਗਾ। ਤਿਸ ਸਮੇਂ ਸਧਨੇ ਭਗਤ ਨੇ ਯਹਿ ਬਚਨ ਕਹਿਆ।'

ਗਿਆਨੀ ਗਿਆਨ ਸਿੰਘ ਜੀ ਨੇ ਚਿਣਨ ਵਾਲੇ ਪਾਤਸ਼ਾਹ ਦਾ ਨਾਮ ਸਿਕੰਦਰ ਲੋਧੀ ਦੱਸਿਆ ਹੈ। ਜਿਸ ਬੁਰਜ ਵਿਚ ਸਧਨੇ ਨੂੰ ਚਿਣਿਆ ਸੀ, ਇਹ ਬੁਰਜ ਸਰਹਿੰਦ ਸਧਨੇ ਭਗਤ ਵਾਲਾ ਬੁਰਜ ਕਰਕੇ ਪ੍ਰਸਿੱਧ ਹੈ।

ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਲਿਖਤ ਹੈ, ਸਧਨੇ ਦਾ ਦੇਹੁਰਾ ਸਰਹਿੰਦ ਪਾਸ ਵਿਦਮਾਨ ਹੈ।

ਨਾਮਦੇਵ ਜੀ ਦੇ ਸਾਥੀ ਗਿਆਨ ਦੇਵ ਜੀ (ਗਿਆਨੇਸ਼ਵਰ ਨਹੀਂ) ਨੇ ਜਦੋਂ ਤੀਰਥ ਯਾਤਰਾ ਕੀਤੀ। ਉਨ੍ਹਾਂ ਨਾਲ ਮੇਲ ਹੋਣ ਤੋਂ ਸਾਥੀ ਬਣ ਗਏ ਸੀ। ਸਾਥੀ ਬਣਨ ਵਾਲੀ ਗੱਲ ਠੀਕ ਜਾਪਦੀ ਹੈ। ਕਾਸ਼ੀ ਵਿਚ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਗਏ ਭਗਤਾਂ ਵਿਚ ਏਸੇ ਕਾਰਨ ਨਾਮ ਆਇਆ ਹੈ। ਨਾਮਦੇਵ ਜੀ ਦੇ ਮਰਾਠੀ ਅਭੰਗਾਂ ਵਿਚ ਸਧਨਾ ਜੀ ਦਾ ਨਾਮ ਰਵਿਦਾਸ ਜੀ ਦੇ ਨਾਲ ਆਉਂਦਾ ਹੈ। ਜਿਸ ਤੋਂ ਨਾਮਦੇਵ ਜੀ ਦੇ ਸਮਕਾਲੀ ਸਿੱਧ ਹੁੰਦੇ ਹਨ। ਸਧਨਾ ਜੀ ਦਾ ਇਨ੍ਹਾਂ ਭਗਤਾਂ ਵਿਚ ਮੰਨਿਆ ਸਥਾਨ ਹੋਣ ਦਾ ਪਤਾ ਚਲਦਾ ਹੈ।

ਡਾਕਟਰ ਗ੍ਰੀਅਰਸਨ ਨੇ ਸਧਨਾ ਜੀ ਸਤਾਰਵੀਂ ਸਦੀ ਵਿਚ ਹੋਏ ਲਿਖੇ ਹਨ। ਸਧਨਾ ਜੀ ਨੂੰ ਬਹੁਤ ਪਿੱਛ ਲੈ ਜਾਣ ਦੀ ਇਹ ਮਾਨਤਾ ਢੁੱਕਦੀ ਨਹੀਂ। ਰਵਿਦਾਸ ਜੀ ਏਨੇ ਪਿੱਛੋਂ ਹੋਏ ਭਗਤਾਂ ਦਾ ਜ਼ਿਕਰ ਕਿਵੇਂ ਕਰਦੇ- 'ਸਧਨਾ ਸੈਣ ਤਰੇ'। ਗ੍ਰੀਅਰਸਨ ਜੀ ਨੇ ਸਧਨਾ ਪੰਥ ਦੀ ਚਰਚਾ ਵੀ ਕੀਤੀ ਹੈ। ਇਸ ਨੇ ਪੰਥ ਦਾ ਕੇਂਦਰ ਬਨਾਰਸ ਦੱਸਿਆ ਹੈ। ਸੁਥਰੇ ਸ਼ਾਹੀਆਂ ਵਾਂਗ ਹੋ ਸਕਦਾ ਹੈ, ਕੁਝ ਸਾਧੂ ਏਸ ਮੱਤ ਦੇ ਕਦੇ ਹੁੰਦੇ ਹੋਣ, ਜਿਨ੍ਹਾਂ ਦਾ ਇਸ ਵੇਲੇ ਅਭਾਵ ਹੈ।

ਪਰਸ਼ੂਰਾਮ ਚਤੁਰਵੇਦ ਨੇ ਪੱਛਮੀ ਪੰਜਾਬ ਵੀ ਨਾਲ ਲਗਦਾ ਕਿਹਾ ਹੈ, ਭਾਸ਼ਾ ਉਤੇ ਫਾਰਸੀ-ਅਰਬੀ ਦੇ ਰੰਗ ਕਾਰਨ ਪੱਛਮੀ ਪੰਜਾਬ ਦੇ ਹੀ ਜਾਪਦੇ ਹਨ। ਉਨ੍ਹਾਂ ਦਾ ਅੰਤ ਸਮਾਂ ਸਿਕੰਦਰ ਲੋਧੀ ਦੇ ਰਾਜ ਕਾਲ ਦਾ ਹੈ, ਇਹੋ ਹੀ ਹੋਰ ਭਗਤ ਸਾਹਿਬਾਨ ਅਤੇ ਗੁਰੂ ਨਾਨਕ ਦੇਵ ਜੀ ਦਾ ਸਮਾਂ ਹੈ। ਸਧਨਾ ਜੀ ਦੀ ਰਚਨਾ ਹਿਰਦੇ ਦੀ ਸੱਚੀ ਭਾਵਨਾ ਦੀ ਸੂਚਕ ਹੈ ਸਰਲ ਅਤੇ ਸਪਸ਼ਟ ਜੀਵਨ ਦੀ ਝਲਕ ਹੈ, ਵਿਸ਼ਵਾਸ ਸਿਖਰਾਂ ਛੋਹ ਰਿਹਾ ਹੈ। ਨਾਲ ਹੀ ਸੂਖਮ ਜਿਹਾ ਨਿਹੋਰਾ ਹੈ: 'ਤਵ ਗੁਨਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ'।

ਰਵਿਦਾਸੀਆ ਪੰਥੀਆਂ ਨੇ ਸਤਿਗੁਰੂ ਸਧਨਾ ਜੀ ਨੂੰ ਸਵੀਕਾਰ ਕੀਤਾ ਅਤੇ ਉਨ੍ਹਾਂ ਦੇ ਉਪਦੇਸ਼ ਅਤੇ ਵਿਚਾਰਾਂ ਦਾ ਪ੍ਰਚਾਰ ਕੀਤਾ, ਜਿਵੇਂ ਕਿ ਸਤਿਗੁਰੂ ਰਵਿਦਾਸ ਜੀ ਆਪਣੀ ਭਗਤੀ ਵਾਲੀ ਬਾਣੀ ਵਿਚ ਸਤਿਗੁਰੂ ਸਧਨਾ ਜੀ ਨੂੰ ਸਤਿਗੁਰੂ ਕਬੀਰ ਸਾਹਿਬ, ਸਤਿਗੁਰੂ ਸੈਣ ਸਾਹਿਬ, ਸਤਿਗੁਰੂ ਨਾਮਦੇਵ ਸਾਹਿਬ ਵਿਚ ਇਕ ਮਹਾਨ ਸ਼ਰਧਾਲੂ ਵਜੋਂ ਸਵੀਕਾਰ ਕਰਦੇ ਹਨ ਅਤੇ ਇਨ੍ਹਾਂ ਸਭ ਮਹਾਂਪੁਰਸ਼ਾਂ ਦੀ ਪ੍ਰਸ਼ੰਸਾ ਕਰਦੇ ਹਨ। ਰਵਦਾਸੀਆ ਪੰਥੀ ਸਿੱਖ ਧਰਮ ਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵੀ ਸਤਿਕਾਰ ਕਰਦੇ ਹਨ ਪਰ ਕੁਝ ਵਖਰੇਵਿਆਂ ਕਾਰਨ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਦਾ ਇਕ ਆਪਣਾ ਗ੍ਰੰਥ ਜਿਸ ਨੂੰ 'ਅੰਮ੍ਰਿਤਬਾਣੀ ਗੁਰੂ ਰਵਿਦਾਸ ਜੀ' ਕਹਿੰਦੇ ਹਨ ਸੰਕਲਿਤ ਕਰ ਲਿਆ ਹੈ ਅਤੇ ਇਸ ਨੂੰ ਬਹੁਤ ਸਾਰੇ ਸਤਿਗੁਰੂ ਰਵਿਦਾਸ ਜੀ ਦੇ ਮੰਦਰਾਂ ਵਿਚ ਹੁਣ ਇਸ ਗ੍ਰੰਥ ਦੀ ਵਰਤੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਥਾਂ ਕੀਤੀ ਜਾਣ ਲੱਗ ਪਈ ਹੈ, ਉਨ੍ਹਾਂ ਨੇ ਇਸ ਵਿਚ ਸਤਿਗੁਰੂ ਸਧਨਾ ਜੀ ਦੀ ਬਾਣੀ ਨੂੰ ਨਹੀਂ ਸੰਕਲਿਤ ਕੀਤਾ। ਪਰ ਡੇਰਾ ਸੱਚਖੰਡ ਬੱਲਾਂ, ਜਲੰਧਰ, ਪੰਜਾਬ ਨੇ 30 ਜਨਵਰੀ, 2010 ਨੂੰ ਸਤਿਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਪੁਰਬ 'ਤੇ ਸ੍ਰੀ ਰਵਿਦਾਸ ਜੀ, ਸ੍ਰੀ ਬਾਲਮੀਕੀ ਜੀ, ਸ੍ਰੀ ਨਾਮਦੇਵ ਜੀ, ਸ੍ਰੀ ਕਬੀਰ ਜੀ, ਸ੍ਰੀ ਤ੍ਰਿਲੋਚਨ ਜੀ, ਸ੍ਰੀ ਸੈਨ ਜੀ ਅਤੇ ਸ੍ਰੀ ਸਧਨਾ ਜੀ ਦੀ ਬਾਣੀ ਅਤੇ ਮਾਨਵਤਾਵਾਦੀ ਸਿੱਖਿਆਵਾਂ ਦਾ ਪ੍ਰਚਾਰ ਕਰਨ ਲਈ, ਰਵਿਦਾਸੀਆ ਧਰਮ ਦੇ ਉਦੇਸ਼ਾਂ ਦਾ ਐਲਾਨ ਕੀਤਾ ਹੈ।


(ਹਵਾਲਾ: ਵਿੱਕੀਪੀਡੀਆ ਅਤੇ ਰਵਿਦਾਸੀਆ ਵੈਬਸਾਈਟ)

**ਯਾਦਗਾਰ:** ਮਸਜਿਦ ਸਤਿਗੁਰੂ ਸਧਨਾ ਜੀ: ਸਤਿਗੁਰੂ ਸਧਨਾ ਜੀ ਦੀ ਮਸਜਿਦ-ਰੋਪੜ ਰੇਲਵੇ ਲਾਈਨ ਦੇ ਉਤਰ-ਪੱਛਮ ਵਿਚ ਰੇਲਵੇ ਲਾਈਨ ਦੇ ਨਾਲ ਸਥਿਤ ਹੈ। ਸਾਰੀ ਮਸਜਿਦ ਸਰਹਿੰਦੀ ਇੱਟਾਂ ਦੀ ਬਣੀ ਹੋਈ ਹੈ। ਮਸਜਿਦ ਵਿਚਲੇ ਚਿੱਤਰ 'ਟੀ' ਕਲਾ ਦੇ ਰੂਪ ਨੂੰ ਦਰਸਾਉਂਦੇ ਹਨ।

****

# ਬ੍ਰਿਟੇਨ 'ਚ ਭਾਰਤੀ ਉੜੀਆ ਔਰਤ ਸਾੜੀ ਪਾ ਕੇ ਦੌੜੀ 42.5 ਕਿਲੋਮੀਟਰ ਮੈਰਾਥਨ

**ਨਵੀਂ ਦਿੱਲੀ**-ਬ੍ਰਿਟੇਨ 'ਚ ਰਹਿਣ ਵਾਲੀ ਭਾਰਤੀ ਮੂਲ ਦੀ ਉੜੀਆ ਔਰਤ ਮਧੂਸਮਿਤਾ ਜੇਨਾ ਇਨ੍ਹੀਂ ਦਿਨੀਂ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਐਤਵਾਰ ਨੂੰ ਮਧੂਸਮਿਤਾ ਜੇਨਾ (41 ਸਾਲ) ਨੇ ਮਾਨਚੈਸਟਰ ਵਿੱਚ ਸੰਬਲਪੁਰੀ ਸਾੜੀ ਪਾ ਕੇ 42.5 ਕਿਲੋਮੀਟਰ ਦੀ ਮੈਰਾਥਨ ਦੌੜੀ। ਮਧੂਸਮਿਤਾ ਨੇ ਮੈਰਾਥਨ 4 ਘੰਟੇ 50 ਮਿੰਟ 'ਚ ਪੂਰੀ ਕੀਤੀ। ਮਧੂਸਮਿਤਾ ਮਾਨਚੈਸਟਰ ਮੈਰਾਥਨ ਵਿੱਚ ਸੰਬਲਪੁਰੀ ਸਾੜੀ ਪਾ ਕੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਦੌੜੀ। ਉਸ ਨੇ 42.5 ਕਿਲੋਮੀਟਰ ਦੀ ਦੂਰੀ ਤੈਅ ਕੀਤੀ ਅਤੇ ਇਸ ਨੂੰ 4 ਘੰਟੇ 50 ਮਿੰਟ ਵਿੱਚ ਪੂਰਾ ਕੀਤਾ। ਮਧੂਸਮਿਤਾ ਨੇ 18,577 ਉਮੀਦਵਾਰਾਂ ਵਿੱਚੋਂ 14,585 ਰੈਂਕ ਹਾਸਲ ਕੀਤੇ ਹਨ। ਉੜੀਸਾ ਦੇ ਕਟਕ ਜ਼ਿਲ੍ਹੇ ਦੇ ਖਾਪੁਰੀਆ ਦੀ ਰਹਿਣ ਵਾਲੀ



ਮਧੂਸਮਿਤਾ ਕਈ ਸਾਲਾਂ ਤੋਂ ਮਾਨਚੈਸਟਰ ਵਿੱਚ ਰਹਿ ਰਹੀ ਹੈ। ਮਧੂਸਮਿਤਾ ਦਾ ਜਨਮ ਅਤੇ ਪਾਲਣ ਪੋਸ਼ਣ ਮਾਨਚੈਸਟਰ ਵਿੱਚ ਹੋਇਆ ਸੀ। ਉਸ ਦਾ ਪਿਤਾ ਮਾਨਚੈਸਟਰ ਦੇ ਸਥਾਨਕ ਸਰਕਾਰੀ ਹਸਪਤਾਲ ਵਿੱਚ ਇੱਕ ਅਟੈਂਡਿੰਗ ਡਾਕਟਰ ਵਜੋਂ ਕੰਮ ਕਰਦਾ ਹੈ। ਮਧੂਸਮਿਤਾ ਦਾ ਵਿਆਹ ਭੁਵਨੇਸ਼ਵਰ ਦੇ ਰਹਿਣ ਵਾਲੇ ਸਾਈਂ ਦਾਸ ਨਾਲ ਹੋਣ ਤੋਂ ਬਾਅਦ ਉਹ ਪਹਿਲਾਂ ਮਿਸਰ ਵਿੱਚ ਰਹਿੰਦੀ ਸੀ, ਪਰ ਆਪਣੇ ਦੋ ਬੱਚਿਆਂ ਦੀ ਸਿੱਖਿਆ ਲਈ, ਮਧੂਸਮਿਤਾ ਮੈਨਚੈਸਟਰ ਵਾਪਸ ਆ ਗਈ, ਜਿੱਥੇ ਉਹ ਹਾਈ ਸਕੂਲ ਅਧਿਆਪਕ ਵਜੋਂ ਕੰਮ ਕਰਦੀ ਹੈ। ਮਧੂਸਮਿਤਾ ਮੁਤਾਬਕ ਉਹ ਬਚਪਨ ਤੋਂ ਹੀ ਆਰਥੋਡਾਕਸ ਸੱਭਿਆਚਾਰ ਅਤੇ ਪਰੰਪਰਾ ਨਾਲ ਜੁੜੀ ਹੋਈ ਹੈ।

ਬਚਪਨ ਵਿੱਚ ਜਦੋਂ ਉਹ ਭਾਰਤ ਆਉਂਦੀ ਸੀ ਤਾਂ ਓਡੀਸੀ ਸਿੱਖਦੀ ਸੀ। ਉਹ ਹਮੇਸ਼ਾ ਸਾੜ੍ਹੀ ਪਹਿਨਣਾ ਪਸੰਦ ਕਰਦੀ ਹੈ, ਪਰ ਤੁਹਾਨੂੰ ਮਾਨਚੈਸਟਰ ਵਿੱਚ ਸਾੜ੍ਹੀ ਪਹਿਨਣ ਦਾ ਮੌਕਾ ਘੱਟ ਹੀ ਮਿਲਦਾ ਹੈ।

# 1 ਮਈ ਲਈ ਅੰਤਰਰਾਸ਼ਟਰੀ ਮਜਦੂਰ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਅੱਜ 01 ਮਈ ਨੂੰ ਪੂਰੀ ਦੁਨੀਆਂ ਵਿੱਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਜਿਸਨੂੰ ਮਈ ਦਿਵਸ ਵੀ ਕਿਹਾ ਜਾਂਦਾ ਹੈ ਵਜੋਂ ਮਨਾਇਆ ਜਾ ਰਿਹਾ ਹੈ। ਇਸ ਦਿਨ ਮਜ਼ਦੂਰਾਂ ਦੇ ਯੋਗਦਾਨ ਅਤੇ ਕੁਰਬਾਨੀ ਦਾ ਜਸ਼ਨ ਮਨਾਇਆ ਜਾਂਦਾ ਹੈ। ਮਈ ਦਿਵਸ 19ਵੀਂ ਸਦੀ ਦੇ ਅੰਤ ਵਿੱਚ ਮਜ਼ਦੂਰਾਂ ਦੇ ਸੰਘਰਸ਼ ਅਤੇ ਉਸ ਤੋਂ ਬਾਅਦ ਦੇ ਸਸ਼ਕਤੀਕਰਨ ਦਾ ਗਵਾਹ ਹੈ। ਇਸਦੀ ਸ਼ੁਰੂਆਤ ਮਜਦੂਰਾਂ ਦੇ ਕੰਮ ਦੇ 08 ਘੰਟੇ ਕਰਨ ਨੂੰ ਲੈਕੇ ਕੀਤੇ ਗਏ ਸੰਘਰਸ ਨਾਲ ਹੋਈ ਸੀ। ਮਜਦੂਰਾਂ ਤੋਂ ਪਹਿਲਾਂ 12-14 ਘੰਟੇ ਕੰਮ ਕਰਵਾਇਆ ਜਾਂਦਾ ਸੀ ਅਤੇ ਜੇਕਰ ਕੋਈ ਇਸ ਸ਼ੋਸ਼ਣ ਖਿਲਾਫ ਬੋਲਦਾ ਸੀ ਤਾਂ ਉਸਨੂੰ ਕੰਮ ਤੋਂ ਕੱਢ ਦਿੱਤਾ ਜਾਂਦਾ ਸੀ। ਇਸ ਸ਼ੋਸ਼ਣ ਦੇ ਖਿਲਾਫ ਅਮਰੀਕਾ ਵਿੱਚ 01 ਮਈ ਨੂੰ ਮਜਦੂਰ ਜਥੇਵੰਦੀਆਂ ਨੇ ਇੱਕ ਦਿਨ ਦੀ ਹੜਤਾਲ ਕੀਤੀ ਜਿਸਨੂੰ ਭਰਪੂਰ ਸਮੱਰਥਨ ਮਿਲਿਆ। 04 ਮਈ 1886 ਨੂੰ ਸ਼ਿਕਾਗੋ ਵਿੱਚ ਜਦੋਂ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਮਜਦੂਰ ਇਕੱਠੇ ਹੋਕੇ ਮੰਗ ਕਰ ਰਹੇ ਸਨ ਕਿ ਇਸ ਦੌਰਾਨ ਕਿਸੇ ਵਿਅਕਤੀ ਨੇ ਬੰਬ ਚਲਾ ਦਿੱਤਾ ਅਤੇ ਬਾਅਦ ਵਿੱਚ ਪੁਲਿਸ ਫਾਈਰਿੰਗ ਵਿੱਚ 04 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕੁਝ ਪੁਲਿਸ ਵਾਲੇ ਵੀ ਮਾਰੇ ਗਏ। ਸਰਕਾਰ ਵਲੋਂ ਮਜਦੂਰ ਆਗੂਆਂ ਵਿਰੁੱਧ ਕਾਰਵਾਈ ਕਰਦਿਆਂ ਕਈ ਮਜਦੂਰਾਂ ਅਤੇ ਮਜਦੂਰ ਆਗੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 08 ਮਜਦੂਰ ਆਗੂਆਂ ਤੇ ਮੁਕੱਦਮਾ ਚਲਾਇਆ ਗਿਆ। ਉਪਰੋਕਤ ਆਗੂਆਂ ਵਿੱਚੋਂ ਕਿਸੇ ਦਾ ਵੀ ਬੰਬ ਧਮਾਕੇ ਦਾ ਦੋਸ਼ੀ ਹੋਣਾ ਸਾਬਤ ਨਹੀਂ ਹੋਇਆ ਪਰ ਫਿਰ ਵੀ ਸੱਤ ਆਗੂਆਂ ਜਿਨ੍ਹਾਂ ਵਿੱਚੋਂ ਅਲਬਰਟ ਪਾਰਸਨਜ਼, ਆਗਸਟ ਸਪਾਈਜ਼, ਸੈਮੂਅਲ ਫੀਲਡਜ਼, ਮਾਈਕਲ ਸ਼ਾਅਬ, ਲੂਈ ਕਿੰਗ, ਅਡੌਲਫ ਫਿਸ਼ਰ ਤੇ ਜਾਰਜ ਐਨਗਿਲ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਅੱਠਵੇਂ ਆਗੂ ਆਸਕਾਰ ਨੀਵ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਉਪਰੋਕਤ ਨਾਜਾਇਜ਼ ਸਜ਼ਾਵਾਂ ਨੂੰ ਰੋਕਣ ਲਈ ਯੂਰਪ ਤੇ ਅਮਰੀਕਾ ਦੀਆਂ ਮਜ਼ਦੂਰ ਜਥੇਬੰਦੀਆਂ ਨੇ ਵੱਡੇ ਵੱਡੇ ਰੋਸ ਮੁਜ਼ਾਹਰੇ ਵੀ ਕੀਤੇ ਪਰ ਸਰਕਾਰ ਨੇ ਬਚਾਓ ਪੱਖ ਦੀ ਕੋਈ ਵੀ ਦਲੀਲ ਨਹੀਂ ਸੁਣੀ। ਲੋਕਾਂ ਦੇ ਭਾਰੀ ਦਬਾਅ ਕਾਰਨ ਦੋ ਆਗੂਆਂ ਫੀਲਡਜ਼ ਤੇ ਸ਼ਾਅਬ ਦੀ ਮੌਤ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਗਿਆ, ਲੂਈ ਕਿੰਗ ਦੀ ਜੇਲ੍ਹ ਵਿੱਚ ਹੀ ਮੌਤ ਹੋ ਗਈ, ਅਲਬਰਟ ਪਾਰਸਨਜ਼, ਸਪਾਈਜ਼, ਜਾਰਜ ਐਨਗਿਲ ਤੇ ਅਡੌਲਫ ਫਿਸ਼ਰ ਨੂੰ 11 ਨਵੰਬਰ, 1887 ਨੂੰ ਫਾਂਸੀ ਦਿਤੀ ਗਈ। ਫਾਂਸੀ ਵੇਲੇ ਆਗਸਟ ਸਪਾਈਜ਼ ਨੇ ਕਿਹਾ ਕਿ ਤੁਸੀਂ ਸਾਨੂੰ ਮਾਰ ਕੇ ਸਾਡੇ ਕੋਲੋਂ ਸ਼ਬਦ ਤਾਂ ਖੋਹ ਸਕਦੇ ਹੋ ਪਰ ਇੱਕ ਸਮਾਂ ਆਵੇਗਾ ਜਦੋਂ ਸਾਡੀ ਚੁੱਪ ਸਾਡੇ ਸ਼ਬਦਾਂ ਨਾਲੋਂ ਵੀ ਵੱਧ ਬੋਲੇਗੀ। ਉਮਰ ਕੈਦ ਦੀ ਸਜ਼ਾ ਭੁਗਤ ਰਹੇ ਬਾਕੀ ਬਚੇ ਤਿੰਨ ਆਗੂਆਂ ਨੂੰ 1893 ਵਿੱਚ ਰਿਹਾਅ ਕਰ ਦਿੱਤਾ ਗਿਆ ਕਿਉਂਕਿ ਇਨ੍ਹਾਂ ਵਿਰੁੱਧ ਲੱਗੇ ਦੋਸ਼ ਸਾਬਤ ਹੀ ਨਹੀਂ ਹੋ ਸਕੇ ਸਨ। ਪੂਰੀ ਦੁਨੀਆਂ ਵਿੱਚ ਉਪਰੋਕਤ ਸ਼ਹੀਦਾਂ ਨੂੰ ਯਾਦ ਅਤੇ ਸਨਮਾਨਿਆ ਜਾਂਦਾ ਹੈ। ਇਸਤੋਂ ਬਾਅਦ 1889 ਵਿੱਚ ਪੈਰਿਸ ਵਿੱਚ ਅੰਤਰਰਾਸ਼ਟਰੀ ਮਹਾਂਸਭਾ ਦੀ ਦੂਜੀ ਬੈਠਕ ਵਿੱਚ ਇੱਕ ਪ੍ਰਸਤਾਵ ਪਾਸ ਕੀਤਾ ਗਿਆ ਕਿ ਇਸਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇ, ਉਸ ਸਮੇਂ ਤੋਂ ਹੀ ਦੁਨੀਆਂ ਦੇ 80 ਦੇਸ਼ਾਂ ਵਿੱਚ ਮਈ ਦਿਵਸ ਨੂੰ ਰਾਸ਼ਟਰੀ ਛੁੱਟੀ ਘੋਸ਼ਿਤ ਕੀਤਾ ਗਿਆ ਅਤੇ ਇਸਨੂੰ ਰਾਸ਼ਟਰ ਪੱਧਰ ਤੇ ਮਨਾਇਆ ਜਾਣ ਲੱਗ ਪਿਆ। 1919 ਵਿੱਚ ਅੰਤਰਰਾਸ਼ਟਰੀ ਮਜਦੂਰ ਸੰਗਠਨ ਹੋਂਦ ਵਿੱਚ ਆ ਗਿਆ। ਇਸਦੇ ਲੱਗਭੱਗ 185 ਦੇਸ਼ ਮੈਂਬਰ ਹਨ ਅਤੇ ਇਸਨੂੰ 1969 ਵਿੱਚ ਨੋਬਲ ਸ਼ਾਂਤੀ ਨਾਲ ਸਨਮਾਨਿਤ ਕੀਤਾ ਗਿਆ ਹੈ। ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਵੱਖ ਵੱਖ ਦੇਸ਼ਾਂ ਵਿੱਚ ਦਫਤਰ ਖੋਲੇ ਗਏ ਹਨ ਅਤੇ ਸਮੇਂ ਸਮੇਂ ਤੇ ਇਸ ਸੰਗਠਨ ਦੁਆਰਾ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਮਜਦੂਰਾਂ ਦੀ ਭਲਾਈ ਅਤੇ ਬਿਹਤਰੀ ਲਈ ਜਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਭਾਰਤ ਵਿੱਚ 01 ਮਈ ਦਾ ਦਿਹਾੜਾ ਸਭ ਤੋਂ ਪਹਿਲਾਂ ਚੇਨਈ ਵਿੱਚ 01 ਮਈ 1923 ਨੂੰ ਮਨਾਉਣਾ ਸ਼ੁਰੂ ਕੀਤਾ ਗਿਆ ਸੀ ਅਤੇ ਇਸਨੂੰ ਮਦਰਾਸ ਦਿਵਸ ਵਜੋਂ ਪ੍ਰਵਾਨਿਤ ਕਰ ਲਿਆ ਗਿਆ ਸੀ। ਇਸ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਰਾਵੇਲੂ ਚੇਟਿਆਰ ਨੇ ਕੀਤੀ ਸੀ। ਮਦਰਾਸ ਹਾਈਕੋਰਟ ਸਾਹਮਣੇ ਇੱਕ ਵੱਡਾ ਮੁਜ਼ਾਹਰਾ ਕਰਕੇ ਇੱਕ ਮਤਾ ਪਾਸ ਕਰਕੇ ਇਹ ਸਹਿਮਤੀ ਬਣਾਈ ਗਈ ਕਿ ਇਸ ਦਿਵਸ ਨੂੰ ਭਾਰਤ ਵਿੱਚ ਵੀ ਮਜਦੂਰ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਛੁੱਟੀ ਦਾ ਐਲਾਨ ਕੀਤਾ ਜਾਵੇ। ਇਸਤੋਂ ਬਾਦ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ 01 ਮਈ ਦਾ ਦਿਹਾੜਾ ਮਜਦੂਰ ਦਿਵਸ ਵਜੋਂ ਮਨਾਇਆ ਜਾਣ ਲੱਗ ਪਿਆ। ਇਸ ਵਿੱਚ ਕੋਈ ਦੋ ਰਾਏ ਨਹੀਂ ਹੈ ਕਿ ਹਰੇਕ ਸਮਾਜ, ਦੇਸ਼, ਸੰਸਥਾ ਅਤੇ ਉਦਯੋਗ ਨੂੰ ਚਲਾਉਣ ਵਿੱਚ ਮਜ਼ਦੂਰਾਂ ਦਾ ਅਹਿਮ ਰੋਲ ਹੁੰਦਾ ਹੈ ਅਤੇ ਇਨ੍ਹਾਂ ਦੀ ਕਾਮਯਾਬੀ ਲਈ ਮਾਲਕ, ਸਰਮਾਇਆ, ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ। ਸਰਕਾਰ ਦੀ ਭੂਮਿਕਾ ਉਦਯੋਗਿਕ ਸ਼ਾਂਤੀ, ਉਦਯੋਗਪਤੀਆਂ ਅਤੇ ਮਜ਼ਦੂਰਾਂ ਦਰਮਿਆਨ ਸੁਖਾਵੇਂ ਸ਼ਾਂਤਮਈ ਅਤੇ ਪਰਿਵਾਰਕ ਸਬੰਧ ਕਾਇਮ ਕਰਨਾ, ਝਗੜੇ ਤੇ ਟਕਰਾਅ ਦੀ ਸੂਰਤ ਵਿੱਚ ਉਨ੍ਹਾਂ ਦਾ ਸਮਝੌਤਾ ਅਤੇ ਸੁਲਾਹ ਕਰਵਾਉਣ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਉਦਯੋਗਿਕ ਟ੍ਰਿਬਿਊਨਲ ਕਾਇਮ ਕਰਕੇ ਨਿਰਪੱਖਤਾ ਤੇ ਪਾਰਦਰਸ਼ੀ ਢੰਗ ਨਾਲ ਕੁਦਰਤੀ ਨਿਆਂ ਦੇ ਅਸੂਲਾਂ ਦੇ ਸਿਧਾਂਤਾਂ ਅਨੁਸਾਰ ਇਨਸਾਫ਼ ਦਿਵਾਉਣਾ ਅਤੇ ਉਨ੍ਹਾਂ ਦੀ ਬਿਹਤਰੀ ਲਈ ਸਮੇਂ-ਸਮੇਂ ਸਿਰ ਕਾਨੂੰਨੀ ਅਤੇ ਜਾਬਤਾ ਪ੍ਰਣਾਲੀ ਨਿਰਧਾਰਤ ਕਰਨਾ ਹੈ। ਹੁਣ ਮਜਦੂਰਾਂ ਦੀ ਭਲਾਈ ਹਰ ਸਰਕਾਰ ਅਤੇ ਰਾਜਨੀਤਿਕ ਪਾਰਟੀ ਲਈ ਵਿਸ਼ੇਸ਼ ਮੁੱਦਾ ਬਣ ਗਈ ਹੈ। ਪਹਿਲੇ ਸੰਸਾਰ ਯੁੱਧ ਅਤੇ ਦੂਜੇ ਸੰਸਾਰ ਯੁੱਧ ਦੋਰਾਨ ਸਾਰੇ ਮਜ਼ਦੂਰ ਸੰਗਠਨ ਅਤੇ ਆਗੂ ਆਪਣੇ-ਆਪਣੇ ਦੇਸ਼ਾਂ ਦੇ ਝੰਡੇ ਹੇਠ ਇਕੱਠੇ ਹੋ ਗਏ ਅਤੇ ਪੱਛਮੀ ਦੇਸ਼ਾਂ ਵਿੱਚ ਕਲਿਆਣਕਾਰੀ ਰਾਜ ਆਇਆ ਅਤੇ ਮਈ ਦਿਵਸ ਦਾ ਪੁਨਰ ਜਾਗਰਣ ਹੋਇਆ। ਸੋਵੀਅਤ ਸੰਘ ਦੇ ਟੁੱਟਣ ਦੇ ਨਾਲ ਹੀ ਪੂੰਜੀਵਾਦ ਦਾ ਬਦਲਾਓ ਗੁੰਮ ਹੋ ਗਿਆ ਹੈ। ਤਕਨਾਲੋਜੀ ਦੇ ਵਿਕਾਸ ਨੇ ਲੋਕਾਂ ਦੀ ਜ਼ਰੂਰਤਾਂ ਨੂੰ ਘੱਟ ਕਰ ਦਿੱਤਾ ਹੈ ਜੋ ਕੰਮ ਪਹਿਲਾਂ 100 ਮਜ਼ਦੂਰ ਮਿਲਕੇ ਕਰਦੇ ਸੀ ਉਹ ਕੰਮ ਹੁਣ ਇੱਕ ਰੋਬੋਟ ਕਰ ਲੈਂਦਾ ਹੈ। ਭਾਰਤ ਵਿੱਚ ਚੀਨ ਤੋਂ ਬਾਦ ਸਭਤੋਂ ਵੱਧ ਕਾਮੇ ਹਨ ਅਤੇ ਇਨ੍ਹਾਂ ਵਿਚੋਂ ਬਹੁਤੇ ਕਾਮੇ ਗੈਰ ਸੰਗਠਿਤ ਖੇਤਰ ਵਿੱਚ ਹੀ ਕੰਮ ਕਰਦੇ ਹਨ। ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੇ ਹਿੱਤਾਂ ਦੀ ਸੁਰਖਿੱਆ ਲਈ ਵੱਖ ਵੱਖ ਟ੍ਰੇਡ ਯੂਨੀਅਨਾਂ ਕੰਮ ਕਰਦੀਆਂ ਹਨ ਜਿਸ ਕਾਰਨ ਸਰਕਾਰਾਂ ਤੇ ਦਬਾਓ ਬਣਿਆ ਰਹਿੰਦਾ ਹੈ ਪ੍ਰੰਤੂ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜ਼ਦੂਰ ਸ਼ੋਸ਼ਣ ਦਾ ਹੀ ਸ਼ਿਕਾਰ ਰਹਿੰਦੇ ਹਨ। ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਬਹੁਤੇ ਕਾਮੇ ਪ੍ਰਵਾਸੀ ਹੁੰਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਅਪਣੇ ਪਰਿਵਾਰਾਂ ਤੋਂ ਦੂਰ ਰਹਿੰਦੇ ਹਨ। ਦੇਸ਼ ਵਿੱਚ ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਲੱਗਭੱਗ 60 ਹਜਾਰ ਟ੍ਰੇਡ ਯੂਨੀਅਨਾਂ ਚੱਲ ਰਹੀਆਂ ਹਨ ਅਤੇ ਟ੍ਰੇਡ ਯੂਨੀਅਨਾਂ ਦੀਆਂ 10 ਕੇਂਦਰੀ ਫੈਡਰੇਸ਼ਨਾਂ ਹਨ। ਬਹੁਤੀਆਂ ਯੂਨੀਅਨਾਂ ਸਿਰਫ ਸੰਗਠਿਤ ਖੇਤਰਾਂ ਦੇ ਕਾਮਿਆਂ ਲਈ ਹੀ ਕੰਮ ਕਰਦੀਆਂ ਹਨ ਜਦਕਿ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜਦੂਰਾਂ ਲਈ ਕੋਈ ਵੀ ਯੂਨੀਅਨ ਕੰਮ ਨਹੀਂ ਕਰਦੀ ਹੈ। ਵਿਸ਼ਵ ਪੱਧਰ ਤੇ ਫੈਲੇ ਕੋਰੋਨਾ ਵਾਇਰਸ ਦਾ ਵੀ ਗਰੀਬ ਮਜਦੂਰਾਂ ਤੇ ਗੰਭੀਰ ਅਸਰ ਪਾਇਆ ਹੈ। ਸੰਯੁਕਤ ਰਾਸ਼ਟਰ ਦੇ ਲੇਬਰ ਵਿਭਾਗ ਨੇ ਇਸ ਸਬੰਧੀ ਕਿਹਾ ਹੈ ਕਿ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ 40 ਕਰੋੜ੍ਹ ਲੋਕ ਗਰੀਬੀ ਵਿੱਚ ਫਸ ਸਕਦੇ ਹਨ। ਅੰਤਰ-ਰਾਸ਼ਟਰੀ ਮਜਦੂਰ ਸੰਗਠਨ ਦੇ ਮਹਾਂ ਨਿਰਦੇਸ਼ਕ ਗਾਏ ਰਾਇਡਰ ਅਨੁਸਾਰ ਇਨ੍ਹਾਂ ਮਜਦੂਰਾਂ ਲਈ ਇਹ ਬਹੁਤ ਹੀ ਸੰਕਟ ਦਾ ਸਮਾਂ ਰਿਹਾ ਹੈ। ਸਰਕਾਰ ਵਲੋਂ ਕੀਤੀ ਗਈ ਮੁਕੰਮਲ ਤਾਲਾਬੰਦੀ ਅਤੇ ਕਈ ਰਾਜਾਂ ਵਿੱਚ ਲਗਾਏ ਗਏ ਕਰਫਿਊ ਦਾ ਸਭ ਤੋਂ ਮਾੜ੍ਹਾ ਅਸਰ ਇਨ੍ਹਾਂ ਗਰੀਬ ਮਜਦੂਰਾਂ ਤੇ ਹੀ ਪਿਆ ਹੈ। ਹਜ਼ਾਰਾਂ ਪ੍ਰਵਾਸੀ ਮਜਦੂਰ ਅਪਣੇ ਪਰਿਵਾਰਾਂ ਸਮੇਤ ਕਈ ਕਈ ਦਿਨ ਭੁੱਖੇ ਭਾਣੇ ਸਫਰ ਕਰਕੇ ਗੈਰ ਮਨੁੱਖੀ ਹਾਲਾਤਾਂ ਵਿੱਚ ਅਪਣੇ ਜੱਦੀ ਇਲਾਕਿਆਂ ਵਿੱਚ ਪਹੁੰਚੇ ਹਨ। ਇਨ੍ਹਾਂ ਵਿੱਚੋਂ ਕਈਆਂ ਨਾਲ ਰਸਤੇ ਵਿੱਚ ਗੈਰ ਮਨੁੱਖੀ ਵਿਉਹਾਰ ਕੀਤਾ ਗਿਆ। ਭਾਰਤੀ ਸੰਵਿਧਾਨ ਮਜ਼ਦੂਰਾਂ ਨੂੰ ਸ਼ੋਸ਼ਣ ਤੋਂ ਬਚਾਉਣ ਅਤੇ ਭਲਾਈ ਲਈ ਸਪੱਸ਼ਟ ਨਿਰਦੇਸ਼ ਦਿੰਦਾ ਹੈ ਜਿਵੇਂ ਆਰਟੀਕਲ 23 ਜਬਰੀ ਮਜਦੂਰੀ ਨੂੰ ਰੋਕਦਾ ਹੈ, 24 ਬੱਚਿਆਂ ਨੂੰ ਕਈ ਥਾਵਾਂ ਤੇ ਕੰਮ ਕਰਨ ਤੇ ਪਾਬੰਦੀ ਲਗਾਂਦਾ ਹੈ, 42ਵੀਂ ਸੋਧ ਦੁਆਰਾ ਲਾਗੂ ਕੀਤੀ ਗਈ 43 ਏ ਨਿਰਦੇਸ਼ ਦਿੰਦੀ ਹੈ ਕਿ ਉਦਯੋਗਾਂ ਦੇ ਪ੍ਰਬੰਧਕੀ ਕਮੇਟੀਆਂ ਵਿੱਚ ਕਾਮਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ, ਲੱਗਭੱਗ 144 ਕੇਂਦਰੀ ਅਤੇ ਰਾਜਾਂ ਦੇ ਕਨੂੰਨ ਮਜਦੂਰਾਂ ਦੀ ਭਲਾਈ ਲਈ ਬਣਾਏ ਗਏ ਹਨ ਪਰ ਇਸ ਸਭ ਦੇ ਬਾਬਜੁਦ ਦੇਸ਼ ਵਿੱਚ ਮਜਦੂਰਾਂ ਦੀ ਖਸਤਾ ਹਾਲਤ ਸਚਾਈ ਬਿਆਨ ਕਰਦੀ ਹੈ। ਗੈਰ ਸੰਗਠਤ ਖੇਤਰ ਹੋਟਲਾਂ, ਢਾਬਿਆਂ, ਖੇਤੀਬਾੜੀ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜਦੂਰਾਂ ਦੀ ਭਲਾਈ ਦੇ ਨਾਂ ਤੇ ਹਰ ਸਾਲ ਕਰੋੜ੍ਹਾਂ ਰੁਪਏ ਖਰਚੇ ਜਾਂਦੇ ਹਨ ਪਰੰਤੂ ਇਸਦਾ ਲਾਭ ਕਿਸਨੂੰ ਮਿਲਦਾ ਹੈ ਇਹ ਇੱਕ ਵੱਡਾ ਸਵਾਲ ਬਣਿਆਂ ਹੋਇਆ ਹੈ। ਸਰਕਾਰ ਵਲੋਂ ਸ਼ੁਰੂ ਕੀਤੀ ਗਈ ਪੇਂਡੂ ਮਜਦੂਰਾਂ ਲਈ ਰਾਸ਼ਟਜੀ ਪੇਂਡੂ ਰੁਜਗਾਰ ਗਰਾਂਟੀ ਯੋਜਨਾ ਵੀ ਬਹੂਤੇ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਦੀ ਮਿਲੀਭੁਗਤ ਕਾਰਨ ਮਜਦੂਰਾਂ ਨਾਲੋ ਵੱਧ ਅਧਿਕਾਰੀਆਂ ਅਤੇ ਰਾਜਨੇਤਾਵਾਂ ਲਈ ਲਾਭਦਾਇਕ ਸਾਬਿਤ ਹੋ ਰਹੀ ਹੈ। ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਖਤਰਨਾਕ ਹਾਲਤਾਂ ਵਿੱਚ ਮਜ਼ਦੂਰੀ ਕਰਵਾਣਾ ਗੈਰ ਕਨੂੰਨੀ ਕਰਾਰ ਦਿਤਾ ਗਿਆ ਹੈ ਅਤੇ ਇਸ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਲੋਕਾਂ ਖਿਲਾਫ ਸਜ਼ਾ ਅਤੇ ਜ਼ੁਰਮਾਨਾ ਰੱਖਿਆ ਗਿਆ ਹੈ ਪਰ ਹੈਰਾਨੀ ਹੈ ਕਿ ਬਾਲ ਮਜ਼ਦੂਰਾਂ ਤੋਂ ਸ਼ਰੇਆਮ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਹਰ ਸ਼ਹਿਰ ਕਸਬੇ ਵਿੱਚ ਬੱਚਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਰਕਾਰ ਵਲੋਂ ਮਹਿਲਾ ਮਜਦੂਰਾਂ, ਬਾਲ ਮਜਦੂਰਾਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਇਹਨਾਂ ਦੇ ਵਿਕਾਸ ਲਈ ਸਕੀਮਾਂ ਬਣਾਈਆਂ ਜਾਂਦੀਆ ਹਨ ਪਰ ਇਹ ਸਕੀਮਾਂ ਵੀ ਅਕਸਰ ਕਾਗਜ਼ਾਂ ਵਿੱਚ ਹੀ ਰਹਿ ਜਾਂਦੀਆਂ ਹਨ ਅਤੇ ਇਨ੍ਹਾਂ ਦਾ ਸਰੀਰਕ ਅਤੇ ਆਰਥਿਕ ਸ਼ੋਸਣ ਹੁੰਦਾ ਹੈ। ਸਰਕਾਰ ਵਲੋਂ ਕੀਤੇ ਜਾਂਦੇ ਵਾਅਦਿਆਂ ਵਿੱਚੋਂ ਬਹੁਤੇ ਸਿਰਫ ਵਾਅਦੇ ਹੀ ਰਹਿ ਜਾਂਦੇ ਹਨ ਅਤੇ ਬਹੁਤੇ ਰਾਜਨੀਤੀਵਾਨ ਅਤੇ ਅਧਿਕਾਰੀਆਂ ਨੂੰ ਇਨ੍ਹਾਂ ਮਜਦੂਰਾਂ ਦੀ ਕਦੇ ਯਾਦ ਨਹੀਂ ਆਂਦੀ ਹੈ। ਕੰਮ ਦੇ ਮਾੜ੍ਹੇ ਹਾਲਤਾਂ ਕਾਰਨ ਮਜਦੂਰਾਂ ਦੀ ਵਿਗੜਦੀ ਜਾ ਰਹੀ ਸਿਹਤ, ਮਜਦੂਰ ਭਲਾਈ ਵਿਭਾਗ ਦੇ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਹੋ ਰਹੀ ਲੁੱਟ ਖਸੁੱਟ, ਆਏ ਦਿਨ ਮਜਦੂਰਾਂ ਨਾਲ ਵਾਪਰ ਰਹੇ ਹਾਦਸੇ ਆਦਿ ਕਾਰਨ ਮਜ਼ਦੂਰਾਂ ਦੀ ਹਾਲਤ ਵਿਗੜਦੀ ਹੀ ਜਾ ਰਹੀ ਹੈ। ਪਿਛਲੇ ਕੁੱਝ ਦਹਾਕਿਆਂ ਤੋਂ ਹਰ ਪਾਸੇ ਮਜ਼ਦੂਰ ਵਿਰੋਧੀ ਹਾਲਾਤ ਬਣ ਰਹੇ ਹਨ ਅਤੇ ਸਰਮਾਏਦਾਰਾਂ ਨੇ ਰਾਜਨੇਤਾਵਾਂ ਅਤੇ ਕੁੱਝ ਆਗੂਆਂ ਲਾਲ ਮਿਲਕੇ ਮਜਦੂਰਾਂ ਦੇ ਸ਼ੋਸ਼ਣ ਲਈ ਨਵੀਆਂ-ਨਵੀਆਂ ਯੋਜਨਾਵਾਂ ਘੜੀਆਂ ਹਨ। ਰੁਜ਼ਗਾਰ ਦੇ ਮੌਕੇ ਲਗਾਤਾਰ ਸੁੰਗੜ ਰਹੇ ਹਨ। ਪੱਕੇ ਰੁਜ਼ਗਾਰ ਦੀ ਥਾਂ ਠੇਕੇਦਾਰੀ ਸਿਸਟਮ ਲਾਗੂ ਕੀਤਾ ਜਾ ਰਿਹਾ ਹੈ, ਆਏ ਦਿਨ ਵਿਕਾਸ ਦੇ ਨਾਮ ਤੇ ਮਜਦੂਰਾਂ ਤੋਂ ਰੋਜਗਾਰ ਖੋਹਿਆ ਜਾ ਰਿਹਾ ਹੈ, ਠੇਕੇਦਾਰੀ ਪ੍ਰਥਾ, ਆਉਟ ਸੋਰਸਿਜ ਦੁਆਰਾ ਭਰਤੀ ਅਤੇ ਨਿਗੂਣੀ ਤਨਖਾਹ ਆਦਿ ਦੁਆਰਾ ਬੇਰੋਜਗਾਰਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਆਰਥਿਕ ਮੰਦੀ ਦੇ ਨਾਮ ਤੇ ਤਨਖਾਹਾਂ ਘੱਟ ਹੋ ਰਹੀਆਂ ਹਨ, ਪੈਨਸ਼ਨ ਸਕੀਮ ਬੰਦ ਕੀਤੀ ਗਈ ਹੇ, ਮਜਦੂਰ ਭਲਾਈ ਸਕੀਮਾਂ ਖਤਮ ਕੀਤੀਆਂ ਜਾ ਰਹੀਆਂ ਹਨ। ਮਜਦੂਰਾਂ ਦੀ ਭਲਾਈ ਲਈ ਵੱਖ ਵੱਖ ਵਿਭਾਗ ਬਣਾਏ ਗਏ ਹਨ ਪਰ ਬਹੁਤੀ ਥਾਵਾਂ ਤੇ ਇਹ ਵੀ ਮਜ਼ਦੂਰਾਂ ਦੀ ਥਾਂ ਅਪਣੇ ਹੀ ਅਧਿਕਾਰੀਆਂ ਅਤੇ ਆਗੂਆਂ ਦਾ ਭਲਾ ਕਰਦੇ ਹਨ। ਮਜ਼ਦੂਰ ਯੂਨੀਅਨਾਂ, ਸਰਕਾਰੀ ਅਧਿਕਾਰੀਆਂ, ਰਾਜਨੀਤਿਕ ਪਾਰਟੀਆ ਵਲੋਂ ਮਜਦੂਰ ਭਲਾਈ ਲਈ ਕਰਵਾਏ ਜਾਂਦੇ ਵੱਡੇ ਵੱਡੇ ਸਮਾਗਮ ਕਈ ਵਾਰ ਸਿਰਫ ਖਾਨਾਪੂਰਤੀ ਹੀ ਲੱਗਦੇ ਹਨ। ਕਈ ਅਦਾਰਿਆਂ ਵਿੱਚ ਵਾਪਰੀਆਂ ਅਣਸੁਖਾਵੀਂ ਘਟਨਾਵਾਂ ਨੇ ਸਾਬਤ ਕਰ ਦਿਤਾ ਹੈ ਕਿ ਸਰਕਾਰ ਅਤੇ ਅਧਿਕਾਰੀ ਮਜਦੂਰਾਂ ਦੀ ਸੁੱਰਖਿਆ ਲਈ ਪੂਰੀ ਤਰਾਂ ਗੰਭੀਰ ਨਹੀਂ ਹਨ। ਵੱਖ ਵੱਖ ਭਲਾਈ ਸਕੀਮਾਂ ਦਾ ਜਮੀਨੀ ਪੱਧਰ ਤੇ ਅਸਰ ਅਤੇ ਮਜਦੂਰਾਂ ਦੀ ਖਸਤਾ ਹਾਲਤ ਵੇਖਕੇ ਪਤਾ ਚੱਲਦਾ ਹੈ ਕਿ ਇਨ੍ਹਾਂ ਸਕੀਮਾਂ ਨੂੰ ਲਾਗੂ ਕਰਨ ਲਈ ਜਿੰਮੇਬਾਰ ਅਧਿਕਾਰੀ ਗੰਭੀਰ ਨਹੀਂ ਹਨ। ਭਾਰਤ ਵਿੱਚ ਲੇਬਰ ਮਾਰਕੀਟ ਵਾਧੂ ਕਿਰਤ ਸ਼ਕਤੀ ਤੋਂ ਪ੍ਰੇਸ਼ਾਨ ਹੈ। ਪ੍ਰਾਇਮਰੀ, ਸੈਕੰਡਰੀ ਅਤੇ ਤੀਜੇ ਦਰਜੇ ਦੇ ਖੇਤਰਾਂ ਵਿੱਚੋਂ ਪੈਦਾ ਹੋਣ ਵਾਲੀ ਮਜਦੂਰਾਂ ਦੀ ਮੰਗ ਦੀ ਘਾਟ ਕਾਰਨ ਵੱਡੀ ਗਿਣਤੀ ਵਿੱਚ ਮਜ਼ਦੂਰ ਸਰਪਲੱਸ ਹਨ। ਆਬਾਦੀ ਦੇ ਵਾਧੇ ਦੀ ਦਰ ਕਾਰਨ ਕਿਰਤ ਮੰਡੀ ਵਿੱਚ ਇੱਕ ਬਹੁਤ ਵੱਡਾ ਸਰਪਲੱਸ ਹੈ। ਭਾਰਤ ਵਿੱਚ ਲੇਬਰ ਮਾਰਕੀਟ ਦੀ ਇੱਕ ਹੋਰ ਵੱਡੀ ਸਮੱਸਿਆ ਇਹ ਹੈ ਕਿ ਦੇਸ਼ ਵਿੱਚ ਅਕੁਸ਼ਲ ਮਜ਼ਦੂਰਾਂ ਦੀ ਗਿਣਤੀ ਵੱਧ ਰਹੀ ਹੈ। ਦੇਸ਼ ਵਿੱਚ ਕਿਰਤ ਸ਼ਕਤੀ ਵਿੱਚ ਹੁਨਰ ਨਿਰਮਾਣ ਦੀ ਰਫਤਾਰ ਬਹੁਤ ਹੌਲੀ ਹੈ। ਅਕੁਸ਼ਲ ਮਜ਼ਦੂਰਾਂ ਦੀ ਇਸ ਵੱਡੀ ਗਿਣਤੀ ਨੇ ਸਵੈ-ਰੁਜ਼ਗਾਰ ਬਣਨਾ ਮੁਸ਼ਕਲ ਕਰ ਦਿੱਤਾ ਅਤੇ ਇਸ ਤਰ੍ਹਾਂ ਦੇਸ਼ ਵਿੱਚ ਬੇਰੁਜ਼ਗਾਰਾਂ ਦੀ ਗਿਣਤੀ ਵੱਧ ਰਹੀ ਹੈ। ਤਕਨੀਕੀ ਤੌਰ ਤੇ ਪੜ੍ਹੇ-ਲਿਖੇ ਨੌਜਵਾਨਾਂ ਦੀ ਇੱਕ ਵੱਡੀ ਗਿਣਤੀ ਆਪਣੀ ਤਕਨੀਕੀ ਸਿੱਖਿਆ ਜਿਵੇਂ ਕਿ ਇੰਜੀਨੀਅਰਿੰਗ, ਕਿੱਤਾਮੁਖੀ ਕੋਰਸਾਂ ਆਦਿ ਨੂੰ ਪੂਰਾ ਕਰਨ ਤੋਂ ਬਾਅਦ ਆਪਣੇ ਆਪ ਨੂੰ ਸੈਕੰਡਰੀ ਖੇਤਰ ਵਿੱਚ ਸ਼ਾਮਲ ਕਰਨ ਵਿੱਚ ਮੁਸ਼ਕਲ ਮਹਿਸੂਸ ਕਰ ਰਹੀ ਹੈ ਅਤੇ ਭਾਰਤ ਵਿੱਚ ਪੜ੍ਹੇ-ਲਿਖੇ ਬੇਰੁਜ਼ਗਾਰ ਵੀ ਇੱਕ ਵੱਡੀ ਸਮੱਸਿਆ ਹੈ। ਭਾਰਤ ਵਿੱਚ ਲੇਬਰ ਬਜ਼ਾਰ ਵੀ ਕੁਝ ਖਾਮੀਆਂ ਨਾਲ ਜੂਝ ਰਿਹਾ ਹੈ ਜਿਵੇਂ ਕਿ ਨੌਕਰੀਆਂ ਬਾਰੇ ਲੋੜੀਂਦੀ ਜਾਣਕਾਰੀ ਦੀ ਘਾਟ, ਕਿਰਤ ਸ਼ਕਤੀ ਦੀ ਸਹੀ ਵਰਤੋਂ ਲਈ ਢੁਕਵੀਂ ਏਜੰਸੀਆਂ ਦੀ ਘਾਟ, ਉਚਿਤ ਮਨੁੱਖੀ ਸ਼ਕਤੀ ਦੀ ਯੋਜਨਾਬੰਦੀ ਦੀ ਘਾਟ ਆਦਿ ਅਜਿਹੀਆਂ ਖਾਮੀਆਂ ਕਾਰਨ ਕਈ ਤਰ੍ਹਾਂ ਦੀਆਂ ਰੁਕਾਵਟਾਂ ਪੈਦਾ ਹੋ ਰਹੀਆਂ ਹਨ। ਭਾਰਤੀ ਕਿਰਤ ਸ਼ਕਤੀ ਵਿੱਚ ਕੰਮ ਸੱਭਿਆਚਾਰ ਵੀ ਠੀਕ ਨਹੀਂ ਹੈ। ਨਤੀਜੇ ਵਜੋਂ ਉਤਪਾਦਨ ਪ੍ਰਣਾਲੀ ਵਿੱਚ ਆਰਥਿਕ ਸਰਪਲੱਸ ਘੱਟ ਰਿਹਾ ਹੈ ਜੋ ਭਵਿੱਖ ਵਿੱਚ ਅਸਿੱਧੇ ਤੌਰ ਤੇ ਇਸਦੀ ਸਮਾਈ ਸਮਰੱਥਾ ਨੂੰ ਸੀਮਤ ਕਰਦਾ ਹੈ। ਭਾਰਤ ਵਿੱਚ ਕੁੱਝ ਉਤਪਾਦਕ ਖੇਤਰਾਂ ਵਿੱਚ ਅਤੇ ਕੁੱਝ ਰਾਜਾਂ ਵਿੱਚ ਟਰੇਡ ਯੂਨੀਅਨਾਂ ਠੀਕ ਕੰਮ ਨਹੀਂ ਕਰ ਰਹੀਆਂ ਹਨ। ਰੁਜ਼ਗਾਰ ਦੇ ਸਾਧਨਾਂ ਦੇ ਢੁਕਵੇਂ ਵਿਕਾਸ ਦੀ ਅਣਹੋਂਦ ਕਾਰਨ ਦੇਸ਼ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਚਿੰਤਾਜਨਕ ਹੁੰਦੀ ਜਾ ਰਹੀ ਹੈ। ਜਨਤਕ ਅਤੇ ਨਿੱਜੀ ਖੇਤਰ ਅਤੇ ਸਰਕਾਰੀ ਪ੍ਰਸ਼ਾਸਨ ਅਤੇ ਸੇਵਾਵਾਂ ਦੇ ਖੇਤਰ ਵਿੱਚ ਵੀ ਕਰਮਚਾਰੀ ਘਟਾਉਣ ਦੀ ਨੀਤੀ ਕਾਰਨ ਬੇਰੁਜ਼ਗਾਰੀ ਦੀ ਸਮੱਸਿਆ ਹੋਰ ਗੰਭੀਰ ਹੁੰਦੀ ਜਾ ਰਹੀ ਹੈ। ਭਾਰਤ ਵਿੱਚ ਲੇਬਰ ਬਜ਼ਾਰ ਵੀ ਲੋੜੀਂਦੇ ਕਿਰਤ ਸੁਧਾਰਾਂ ਦੇ ਪ੍ਰਬੰਧਾਂ ਦੀ ਘਾਟ ਤੋਂ ਪੀੜਤ ਹੈ। 1990 ਦੇ ਦਹਾਕੇ ਦੌਰਾਨ ਦੇਸ਼ ਵਿੱਚ ਸ਼ੁਰੂ ਕੀਤੇ ਗਏ ਆਰਥਿਕ ਸੁਧਾਰਾਂ ਨੇ ਦੇਸ਼ ਦੇ ਆਰਥਿਕ ਦ੍ਰਿਸ਼ ਨੂੰ ਬਦਲ ਦਿੱਤਾ ਹੈ। ਪਰ ਦੇਸ਼ ਲੋੜੀਂਦੇ ਕਿਰਤ ਸੁਧਾਰਾਂ ਨੂੰ ਅਪਣਾਉਣ ਵਿੱਚ ਪੱਛੜ ਰਿਹਾ ਹੈ ਜੋ ਮੌਜੂਦਾ ਸੰਦਰਭ ਵਿੱਚ ਤਰਕਸੰਗਤ ਅਤੇ ਮਹੱਤਵਪੂਰਨ ਹਨ। ਸਰਕਾਰ ਨੂੰ ਦੇਸ਼ ਦੇ ਹਿੱਤਾਂ ਦੇ ਨਾਲ-ਨਾਲ ਆਮ ਤੌਰ ਤੇ ਕਿਰਤ ਸ਼ਕਤੀ ਦੇ ਹਿੱਤਾਂ ਲਈ ਕਿਰਤ ਮੰਡੀ ਵਿੱਚ ਲੋੜੀਂਦੇ ਸੁਧਾਰ ਲਿਆਉਣ ਲਈ ਉਚਿਤ ਨੀਤੀ ਤਿਆਰ ਕਰਨੀ ਚਾਹੀਦੀ ਹੈ। ਅੱਜ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਸਬੰਧੀ ਹਰ ਸਾਲ ਵਾਂਗ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵੱਡੇ ਵੱਡੇ ਸਮਾਗਮ ਕਰਵਾਏ ਜਾਣਗੇ ਪਰੰਤੂ ਜਦੋਂ ਤੱਕ ਮਜਦੂਰਾਂ ਦੀਆਂ ਭਲਾਈ ਲਈ ਯੋਗ ਸਕੀਮਾਂ ਬਣਾਈਆਂ ਅਤੇ ਗੰਭੀਰਤਾ ਨਾਲ ਲਾਗੂ ਨਹੀਂ ਕੀਤੀਆਂ ਜਾਂਦੀਆਂ ਉਦੋਂ ਤੱਕ ਬਹੁਤੇ ਮਜਦੂਰਾਂ ਲਈ 01 ਮਈ ਵੀ ਖਾਨਾਪੂਰਤੀ ਬਣਕੇ ਹੀ ਰਹਿ ਜਾਵੇਗਾ।




ਇਸ ਵਿੱਚ ਕੋਈ ਦੋ ਰਾਏ ਨਹੀਂ ਹੈ ਕਿ ਹਰੇਕ ਸਮਾਜ, ਦੇਸ਼, ਸੰਸਥਾ ਅਤੇ ਉਦਯੋਗ ਨੂੰ ਚਲਾਉਣ ਵਿੱਚ ਮਜ਼ਦੂਰਾਂ ਦਾ ਅਹਿਮ ਰੋਲ ਹੁੰਦਾ ਹੈ ਅਤੇ ਇਨ੍ਹਾਂ ਦੀ ਕਾਮਯਾਬੀ ਲਈ ਮਾਲਕ, ਸਰਮਾਇਆ, ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ। ਸਰਕਾਰ ਦੀ ਭੂਮਿਕਾ ਉਦਯੋਗਿਕ ਸ਼ਾਂਤੀ, ਉਦਯੋਗਪਤੀਆਂ ਅਤੇ ਮਜ਼ਦੂਰਾਂ ਦਰਮਿਆਨ ਸੁਖਾਵੇਂ ਸ਼ਾਂਤਮਈ ਅਤੇ ਪਰਿਵਾਰਕ ਸਬੰਧ ਕਾਇਮ ਕਰਨਾ, ਝਗੜੇ ਤੇ ਟਕਰਾਅ ਦੀ ਸੂਰਤ ਵਿੱਚ ਉਨ੍ਹਾਂ ਦਾ ਸਮਝੌਤਾ ਅਤੇ ਸੁਲਾਹ ਕਰਵਾਉਣ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਉਦਯੋਗਿਕ ਟ੍ਰਿਬਿਊਨਲ ਕਾਇਮ ਕਰਕੇ ਨਿਰਪੱਖਤਾ ਤੇ ਪਾਰਦਰਸ਼ੀ ਢੰਗ ਨਾਲ ਕੁਦਰਤੀ ਨਿਆਂ ਦੇ ਅਸੂਲਾਂ ਦੇ ਸਿਧਾਂਤਾਂ ਅਨੁਸਾਰ ਇਨਸਾਫ਼ ਦਿਵਾਉਣਾ ਅਤੇ ਉਨ੍ਹਾਂ ਦੀ ਬਿਹਤਰੀ ਲਈ ਸਮੇਂ-ਸਮੇਂ ਸਿਰ ਕਾਨੂੰਨੀ ਅਤੇ ਜਾਬਤਾ ਪ੍ਰਣਾਲੀ ਨਿਰਧਾਰਤ ਕਰਨਾ ਹੈ। ਹੁਣ ਮਜਦੂਰਾਂ ਦੀ ਭਲਾਈ ਹਰ ਸਰਕਾਰ ਅਤੇ ਰਾਜਨੀਤਿਕ ਪਾਰਟੀ ਲਈ ਵਿਸ਼ੇਸ਼ ਮੁੱਦਾ ਬਣ ਗਈ ਹੈ। ਪਹਿਲੇ ਸੰਸਾਰ ਯੁੱਧ ਅਤੇ ਦੂਜੇ ਸੰਸਾਰ ਯੁੱਧ ਦੋਰਾਨ ਸਾਰੇ ਮਜ਼ਦੂਰ ਸੰਗਠਨ ਅਤੇ ਆਗੂ ਆਪਣੇ-ਆਪਣੇ ਦੇਸ਼ਾਂ ਦੇ ਝੰਡੇ ਹੇਠ ਇਕੱਠੇ ਹੋ ਗਏ ਅਤੇ ਪੱਛਮੀ ਦੇਸ਼ਾਂ ਵਿੱਚ ਕਲਿਆਣਕਾਰੀ ਰਾਜ ਆਇਆ ਅਤੇ ਮਈ ਦਿਵਸ ਦਾ ਪੁਨਰ ਜਾਗਰਣ ਹੋਇਆ। ਸੋਵੀਅਤ ਸੰਘ ਦੇ ਟੁੱਟਣ ਦੇ ਨਾਲ ਹੀ ਪੂੰਜੀਵਾਦ ਦਾ ਬਦਲਾਓ ਗੁੰਮ ਹੋ ਗਿਆ ਹੈ। ਤਕਨਾਲੋਜੀ ਦੇ ਵਿਕਾਸ ਨੇ ਲੋਕਾਂ ਦੀ ਜ਼ਰੂਰਤਾਂ ਨੂੰ ਘੱਟ ਕਰ ਦਿੱਤਾ ਹੈ ਜੋ ਕੰਮ ਪਹਿਲਾਂ 100 ਮਜ਼ਦੂਰ ਮਿਲਕੇ ਕਰਦੇ ਸੀ ਉਹ ਕੰਮ ਹੁਣ ਇੱਕ ਰੋਬੋਟ ਕਰ ਲੈਂਦਾ ਹੈ।

# 3 ਮਈ ਲਈ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

3 ਮਈ ਨੂੰ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਮਨਾਇਆ ਜਾ ਰਿਹਾ ਹੈ। ਪੱਤਰਕਾਰਤਾ ਦੀ ਅਜ਼ਾਦੀ ਦੀ ਮਹੱਤਤਾ ਨੂੰ ਵੇਖਦੇ ਹੋਏ ਹੀ ਸੰਯੁਕਤ ਰਾਸ਼ਟਰ ਸੰਘ ਨੇ 1993 ਵਿੱਚ 03 ਮਈ ਦੇ ਦਿਹਾੜੇ ਨੂੰ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ ਉਸਤੋਂ ਬਾਦ ਹਰ ਸਾਲ 03 ਮਈ ਨੂੰ ਸਰਕਾਰਾਂ ਵਲੋਂ ਅਤੇ ਮੀਡੀਆ ਉਦਯੋਗ ਨਾਲ ਜੁੜ੍ਹੇ ਲੋਕਾਂ ਵਲੋਂ ਪੱਤਰਕਾਰਤਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਇਸਦੇ ਅਜ਼ਾਦ ਰੂਪ ਵਿੱਚ ਕੰਮ ਕਰਨ ਲਈ ਠੋਸ ਨੀਤੀਆਂ ਬਣਾਈਆਂ ਜਾਂਦੀਆਂ ਹਨ। ਨਿਰਪੱਖ ਅਤੇ ਅਜ਼ਾਦ ਪੱਤਰਕਾਰਤਾ ਇੱਕ ਅਜਿਹਾ ਸ਼ੀਸ਼ਾ ਹੈ ਜੋਕਿ ਲੋਕਾਂ ਨੂੰ ਸਮਾਜ ਦੀ ਸਹੀ ਤਸਵੀਰ ਵਿਖਾਂਉਦਾ ਹੈ। ਮੀਡੀਆ ਦੇ ਵੱਖ ਵੱਖ ਮਾਧਿਅਮਾਂ ਪ੍ਰਿੰਟ ਮੀਡੀਆ, ਇਲਾਕਟ੍ਰਾਨਿਕ ਮੀਡੀਆ, ਆਨਲਾਇਨ ਮੀਡੀਆ ਆਦਿ ਦਾ ਬਿਨਾਂ ਕਿਸੇ ਦਬਾਓ ਅਤੇ ਡਰ ਦੇ ਕੰਮ ਕਰਨਾ ਹੀ ਪ੍ਰੈਸ ਦੀ ਅਸਲੀ ਆਜ਼ਾਦੀ ਹੈ। ਜੇਕਰ ਪੱਤਰਕਾਰਤਾ ਅਜ਼ਾਦ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿਚ ਹੋ ਰਹੀਆਂ ਕੋਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ ਹੈ। ਇਸ ਸਾਲ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਦਾ ਮੁੱਖ ਵਿਸ਼ਾ "ਅਧਿਕਾਰਾਂ ਦੇ ਭਵਿੱਖ ਨੂੰ ਰੂਪ ਦੇਣਾ, ਹੋਰ ਸਾਰੇ ਮਨੁੱਖੀ ਅਧਿਕਾਰਾਂ ਲਈ ਇੱਕ ਡਰਾਇਵਰ ਵਜੋਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਹੋਵੇਗਾ, ਜੋ ਕਿ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਨੰਦ ਲੈਣ ਅਤੇ ਸੁਰੱਖਿਅਤ ਕਰਨ ਦੇ ਯੋਗ ਤੱਤ ਨੂੰ ਦਰਸਾਉਂਦਾ ਹੈ।" ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਸਬੰਧੀ 2 ਮਈ ਨੂੰ ਸੰਯੁਕਤ ਰਾਸ਼ਟਰ ਦੇ ਹੈੱਡਕੁਆਰਟਰ ਵਿਖੇ ਗਤੀਵਿਧੀਆਂ ਦਾ ਪੂਰਾ ਦਿਨ ਸ਼ਾਮਲ ਹੋਵੇਗਾ। ਮੀਡੀਆ, ਅਕਾਦਮਿਕ ਅਤੇ ਸਿਵਲ ਸੁਸਾਇਟੀ ਦੇ ਭਾਈਵਾਲਾਂ ਨੂੰ ਇਸ ਸਾਲ ਦੇ ਥੀਮ ਤੇ ਕੇਂਦ੍ਰਿਤ ਨਿਊਯਾਰਕ ਅਤੇ ਦੁਨੀਆ ਭਰ ਵਿੱਚ ਸਮਾਗਮਾਂ ਦਾ ਆਯੋਜਨ ਕਰਨ ਲਈ ਸੱਦਾ ਦਿੱਤਾ ਗਿਆ ਹੈ। ਇਸ ਮੌਕੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਤੇ ਡਿਜੀਟਲ ਯੁੱਗ ਦੇ ਪ੍ਰਭਾਵ, ਪੱਤਰਕਾਰਾਂ ਦੀ ਸੁਰੱਖਿਆ, ਜਾਣਕਾਰੀ ਤੱਕ ਪਹੁੰਚ ਅਤੇ ਗੋਪਨੀਯਤਾ ਤੇ ਚਰਚਾ ਕੀਤੀ ਜਾਵੇਗੀ। ਇਹਨਾਂ ਮੁੱਦਿਆਂ ਦੀ ਪੜਚੋਲ ਕਰਨ ਅਤੇ ਪ੍ਰੈਸ ਦੀ ਆਜ਼ਾਦੀ ਅਤੇ ਗੋਪਨੀਯਤਾ ਲਈ ਵਧੀ ਹੋਈ ਨਿਗਰਾਨੀ ਦੁਆਰਾ ਪੈਦਾ ਹੋਏ ਖਤਰਿਆਂ ਨੂੰ ਹੱਲ ਕਰਨ ਲਈ ਠੋਸ ਹੱਲ ਵਿਕਸਿਤ ਕਰਨ ਲਈ ਨੀਤੀ ਨਿਰਮਾਤਾਵਾਂ, ਪੱਤਰਕਾਰਾਂ, ਮੀਡੀਆ ਪ੍ਰਤੀਨਿਧਾਂ, ਕਾਰਕੁਨਾਂ, ਸਾਈਬਰ ਸੁਰੱਖਿਆ ਪ੍ਰਬੰਧਕਾਂ ਅਤੇ ਕਾਨੂੰਨੀ ਮਾਹਿਰਾਂ ਵਰਗੇ ਸਬੰਧਤ ਹਿੱਸੇਦਾਰਾਂ ਨੂੰ ਦੁਬਾਰਾ ਇਕੱਠੇ ਕਰੇਗਾ। ਸਾਲ 1948 ਦੇ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਘੋਸ਼ਣਾ ਪੱਤਰ ਦੀ ਪ੍ਰਸਤਾਵਨਾ ਵਿੱਚ ਚਾਰ ਬੁਨਿਆਦੀ ਆਜ਼ਾਦੀਆਂ ਦੀ ਰੂਪਰੇਖਾ ਦਿੱਤੀ ਗਈ ਹੈ ਜਿਨ੍ਹਾਂ ਵਿੱਚ ਬੋਲਣ ਦੀ ਆਜ਼ਾਦੀ, ਵਿਸ਼ਵਾਸ ਦੀ ਆਜ਼ਾਦੀ, ਡਰ ਤੋਂ ਆਜ਼ਾਦੀ ਆਦਿ ਸ਼ਾਮਿਲ ਹੈ। ਬੋਲਣ ਦੀ ਆਜ਼ਾਦੀ ਪਹਿਲਾਂ ਆਉਂਦੀ ਹੈ ਕਿਉਂਕਿ ਇਹ ਬੁਨਿਆਦੀ ਆਜ਼ਾਦੀ ਹੈ ਜੋ ਬਾਕੀ ਸਾਰਿਆਂ ਨੂੰ ਅਜ਼ਾਦੀ ਦੇ ਸਮਰੱਥ ਬਣਾਉਂਦੀ ਹੈ। ਵਿਸ਼ਵਵਿਆਪੀ ਘੋਸ਼ਣਾ ਪੱਤਰ ਵਿੱਚ ਵਿਚਾਰਾਂ ਅਤੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਧਾਰਾ 19 ਵਿੱਚ ਕਿਸੇ ਵੀ ਮੀਡੀਆ ਦੁਆਰਾ ਅਤੇ ਸਰਹੱਦਾਂ ਦੀ ਪਰਵਾਹ ਕੀਤੇ ਬਿਨਾਂ ਜਾਣਕਾਰੀ ਅਤੇ ਵਿਚਾਰਾਂ ਨੂੰ ਪ੍ਰਾਪਤ ਕਰਨ ਅਤੇ ਪ੍ਰਦਾਨ ਕਰਨ ਦੇ ਅਧਿਕਾਰ ਵਜੋਂ ਹੋਰ ਵਿਸਥਾਰ ਵਿੱਚ ਦੱਸਿਆ ਗਿਆ ਹੈ। ਇਸ ਘੋਸ਼ਣਾ ਪੱਤਰ ਨੂੰ ਅਪਣਾਏ ਜਾਣ ਦੇ 75 ਸਾਲਾਂ ਵਿੱਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਦੀ ਪੁਸ਼ਟੀ ਕਈ ਅੰਤਰ-ਰਾਸ਼ਟਰੀ ਸਾਧਨਾਂ ਵਿੱਚ ਕੀਤੀ ਅਤੇ ਦਰਜ ਕੀਤੀ ਗਈ ਹੈ। ਇਸ ਲਈ ਸਿਵਲ ਅਤੇ ਰਾਜਨੀਤਿਕ ਅਧਿਕਾਰਾਂ ਬਾਰੇ 1966 ਦਾ ਅੰਤਰਰਾਸ਼ਟਰੀ ਇਕਰਾਰਨਾਮਾ, ਬਾਲ ਅਧਿਕਾਰਾਂ ਬਾਰੇ 1989 ਦੀ ਕਨਵੈਨਸ਼ਨ, 2006 ਵਿੱਚ ਅਪਾਹਜ ਵਿਅਕਤੀਆਂ ਦੇ ਅਧਿਕਾਰਾਂ ਬਾਰੇ ਕਨਵੈਨਸ਼ਨ ਅਤੇ ਕਈ ਹੋਰ ਵਿਸ਼ਵ ਪੱਧਰੀ ਅਤੇ ਖੇਤਰੀ ਮਿਆਰ ਸ਼ਾਮਿਲ ਹਨ। ਮਨੁੱਖੀ ਅਧਿਕਾਰਾਂ ਲਈ ਇੱਕ ਸਮਰਥਕ ਵਜੋਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਕਾਰਜ ਨੂੰ ਸੰਯੁਕਤ ਰਾਸ਼ਟਰ ਸੰਧੀ ਸੰਸਥਾਵਾਂ ਅਤੇ ਅੰਤਰ-ਰਾਸ਼ਟਰੀ ਸਾਧਨਾਂ ਦੇ ਇੰਚਾਰਜ ਕਮੇਟੀਆਂ ਦੁਆਰਾ ਹੋਰ ਖੋਜਿਆ ਗਿਆ ਹੈ ਜਿਨ੍ਹਾਂ ਨੇ ਇਸ ਸਬੰਧੀ ਆਪਣੀ ਵਿਆਖਿਆ ਪ੍ਰਕਾਸ਼ਿਤ ਕੀਤੀ ਹੈ। ਏਜੰਡਾ 2030 ਦੇ ਸਸਟੇਨੇਬਲ ਡਿਵੈਲਪਮੈਂਟ ਟੀਚਿਆਂ ਦੀ ਪ੍ਰਾਪਤੀ ਲਈ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਸੂਚਨਾ ਦਾ ਸੁਤੰਤਰ ਪ੍ਰਵਾਹ ਅਤੇ ਪ੍ਰੈਸ ਦੀ ਆਜ਼ਾਦੀ ਸ਼ਰਤਾਂ ਹਨ ਜਿਨ੍ਹਾਂ ਤੋਂ ਬਿਨਾਂ ਅਸੀਂ ਗਰੀਬੀ ਅਤੇ ਭੁੱਖਮਰੀ ਨੂੰ ਖਤਮ ਨਹੀਂ ਕਰ ਸਕਦੇ ਹਾਂ, ਜੈਵ ਵਿਭਿੰਨਤਾ ਨੂੰ ਸੁਰੱਖਿਅਤ ਨਹੀਂ ਰੱਖ ਸਕਦੇ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਨਹੀਂ ਕਰ ਸਕਦੇ ਹਾਂ। ਘੱਟ ਗਿਣਤੀਆਂ ਅਤੇ ਹਾਸ਼ੀਏ ਤੇ ਰਹਿੰਦੇ ਲੋਕਾਂ ਦੇ ਅਧਿਕਾਰਾਂ ਦੀ ਲੜਾਈ ਹਰ ਕਿਸਮ ਦੇ ਵਿਤਕਰੇ ਦਾ ਮੁਕਾਬਲਾ ਕਰਨ, ਵਿਭਿੰਨ ਨਾਗਰਿਕ ਸਥਾਨਾਂ ਦੇ ਨਿਰਮਾਣ ਲਈ ਅਤੇ ਲਚਕੀਲੇ ਲੋਕਤੰਤਰ ਨੂੰ ਕਾਇਮ ਰੱਖਣ ਲਈ ਲਾਜ਼ਮੀ ਹਨ। ਵਰਲਡ ਪ੍ਰੈਸ ਫਰੀਡਮ ਇੰਡੈਕਸ 2022 ਸੂਚੀ ਅਨੁਸਾਰ ਪ੍ਰੈਸ ਦੀ ਅਜਾਦੀ ਦੇ ਮਾਮਲੇ ਵਿੱਚ ਨਾਰਵੇ ਸਭ ਤੋਂ ਉੱਪਰ ਅਤੇ ਭਾਰਤ 150ਵੇਂ ਸਥਾਨ ਤੇ ਪਹੁੰਚ ਗਿਆ ਹੈ। ਇਸ ਸਰਵੇ ਅਨੁਸਾਰ ਉੱਤਰੀ ਕੋਰੀਆ ਸਭ ਤੋਂ ਖ਼ਰਾਬ ਪ੍ਰਦਰਸ਼ਨ ਕਰਨ ਵਾਲਾ ਦੇਸ਼ ਹੈ। ਵਿਸ਼ਵ ਪ੍ਰੈੱਸ ਸੁਤੰਤਰਤਾ ਦਿਵਸ ਤੇ ਪ੍ਰਕਾਸ਼ਿਤ ਸੂਚਕਾਂਕ 180 ਦੇਸ਼ਾਂ ਅਤੇ ਖੇਤਰਾਂ ਵਿੱਚ ਮੀਡੀਆ ਲਈ ਉਪਲਬਧ ਆਜ਼ਾਦੀ ਦੇ ਪੱਧਰ ਦਾ ਮੁਲਾਂਕਣ ਕਰਦਾ ਹੈ। ਰਿਪੋਰਟਰਜ਼ ਵਿਦਾਊਟ ਬਾਰਡਰਜ਼ ਸੰਗਠਨ ਅਨੁਸਾਰ ਦੁਨੀਆਂ ਦੇ 180 ਦੇਸ਼ਾਂ ਵਿੱਚੋਂ 73 ਦੇਸ਼ਾਂ ਵਿੱਚ ਪੱਤਰਕਾਰਤਾ ਤੇ ਲੱਗਭੱਗ ਮੁਕੰਮਲ ਪਾਬੰਦੀ ਹੈ ਅਤੇ ਲੱਗਭੱਗ 59 ਦੇਸ਼ਾਂ ਵਿੱਚ ਵੀ ਪੂਰੀ ਅਜ਼ਾਦੀ ਨਹੀਂ ਹੈ। ਇਸ ਤਰਾਂ ਲੱਗਭੱਗ 73 ਫਿਸਦੀ ਦੇਸ਼ਾਂ ਵਿੱਚ ਪ੍ਰੈਸ ਤੇ ਤਰਾਂ ਤਰਾਂ ਦੀਆਂ ਪਾਬੰਦੀਆਂ ਹਨ। ਦੁਨੀਆਂ ਦੇ 180 ਦੇਸ਼ਾਂ ਵਿੱਚੋਂ ਲੱਗਭੱਗ 132 ਦੇਸ਼ਾਂ ਵਿੱਚ ਪੱਤਰਕਾਰਤਾ ਦੀ ਹਾਲਤ ਬਹੁਤ ਖਰਾਬ, ਅਤੇ ਮੁਸ਼ਕਿਲ ਵਾਲੀ ਹੈ। ਭਾਰਤ ਇਸ ਸਾਲ ਦੇ ਸੂਚਕਾਂਕ ਵਿੱਚ ਅੱਠ ਸਥਾਨਾਂ ਤੇ ਹੇਠਾਂ ਖਿਸਕ ਗਿਆ ਹੈ ਅਤੇ ਮੀਡੀਆ ਲਈ ਸਭ ਤੋਂ ਖਤਰਨਾਕ ਦੇਸ਼ਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ ਜਿੱਥੇ ਹਰ ਸਾਲ ਔਸਤਨ 3-4 ਪੱਤਰਕਾਰ ਮਾਰੇ ਜਾਂਦੇ ਹਨ। ਇਸ ਸੂਚਕਾਂਕ ਅਨੁਸਾਰ ਭਾਰਤ ਦੇ ਹੇਠਲੇ ਦਰਜੇ ਤੇ ਜਾਣ ਪਿੱਛੇ ਇੱਕ ਮੁੱਖ ਕਾਰਨ ਦੇਸ਼ ਵਿੱਚ ਮੀਡੀਆ ਆਉਟਲੈਟਾਂ ਦੀ ਬਹੁਤਾਤ ਹੈ ਜੋ ਮਲਕੀਅਤ ਦੀ ਇਕਾਗਰਤਾ ਲਈ ਰੁਝਾਨ ਨੂੰ ਛੁਪਾਉਂਦਾ ਹੈ। ਭਾਰਤ ਵਿੱਚ ਲੱਗਭੱਗ 36000 ਅਖਬਾਰ ਅਤੇ 380 ਟੀਵੀ ਨਿਊਜ਼ ਚੈਨਲ ਹਨ ਜਿਸ ਕਾਰਨ ਦੇਸ਼ ਵਿੱਚ ਪ੍ਰੈਸ ਦੀ ਆਜ਼ਾਦੀ ਦੀ ਘਾਟ ਨਜ਼ਰ ਆਂਦੀ ਹੈ। ਇਸ ਸਬੰਧੀ ਵੱਖ ਵੱਖ ਸੰਗਠਨਾਂ ਨੇ ਭਾਰਤੀ ਅਧਿਕਾਰੀਆਂ ਨੂੰ ਪੱਤਰਕਾਰਾਂ ਅਤੇ ਆਨਲਾਈਨ ਆਲੋਚਕਾਂ ਨੂੰ ਉਹਨਾਂ ਦੇ ਕੰਮ ਲਈ ਨਿਸ਼ਾਨਾ ਬਣਾਉਣਾ ਬੰਦ ਕਰਨ ਲਈ ਕਿਹਾ ਹੈ। ਸਾਡਾ ਗੁਆਂਢੀ ਭੂਟਾਨ 33ਵੇਂ ਸਥਾਨ ਤੇ ਹੈ ਜੋ ਭਾਰਤ ਦੇ ਗੁਆਂਢੀ ਦੇਸ਼ਾਂ ਵਿੱਚੋਂ ਸਭ ਤੋਂ ਵਧੀਆ ਹੈ। ਭਾਰਤ ਦੇ ਪ੍ਰਮੁੱਖ ਗੁਆਂਢੀ ਚੀਨ ਅਤੇ ਪਾਕਿਸਤਾਨ ਦੋਵੇਂ 25.17 ਅਤੇ 37.99 ਦੇ ਕੁੱਲ ਸਕੋਰਾਂ ਨਾਲ ਸੂਚਕਾਂਕ ਵਿੱਚ ਬਹੁਤ ਹੇਠਾਂ ਹਨ। ਸੁਰੱਖਿਆ ਵਿਸ਼ਵ ਪ੍ਰੈਸ ਅਜ਼ਾਦੀ ਇੰਡੈਕਸ ਨੂੰ ਤਿਆਰ ਕਰਨ ਲਈ ਹੁਣ ਪੰਜ ਨਵੇਂ ਸੂਚੰਕ ਰਾਜਨੀਤਿਕ ਸੰਦਰਭ, ਕਾਨੂੰਨੀ ਢਾਂਚਾ, ਆਰਥਿਕ ਸੰਦਰਭ, ਸਮਾਜਿਕ ਸੰਦਰਭ ਅਤੇ ਸੁਰੱਖਿਆ ਨੂੰ ਸ਼ਾਮਿਲ ਕੀਤਾ ਗਿਆ ਹੈ। ਨਿਊਯਾਰਕ ਅਧਾਰਤ ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਨੇ 1400 ਤੋਂ ਵੱਧ ਪੱਤਰਕਾਰਾਂ ਨੂੰ ਦਰਜ ਕੀਤਾ ਹੈ ਜੋ ਉਹਨਾਂ ਦੇ ਕੰਮ ਲਈ ਬਦਲਾ ਲੈਣ ਲਈ ਮਾਰੇ ਗਏ ਸਨ ਅਤੇ ਹੋਰ 560 ਪੱਤਰਕਾਰ ਮਾਰੇ ਗਏ ਹਨ। ਸੀਰੀਆ ਵਿੱਚ ਸੰਘਰਸ਼ ਅਤੇ ਸੋਮਾਲੀਆ ਵਿੱਚ ਗੋਲੀਬਾਰੀ ਕਾਰਨ 100 ਤੋਂ ਵੱਧ ਪੱਤਰਕਾਰ ਮਾਰੇ ਗਏ। ਪਿਛਲੇ ਤਿੰਨ ਦਹਾਕਿਆਂ ਦੌਰਾਨ ਮਾਰੇ ਗਏ ਪੱਤਰਕਾਰਾਂ ਵਿੱਚੋਂ ਇੱਕ ਚੌਥਾਈ ਤੋਂ ਵੱਧ ਦੀ ਮੌਤ ਸਿਰਫ਼ ਤਿੰਨ ਦੇਸ਼ਾਂ ਇਰਾਕ, ਸੀਰੀਆ ਅਤੇ ਫਿਲੀਪੀਨਜ਼ ਵਿੱਚ ਹੀ ਹੋਈ ਹੈ। ਮਹਿਲਾ ਪੱਤਰਕਾਰਾਂ ਨੂੰ ਹੋਰ ਵੀ ਵੱਧ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਇੰਟਰਨੈਸ਼ਨਲ ਸੈਂਟਰ ਫਾਰ ਜਰਨਲਿਸਟਸ ਅਤੇ ਯੂਨੈਸਕੋ ਦੇ ਇੱਕ ਅਧਿਐਨ ਵਿੱਚ ਖੁਲਾਸਾ ਹੋਇਆ ਹੈ ਕਿ ਸਰਵੇਖਣ ਵਿੱਚ ਹਿੱਸਾ ਲੈਣ ਵਾਲੀਆਂ ਲਗਭਗ ਤਿੰਨ-ਚੌਥਾਈ ਮਹਿਲਾ ਪੱਤਰਕਾਰਾਂ ਨੇ ਪੱਤਰਕਾਰਤਾ ਦੌਰਾਨ ਆਨਲਾਈਨ ਧਮਕੀਆਂ ਦਾ ਅਨੁਭਵ ਕੀਤਾ ਹੈ, ਲਗਭਗ 50 ਪ੍ਰਤੀਸ਼ਤ ਮਹਿਲਾ ਪੱਤਰਕਾਰਾਂ ਨੂੰ ਨਫ਼ਰਤ ਭਰੀ ਭਾਸ਼ਾ ਨਾਲ ਦੁਰਵਿਵਹਾਰ ਕੀਤਾ ਗਿਆ ਅਤੇ ਇੱਕ ਚੌਥਾਈ ਨੂੰ ਸਰੀਰਕ ਹਿੰਸਾ ਦੀਆਂ ਧਮਕੀਆਂ ਮਿਲੀਆਂ ਹਨ। ਪਹਿਲਾਂ ਪੱਤਰਕਾਰਤਾ ਇੱਕ ਮਿਸ਼ਨ ਸੀ ਅਤੇ ਮੀਡੀਆ ਨਾਲ ਜੁੜ੍ਹੇ ਲੋਕਾਂ ਦੀ ਸਮਾਜ ਪ੍ਰਤੀ ਵਿਸ਼ੇਸ਼ ਜਿੰਮੇਵਾਰੀ ਹੁੰਦੀ ਸੀ ਪਰ ਹੁਣ ਬਹੁਤੇ ਮੀਡੀਆ ਅਦਾਰਿਆਂ ਤੇ ਵਪਾਰਿਕ ਘਰਾਣਿਆਂ ਅਤੇ ਰਾਜਨੇਤਾਵਾਂ ਦਾ ਕਬਜ਼ਾ ਹੋ ਗਿਆ ਹੈ। ਇਹ ਵੀ ਸੱਚ ਹੈ ਕਿ ਕਈ ਮੀਡੀਆ ਅਦਾਰਿਆਂ ਨੇ ਵਪਾਰਕ ਹਿੱਤਾਂ ਨੂੰ ਪਹਿਲ ਨਾ ਦਿੰਦੇ ਹੋਏ ਆਪਣੀ ਸਾਖ ਕਾਇਮ ਰੱਖੀ ਹੋਈ ਹੈ ਪਰੰਤੂ ਕੁੱਝ ਨੇ ਇਸਨੂੰ ਨਿਰੋਲ ਲਾਹੇਵੰਦ ਵਪਾਰ ਬਣਾਕੇ ਰੱਖਿਆ ਹੋਇਆ ਹੈ। ਕਈ ਮੀਡੀਆ ਕਰਮੀਆਂ ਦੀ ਨਾਕਾਰਤਮਕ ਸੋਚ ਅਤੇ ਕਾਰਜਪ੍ਰਣਾਲੀ ਵੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅੱਜ ਪੱਤਰਕਾਰਿਤਾ ਦਾ ਖੇਤਰ ਵਿਆਪਕ ਹੋ ਗਿਆ ਹੈ ਅਤੇ ਤੱਥਾਂ ਨੂੰ ਤੋੜ-ਮਰੋੜ ਕੇ, ਵਧਾ-ਚੜ੍ਹਾ ਕੇ ਸਨਸਨੀ ਬਣਾਉਣ ਦੀ ਪ੍ਰਵਿਰਤੀ ਪੱਤਰਕਾਰਿਤਾ ਵਿੱਚ ਵੱਧਣ ਲੱਗੀ ਹੈ। ਖੋਜੀ ਪੱਤਰਕਾਰਿਤਾ ਦੇ ਨਾਮ ਤੇ ਪੀਲੀ ਅਤੇ ਨੀਲੀ ਪੱਤਰਕਾਰਿਤਾ ਕੁਝ ਪੱਤਰਕਾਰਾਂ ਦੇ ਜੀਵਨ ਦਾ ਅਭਿੰਨ ਅੰਗ ਬਣਦੀ ਜਾ ਰਹੀ ਹੈ। ਭਾਰਤੀ ਚੋਣ ਆਯੋਗ ਵਲੋਂ ਕਈ ਮੀਡੀਆ ਅਦਾਰਿਆਂ ਅਤੇ ਪੱਤਰਕਾਰਾਂ ਤੇ ਵੋਟਾਂ ਦੌਰਾਨ ਪੈਸੇ ਲੈਕੇ ਖਬਰਾਂ ਲਗਾਉਣ ਦੀਆਂ ਸ਼ਿਕਾਇਤਾਂ ਸਾਡੇ ਸਭ ਲਈ ਖਤਰਨਾਕ ਸੰਕੇਤ ਹੈ। ਭਾਰਤੀ ਸੰਵਿਧਾਨ ਵਿੱਚ ਦਰਜ ਮੋਲਿਕ ਅਧਿਕਾਰਾਂ ਵਿੱਚ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਪ੍ਰੈਸ ਦੀ ਅਜ਼ਾਦੀ ਵੀ ਸ਼ਾਮਿਲ ਹੈ। 04 ਜੁਲਾਈ 1966 ਨੂੰ ਭਾਰਤੀ ਪ੍ਰੈਸ ਪਰਿਸ਼ਦ ਦੀ ਸਥਾਪਨਾ ਕੀਤੀ ਗਈ ਜਿਸਨੇ 16 ਨਵੰਬਰ 1966 ਤੋਂ ਆਪਣਾ ਕੰਮ ਸ਼ੁਰੂ ਕੀਤਾ। ਦੇਸ਼ ਵਿੱਚ ਐਮਰਜੈਂਸੀ ਦੌਰਾਨ ਜਦੋਂ ਪ੍ਰੈਸ ਤੇ ਸੈਂਸਰ ਲੱਗਿਆ ਸੀ ਉਦੋਂ ਪੱਤਰਕਾਰਿਤਾ ਇੱਕ ਵਾਰ ਫਿਰ ਥੋੜ੍ਹੇ ਸਮੇਂ ਦੇ ਲਈ ਭ੍ਰਿਸ਼ਟਾਚਾਰ ਮਿਟਾਓ ਅਭਿਆਨ ਨੂੰ ਲੈ ਕੇ ਮਿਸ਼ਨ ਬਣ ਗਈ ਸੀ। ਹੌਲੀ-ਹੌਲੀ ਪੱਤਰਕਾਰਿਤਾ ਪ੍ਰੋਡਕਸ਼ਨ ਤੋਂ ਸੈਂਨਸੇਸ਼ਨ ਅਤੇ ਸੈਨਸੇਸ਼ਨ ਤੋਂ ਕਮਿਸ਼ਨ ਬਣ ਗਈ ਹੈ। ਭਾਰਤੀ ਪ੍ਰੈਸ ਪਰਿਸ਼ਦ ਦੇ ਨਿਰਦੇਸ਼ਾਂ ਅਨੁਸਾਰ ਛੇ ਮੈਂਬਰੀ ਸਬ-ਕਮੇਟੀ ਬਣਾਈ ਗਈ। ਇਹ ਕਮੇਟੀ ਦੇਸ਼ ਦੇ ਉਹਨਾਂ ਗਿਆਰਾ ਸੂਬਿਆਂ ਵਿੱਚ ਗਈ ਜਿੱਥੇ ਪੱਤਰਕਾਰਾਂ ਨਾਲ ਕਈ ਘਟਨਾਵਾਂ ਵਾਪਰੀਆਂ ਅਤੇ ਲੱਗਭੱਗ 1200 ਪੱਤਰਕਾਰਾਂ, ਸੰਪਾਦਕਾਂ ਅਤੇ ਪੱਤਰਕਾਰਾਂ ਦੇ ਸੰਗਠਨਾਂ, ਸਿਵਲ ਅਧਿਕਾਰੀਆਂ, ਉਚ ਪੁਲਿਸ ਅਫਸਰਾਂ, ਕੁਝ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਮੰਤਰੀਆਂ ਨਾਲ ਮਿਲ ਕੇ ਜਾਣਕਾਰੀ ਪ੍ਰਾਪਤ ਕੀਤੀ। ਇਸ ਕਮੇਟੀ ਨੇ ਪੱਤਰਕਾਰਾਂ ਤੇ ਹੋ ਰਹੇ ਹਮਲਿਆਂ ਅਤੇ ਪੱਤਰਕਾਰਾਂ ਦੀ ਭੂਮਿਕਾ ਬਾਰੇ ਵੱਖ ਵੱਖ ਸੂਬਿਆਂ ਵਿੱਚ ਵਿਚਾਰ ਵਟਾਂਦਰਾ ਕੀਤਾ। ਭਾਰਤੀ ਪ੍ਰੈਸ ਪਰਿਸ਼ਦ ਦੀ ਰਿਪੋਰਟ ਅਨੁਸਾਰ ਪਰਿਸ਼ਦ ਕੋਲ ਵੱਖ ਵੱਖ ਮੀਡੀਆ ਨਾਲ ਜੁੜ੍ਹੇ ਹੋਏ ਵਿਅਕਤੀਆਂ ਅਤੇ ਮੀਡੀਆਕਰਮੀਆਂ ਵਲੋਂ 522 ਸ਼ਿਕਾਇਤਾਂ ਦਰਜ ਹੋਈਆਂ ਹਨ ਜਿਨ੍ਹਾਂ ਵਿੱਚੋਂ 57 ਸ਼ਿਕਾਇਤਾਂ ਰੱਦ ਹੋ ਗਈਆਂ ਹਨ, 249 ਭਾਰਤੀ ਪ੍ਰੈਸ ਪਰਿਸ਼ਦ ਅਦਾਰੇ ਤੋਂ ਬਾਹਰ ਨਾਲ ਸਬੰਧਿਤ ਹੋਣ ਅਤੇ ਅਦਾਲਤੀ ਕਾਰਵਾਈ ਚੱਲਦੀ ਹੋਣ ਕਾਰਨ ਕੋਈ ਸੁਣਵਾਈ ਨਹੀਂ ਕੀਤੀ ਗਈ ਹੈ ਅਤੇ 216 ਮਾਮਲਿਆਂ ਤੇ ਕਾਰਵਾਈ ਚੱਲ ਰਹੀ ਹੈ। ਇਸ ਰਿਪੋਰਟ ਅਨੁਸਾਰ ਮੀਡੀਆ ਅਦਾਰਿਆਂ ਅਤੇ ਮੀਡੀਆਕਰਮੀਆਂ ਵਿਰੁੱਧ 2520 ਸ਼ਿਕਾਇਤਾਂ ਪਹੁੰਚੀਆਂ ਹਨ ਜਿਨ੍ਹਾਂ ਵਿੱਚੋਂ ਜਾਂਚ ਦੌਰਾਨ 80 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਅਤੇ 2013 ਮਾਮਲਿਆਂ ਦਾ ਸ਼ਿਕਾਇਤਾਂ ਕਰਨ ਵਾਲੀਆਂ ਧਿਰਾਂ ਦੀ ਸੰਤੁਸ਼ਟੀ ਬਾਦ ਖਤਮ ਕੀਤਾ ਗਿਆ ਅਤੇ 427 ਮਾਮਲੇ ਅਜੇ ਵਿਚਾਰ ਅਧੀਨ ਹਨ ਅਤੇ ਕਾਰਵਾਈ ਚੱਲ ਰਹੀ ਹੈ। ਮਾਰਚ 2022 ਵਿੱਚ ਅਯੂਬ ਨੂੰ ਇੰਟਰਨੈਸ਼ਨਲ ਸੈਂਟਰ ਫਾਰ ਜਰਨਲਿਸਟਸ ਦੁਆਰਾ ਆਯੋਜਿਤ ਮਹਿਲਾ ਪੱਤਰਕਾਰਾਂ ਵਿਰੁੱਧ ਆਨਲਾਈਨ ਹਿੰਸਾ ਬਾਰੇ ਭਾਸ਼ਣ ਦੇਣ ਲਈ ਲੰਡਨ ਜਾਣ ਵਾਲੀ ਫਲਾਈਟ ਵਿੱਚ ਸਵਾਰ ਹੋਣ ਤੋਂ ਮੁੰਬਈ ਹਵਾਈ ਅੱਡੇ ਤੇ ਰੋਕ ਦਿੱਤਾ ਗਿਆ ਸੀ। ਭਾਰਤ ਦੇ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਅਕਤੂਬਰ ਵਿੱਚ ਮਨੀ ਲਾਂਡਰਿੰਗ ਵਿਰੋਧੀ ਕਾਨੂੰਨ ਦੇ ਤਹਿਤ ਅਯੂਬ ਵਿਰੁੱਧ ਦੋਸ਼ ਦਾਇਰ ਕੀਤੇ ਸਨ। ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਲਗਭਗ 75ਗ਼ ਮਹਿਲਾ ਪੱਤਰਕਾਰ ਜੋ ਇੱਕ ਗਲੋਬਲ ਸਰਵੇਖਣ ਦਾ ਹਿੱਸਾ ਸਨ ਜਿਸ ਵਿੱਚ ਭਾਰਤ ਵੀ ਸ਼ਾਮਲ ਸੀ ਨੇ ਕਿਹਾ ਕਿ ਉਹਨਾਂ ਨੂੰ ਔਨਲਾਈਨ ਹਿੰਸਾ ਦੇ ਹਮਲਿਆਂ ਦੁਆਰਾ ਨਿਸ਼ਾਨਾ ਬਣਾਇਆ ਗਿਆ ਸੀ ਅਤੇ 20ਗ਼ ਨੇ ਕਿਹਾ ਕਿ ਉਹਨਾਂ ਨੂੰ ਨਤੀਜੇ ਵਜੋਂ ਸਰੀਰਕ ਹਮਲਿਆਂ ਦਾ ਅਨੁਭਵ ਹੋਇਆ ਹੈ। ਇੰਟਰਨੈਸ਼ਨਲ ਸੈਂਟਰ ਫਾਰ ਜਰਨਲਿਸਟਸ ਗਰੁੱਪ ਜਿਸਨੇ 2017 ਵਿੱਚ ਬੈਂਗਲੁਰੂ-ਅਧਾਰਤ ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਦੀ ਜਾਂਚ ਵੀ ਜਾਰੀ ਕੀਤੀ ਹੈ ਨੇ ਕਈ ਪੱਤਰਕਾਰਾਂ ਵਿੱਚ ਭਾਰਤੀ ਕਾਲਮਨਵੀਸ ਰਾਣਾ ਅਯੂਬ ਦੀ ਪ੍ਰੋਫਾਈਲ ਕੀਤੀ ਨੇ ਦੋਸ਼ ਲਗਾਇਆ ਹੈ ਕਿ ਸੱਤਾਧਾਰੀ ਸਮੂਹ ਹਮਲਿਆਂ ਅਤੇ ਪਰੇਸ਼ਾਨੀ ਲਈ ਜ਼ਿੰਮੇਵਾਰ ਸਨ। ਭਾਰਤ ਵਿੱਚ ਅਪਰੈਲ ਅਤੇ ਸਤੰਬਰ 2022 ਦਰਮਿਆਨ ਪ੍ਰੈਸ ਦੀ ਆਜ਼ਾਦੀ ਦੀ ਉਲੰਘਣਾ ਬਾਰੇ ਇਕੱਤਰ ਕੀਤੇ ਅੰਕੜਿਆਂ ਅਨੁਸਾਰ ਭਾਰਤ ਵਿੱਚ ਪੱਤਰਕਾਰਾਂ ਨੂੰ ਸਰੀਰਕ ਹਿੰਸਾ, ਸੈਂਸਰਸ਼ਿਪ, ਕਾਨੂੰਨੀ ਪਰੇਸ਼ਾਨੀ ਅਤੇ ਗ੍ਰਿਫਤਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਛੇ ਮਹੀਨਿਆਂ ਦੌਰਾਨ ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ ਦੀਆਂ 83 ਉਲੰਘਣਾਵਾਂ ਦੀ ਪਛਾਣ ਕੀਤੀ ਗਈ ਹੈ। ਇਸ ਸਮੇਂ ਦੌਰਾਨ ਪ੍ਰੈੱਸ ਦੀ ਆਜ਼ਾਦੀ ਦੀਆਂ ਜ਼ਿਆਦਾਤਰ ਉਲੰਘਣਾਵਾਂ ਆਨਲਾਈਨ ਸੈਂਸਰਸ਼ਿਪ ਅਤੇ ਇੰਟਰਨੈੱਟ ਅਤੇ ਸੰਚਾਰ ਬੰਦ ਹੋਣ ਨਾਲ ਸਬੰਧਤ ਸਨ।




ਭਾਰਤ ਸਰਕਾਰ ਦੁਨੀਆ ਵਿੱਚ ਸਭ ਤੋਂ ਵੱਧ ਨੈੱਟਵਰਕ ਬੰਦ ਕਰਨ ਦਾ ਆਦੇਸ਼ ਦੇਣ ਲਈ ਜ਼ਿੰਮੇਵਾਰ ਹੈ। ਸਰਕਾਰ ਨੇ ਕਸ਼ਮੀਰ ਵਿੱਚ ਇੱਕ ਦਰਜਨ ਤੋਂ ਵੱਧ ਵਾਰ ਇੰਟਰਨੈਟ ਅਤੇ ਮੋਬਾਈਲ ਸੇਵਾਵਾਂ ਨੂੰ ਮੁਅੱਤਲ ਕਰਨ ਦੇ ਆਦੇਸ਼ ਦਿੱਤੇ। ਅਜਿਹਾ ਖੇਤਰ ਜਿਸ ਨੇ ਪਹਿਲਾਂ ਰਿਕਾਰਡ ਵਿੱਚ ਸਭ ਤੋਂ ਲੰਬੇ ਦਸਤਾਵੇਜ਼ੀ ਸੰਚਾਰ ਬੰਦਾਂ ਵਿੱਚੋਂ ਇੱਕ ਦਾ ਅਨੁਭਵ ਕੀਤਾ ਸੀ ਜੋ 552 ਦਿਨਾਂ ਤੱਕ ਚੱਲਿਆ ਸੀ। ਕਸ਼ਮੀਰ ਤੋਂ ਬਾਹਰ ਸਰਕਾਰ ਨੇ ਕਈ ਵਾਰ ਮੋਬਾਈਲ ਅਤੇ ਇੰਟਰਨੈਟ ਸੇਵਾਵਾਂ ਨੂੰ ਮੁਅੱਤਲ ਕੀਤਾ ਜਿਸ ਵਿੱਚ ਮਨੀਪੁਰ ਵੀ ਸ਼ਾਮਲ ਹੈ ਜਿੱਥੇ ਸਰਕਾਰ ਨੇ ਭਾਰਤ ਦੇ ਅਪਰਾਧਿਕ ਪ੍ਰਕਿਰਿਆ ਕੋਡ ਦੀ ਧਾਰਾ 144 ਦਾ ਹਵਾਲਾ ਦਿੰਦੇ ਹੋਏ ਔਨਲਾਈਨ ਅਫਵਾਹ ਫੈਲਾਉਣ ਨੂੰ ਰੋਕਣ ਲਈ ਅਗਸਤ ਵਿੱਚ ਪੰਜ ਦਿਨਾਂ ਲਈ ਬੰਦ ਕਰਨ ਦਾ ਹੁਕਮ ਦਿੱਤਾ ਸੀ। ਸਰਕਾਰ ਨੇ ਆਈਟੀ ਕਾਨੂੰਨ ਦੇ ਤਹਿਤ ਰਾਸ਼ਟਰੀ ਸੁਰੱਖਿਆ ਦੀ ਉਲੰਘਣਾ ਦਾ ਹਵਾਲਾ ਦਿੰਦੇ ਹੋਏ 22 ਯੂਟਿਊਬ ਚੈਨਲਾਂ ਤੇ ਪਾਬੰਦੀ ਲਗਾ ਦਿੱਤੀ ਸੀ ਜੋ ਸਰਕਾਰ ਨੂੰ ਔਨਲਾਈਨ ਸਮੱਗਰੀ ਨੂੰ ਹਟਾਉਣ ਲਈ ਵਿਆਪਕ ਸ਼ਕਤੀਆਂ ਦਿੰਦਾ ਹੈ। ਅਪਰਾਧਿਕ ਦੋਸ਼ਾਂ ਵਿੱਚ ਅਪ੍ਰੈਲ ਅਤੇ ਸਤੰਬਰ 2022 ਦੇ ਵਿਚਕਾਰ 20 ਪੱਤਰਕਾਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਕਸ਼ਮੀਰੀ ਪੱਤਰਕਾਰ ਫਹਾਦ ਸ਼ਾਹ ਨੂੰ ਗੈਰਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ (ਯੂਏਪੀਏ) ਦੇ ਤਹਿਤ ਕਈ ਗ੍ਰਿਫਤਾਰੀਆਂ ਦਾ ਸਾਹਮਣਾ ਕਰਨਾ ਪਿਆ ਜੋ ਕਿ ਕਸ਼ਮੀਰ ਵਿੱਚ ਸੁਤੰਤਰ ਪੱਤਰਕਾਰਾਂ ਨੂੰ ਕਾਨੂੰਨੀ ਪਰੇਸ਼ਾਨੀ ਅਤੇ ਡਰਾਉਣ ਦੇ ਇੱਕ ਵਿਆਪਕ ਪੈਟਰਨ ਦਾ ਹਿੱਸਾ ਹੈ।

ਇਸ ਦੌਰਾਨ ਘੱਟੋ-ਘੱਟ 18 ਪੱਤਰਕਾਰਾਂ ਨੂੰ ਸਰੀਰਕ ਹਮਲਿਆਂ ਅਤੇ ਹਿੰਸਾ ਦਾ ਸਾਹਮਣਾ ਕਰਨਾ ਪਿਆ ਜਿਸ ਵਿੱਚ ਰਾਜ ਅਤੇ ਗੈਰ-ਰਾਜੀ ਦੋਵੇਂ ਧਿਰਾਂ ਸ਼ਾਮਲ ਸਨ। ਪੁਲਿਸ ਹਿਰਾਸਤ ਵਿੱਚ ਪੱਤਰਕਾਰਾਂ ਨੂੰ ਹਿੰਸਕ ਢੰਗ ਨਾਲ ਕੁੱਟਣ ਦੇ ਕਈ ਮਾਮਲੇ ਸਾਹਮਣੇ ਆਏ ਹਨ। ਜੰਮੂ ਅਤੇ ਕਸ਼ਮੀਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਤ੍ਰਿਪੁਰਾ ਸਿਖਰ ਤੇ ਹਨ ਜਿੱਥੇ ਪੱਤਰਕਾਰਾਂ ਅਤੇ ਮੀਡੀਆ ਘਰਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਰਿਪੋਰਟ ਅਨੁਸਾਰ ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਇਨਕਮ ਟੈਕਸ ਵਿਭਾਗ ਨੇ ਮੀਡੀਆ ਹਾਊਸਾਂ ਜਾਂ ਅਖਬਾਰਾਂ ਦੇ ਦਫਤਰਾਂ ਅਤੇ ਪੱਤਰਕਾਰਾਂ ਦੇ ਘਰਾਂ ਤੇ ਛਾਪੇ ਮਾਰੇ ਜੋ ਸਰਕਾਰ ਦੀਆਂ ਨੀਤੀਆਂ ਅਤੇ ਕੰਮਕਾਜ ਦੀ ਆਲੋਚਨਾ ਕਰਦੇ ਸਨ। ਭਾਰਤ ਵਿੱਚ ਸਰਕਾਰ ਦੁਆਰਾ ਹਰ ਦੂਜੇ ਵਿਦੇਸ਼ੀ ਪੱਤਰਕਾਰ ਨੂੰ ਮੰਤਰਾਲਿਆਂ ਦੀ ਆਲੋਚਨਾਤਮਕ ਰਿਪੋਰਟਾਂ ਦੀ ਵਿਆਖਿਆ ਕਰਨ ਲਈ ਤਲਬ ਕੀਤਾ ਗਿਆ ਹੈ। ਅਗਸਤ 2019 ਤੋਂ ਬਾਦ ਕਿਸੇ ਨੂੰ ਵੀ ਜੰਮੂ-ਕਸ਼ਮੀਰ ਦਾ ਦੌਰਾ ਕਰਨ ਅਤੇ ਉੱਥੇ ਸੁਤੰਤਰ ਤੌਰ ਤੇ ਰਿਪੋਰਟ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ। ਆਮਦਨ ਕਰ ਵਿਭਾਗ ਨੇ ਦਿੱਲੀ ਅਤੇ ਮੁੰਬਈ ਵਿੱਚ ਬੀਬੀਸੀ ਦੇ ਦਫਤਰਾਂ ਤੇ ਛਾਪੇਮਾਰੀ ਕੀਤੀ ਹੈ। ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਕੁੱਝ ਮੀਡੀਆ ਕਰਮੀਆਂ ਦੇ ਨਾਕਾਰਤਮਕ ਰਵਈਏ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵਿਸ਼ਵਾਸ਼ ਉਠਦਾ ਜਾ ਰਿਹਾ ਹੈ ਜੋ ਕਿ ਸਮਾਜ ਅਤੇ ਦੇਸ਼ ਲਈ ਇੱਕ ਖਤਰਨਾਕ ਸੰਕੇਤ ਹੈ। ਪ੍ਰੈਸ ਦੀ ਅਜ਼ਾਦੀ ਵਿੱਚ ਕਈ ਸਰਕਾਰਾਂ ਵੱਲੋਂ ਵੀ ਰੋੜੇ ਅਟਕਾਏ ਜਾ ਰਹੇ ਹਨ। ਬਹੁਤੇ ਰਾਜਨੇਤਾ ਮੀਡੀਆ ਨੂੰ ਅਪਣੇ ਅਨੁਸਾਰ ਵਰਤਣ ਦੀ ਕੋਸਿਸ ਕਰਦੇ ਹਨ ਅਤੇ ਅਜਿਹੇ ਰਾਜਨੇਤਾਵਾਂ ਅਨੁਸਾਰ ਕੰਮ ਨਾਂ ਕਰਨ ਵਾਲੇ ਪੱਤਰਕਾਰਾਂ ਤੇ ਹਰ ਤਰਾਂ ਦਾ ਖਤਰਾ ਮੰਡਰਾਂਉਦਾ ਹੈ। ਭਾਰਤੀ ਪ੍ਰੈਸ ਪਰਿਸ਼ਦ ਨੇ ਵੀ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ 'ਭਾਰਤ ਵਿੱਚ ਪ੍ਰੈਸ ਨੇ ਜ਼ਿਆਦਾ ਗਲਤੀਆ ਕੀਤੀਆਂ ਹਨ ਅਤੇ ਅਧਿਕਾਰੀਆਂ ਦੀ ਤੁਲਨਾ ਵਿੱਚ ਪ੍ਰੈਸ ਦੇ ਖਿਲਾਫ ਜ਼ਿਆਦਾ ਸ਼ਕਾਇਤਾਂ ਦਰਜ ਹਨ'। ਮੀਡੀਆ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਪੱਤਰਕਾਰ ਵਜੋਂ ਕੰਮ ਕਰ ਰਹੇ ਹਨ ਅਤੇ ਅਜਿਹੇ ਪੱਤਰਕਾਰ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ। ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਆਰਟੀਕਲ ਨਹੀਂ ਲਿਖ ਸਕਦਾ ਅਤੇ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ ਅਤੇ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ।

ਅੱਜ ਮੀਡੀਆ ਦੀ ਅਜਾਦੀ ਖਤਰੇ ਵਿੱਚ ਹੈ ਕਿਉਂਕਿ ਹੁਣ ਬਹੁਤੇ ਮੀਡੀਆ ਤੇ ਰਾਜਨੀਤਿਕ ਨਿਯੰਤਰਣ ਹੈ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹੋਈਆਂ ਚੋਣਾਂ ਦੌਰਾਨ ਸਾਹਮਣੇ ਆਏ ਪੇਡ ਨਿਊਜ਼ ਦੇ ਹਜ਼ਾਰਾਂ ਮਾਮਲਿਆਂ ਨੇ ਵੀ ਪ੍ਰੈਸ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾਇਆ ਹੈ ਜੋਕਿ ਪ੍ਰੈਸ ਦੀ ਅਜ਼ਾਦੀ ਲਈ ਖਤਰਾ ਹੈ। ਜੇਕਰ ਮੀਡੀਆ ਵੀ ਸਰਕਾਰ ਅਤੇ ਪ੍ਰਭਾਵਸ਼ਾਲੀ ਲੋਕਾਂ ਦੇ ਪ੍ਰਭਾਵ ਅਧੀਨ ਕੰਮ ਕਰੇਗਾ ਤਾਂ 03 ਮਈ ਦਾ ਦਿਹਾੜਾ ਜੋ ਕਿ ਵਿਸ਼ਵ ਪ੍ਰੈਸ ਅਜਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ ਦੇ ਕੋਈ ਅਰਥ ਨਹੀਂ ਰਹਿ ਜਾਣਗੇ ਅਤੇ ਇਸ ਸਬੰਧੀ ਹੋਣ ਵਾਲੇ ਸਮਾਗਮ ਇੱਕ ਖਾਨਾਪੂਰਤੀ ਹੀ ਰਹਿ ਜਾਣਗੇ।

# ਭੀਮ ਇੰਟਰਨੈਸ਼ਨਲ ਫਾਊਂਡੇਸ਼ਨ (ਯੂ. ਐਸ. ਏ.) ਵੱਲੋਂ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਜੀ ਦਾ 132ਵਾਂ ਜਨਮ ਦਿਨ ਮਨਾਇਆ

ਹੇਵਰਡ- ਭੀਮ ਇੰਟਰਨੈਸ਼ਨਲ ਫਾਊਂਡੇਸ਼ਨ (ਯੂ. ਐਸ. ਏ.) ਵੱਲੋਂ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਜੀ ਦਾ 132ਵਾਂ ਜਨਮ ਦਿਨ ਰਾਜਾ ਸਵੀਟਸ, ਇੰਡੀਅਨ ਕੁਜ਼ੀਨ, ਹੇਵਰਡ (ਕੈਲੇਫੋਰਨੀਆ) ਵਿਖੇ 16 ਅਪ੍ਰੈਲ 2023 ਨੂੰ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਦੇ ਮੁੱਖ ਮਹਿਮਾਨ ਡਾ. ਦਲੀਪ ਮੰਡਲ (ਸੀਨੀਅਰ ਜਨਰਲਿਸਟ), ਆਈਸ਼ਾ ਵਹਾਬ (ਸੈਨੇਟਰ), ਟਰੀਸਾ ਕਾਕਸ (ਵਾਈਸ ਮੇਅਰ ਫਰੀਮਾਂਟ) ਅਤੇ ਵਨੀਸਾ ਰਸਲ (ਫਾਊਂਡਰ, ਲਵ ਨੈਵਰ ਫੇਲੂ) ਆਦਿ ਤੋਂ ਇਲਾਵਾ ਹੋਰ ਬਹੁਤ ਸਾਰੇ ਬੁਲਾਰਿਆਂ ਨੇ ਬਾਬਾ ਸਾਹਿਬ ਪ੍ਰਤੀ ਵਿਚਾਰ ਸਾਂਝੇ ਕੀਤੇ। ਇਸ ਮੌਕੇ ਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਨੇ ਬਾਬਾ ਸਾਹਿਬ ਡਾ. ਅੰਬੇਦਕਰ ਸਬੰਧੀ ਗੀਤਾਂ ਨਾਲ ਰੰਗ ਬੰਨ੍ਹਿਆ। ਇਸ ਉਪਰੰਤ ਪ੍ਰੀਤੀ ਭੋਜਨ ਛਕਾਇਆ ਗਿਆ। ਸਟੇਜ ਦੀ ਸੇਵਾ ਨਰੇਸ਼ ਕੁਮਾਰ ਗੱਡੂ ਆਦਿ ਨੇ ਸੰਭਾਲੀ।



































# ਭੀਮ ਇੰਟਰਨੈਸ਼ਨਲ ਫਾਊਂਡੇਸ਼ਨ (ਯੂ. ਐਸ. ਏ.) ਵੱਲੋਂ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਜੀ ਦਾ 132ਵਾਂ ਜਨਮ ਦਿਨ ਮਨਾਇਆ

























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ
(ਦੇਸ਼ ਦੁਆਬਾ)

# ਠਾਠਾਂ ਮਾਰਦਾ ਸਮੁੰਦਰ ਅਤੇ ਦਿਲਕਸ਼ ਬੀਚਾਂ ਦੀ ਧਰਤੀ: ਅੰਡੇਮਾਨ ਨਿਕੋਬਾਰ



ਜਗਜੀਤ ਸਿੰਘ ਗਣੇਸ਼ਪੁਰ
91-94655-76022

ਜੇਕਰ ਤੁਸੀਂ ਕੁਦਰਤ ਨਾਲ ਇਕ-ਮਿਕ, ਠਾਠਾਂ ਮਾਰਦਾ ਸਮੁੰਦਰ, ਹਰੇ-ਭਰੇ ਜੰਗਲ, ਉੱਚੇ-ਉੱਚੇ ਨਾਰੀਅਲ ਦੇ ਦਰੱਖਤ, ਦਿਲਕਸ਼ ਬੀਚਾਂ ਦੀ ਖ਼ੂਬਸੂਰਤੀਅਤੇਸਮੁੰਦਰ ਦੀ ਰੋਮਾਚਕ ਯਾਤਰਾ ਦਾ ਅਨੁਭਵਦਾ ਅਨੰਦ ਮਾਣਨਾ ਚਾਹੁੰਦੇ ਹੋ ਤਾਂ ਅੰਡੇਮਾਨ ਨਿਕੋਬਾਰ ਤੁਹਾਡੇ ਲਈ ਇਕ ਉਮਦਾ ਵਿਕਲਪ ਹੋ ਸਕਦਾ ਹੈ। ਕੁਦਰਤ ਨਾਲ ਲਬਰੇਜ਼ ਨਜਾਰਿਆ ਦੇ ਨਾਲ-ਨਾਲ ਇਹ ਟਾਪੂ ਆਦਿਵਾਸੀ ਜੀਵਨ ਦੀ ਵੀ ਝਲਕ ਪੇਸ਼ ਕਰਦਾ ਹੈ। ਇਨ੍ਹਾਂ ਟਾਪੂਆਂ ਦੀ ਦੇਸ਼ ਦੀ ਅਜਾਦੀ ਲਹਿਰ ਵਿੱਚ ਵੀ ਵਿਲੱਖਣ ਇਤਿਹਾਸ ਹੈ। ਸੈਲੂਲਰ ਜੇਲ ਵਿੱਚ ਸਾਡੇ ਦੇਸ਼ ਦੇ ਸੁੰਤਤਰਤਾ ਸੰਗਰਾਮੀਆ ਨੂੰ ਅਣਮਨੁੱਖੀ ਹਾਲਤਾਂ ਵਿੱਚ ਕੈਦ ਕਰਕੇ ਰੱਖਿਆ ਜਾਂਦਾ ਸੀ। ਇਸ ਜੇਲ੍ਹ ਦੀਆ ਕਾਲ ਕੋਠੜੀਆਂ ਕਾਰਨ ਹੀ ਇਨ੍ਹਾਂ ਨੂੰ ਕਾਲੇਪਾਣੀਆਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਪੰਜਾਬੀਆਂ ਖਾਸਕਰ ਸਿੱਖਾਂ ਦਾ ਇਨ੍ਹਾਂ ਦੀਪਾਂ ਉਪਰ ਕੁਰਬਾਨੀਆਂ ਦਾ ਇਕ ਆਪਣਾ ਸ਼ਾਨਮੱਤਾ ਇਤਿਹਾਸ ਹੈ। ਕੋਣ ਭੁਲਾ ਸਕਦਾ ਹੈ ? ਡਾ. ਦੀਵਾਨ ਸਿੰਘ ਕਾਲੇਪਾਣੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਜਿੰਨਾ ਦੇ ਨਾਮ ਨਾਲ ਹੀ ਕਾਲੇਪਾਣੀ ਸ਼ਬਦ ਸਦਾ ਲਈ ਜੁੜ ਗਿਆ।

ਸੋ ਇਨ੍ਹਾਂ ਕੁਦਰਤ ਦੇ ਅੰਗ-ਸੰਗ ਦੀਪਾਂ ਦੀ ਸੁੰਦਰਤਾ ਨੂੰ ਨਿਹਾਰਨ ਲਈ ਅਸੀਂ ਛੇ ਦੋਸਤ (ਨਰਿੰਦਰਪਾਲ ਪਾਲ ਸਿੰਘ, ਰਵਿੰਦਰ ਸਿੰਘ, ਕਰਨੈਲ ਸਿੰਘ, ਗੁਰਦੇਵ ਸਿੰਘ ਅਤੇ ਇਨ੍ਹਾਂ ਸਤਰਾਂ ਦਾ ਲੇਖਕ) ਫਗਵਾੜੇ ਰੇਲਵੇ ਸਟੇਸ਼ਨ ਤੋਂ ਸ਼ਾਨੇ ਪੰਜਾਬ ਰੇਲ ਰਾਹੀ ਦਿੱਲੀ ਪਹੁੰਚੇ ਤੇ ਫਿਰ ਉਥੋ ਦਿੱਲੀ ਤੋਂ ਪੋਰਟ ਬਲੇਅਰ ਦੀ ਫਲੈਟ ਜੋ ਕਿ ਵਾਇਆ ਕਲਕੱਤਾ ਹੋ ਕੇ ਜਾਂਦੀ ਹੈ ਨੇ ਸਾਨੂੰ ਤਕਰੀਬਨ ਪੰਜ ਘੰਟਿਆਂ ਵਿੱਚ ਪੋਰਟ ਬਲੇਅਰ ਪਹੁੰਚਾ ਦਿੱਤਾ, ਇਸ ਵਿੱਚ ਕਲਕੱਤੇ ਹਵਾਈ ਅੱਡੇ ਦੀ ਅੱਧੇ-ਪੋਣੇ ਘੰਟੇ ਦੀ ਠਹਿਰ ਵੀ ਸ਼ਾਮਿਲ ਸੀ। ਹਵਾਈ ਸਫ਼ਰ ਦੌਰਾਨ ਅਕਾਸ਼ ਵਿੱਚ ਬੱਦਲ ਤੇ ਹੇਠਾਂ ਸਮੁੰਦਰ ਨਾਲੋ-ਨਾਲ ਚਲ ਰਹੇ ਪ੍ਰਤੀਤ ਹੁੰਦੇ ਹਨ। ਤੁਸੀਂ ਬੰਗਾਲ ਦੀ ਖਾੜੀ ਵਿੱਚ ਠਾਠਾਂ ਮਾਰਦੇ ਸਮੁੰਦਰ ਦੇ ਉਪਰ ਦੀ ਅੰਡੇਮਾਨ ਨਿਕੋਬਾਰ ਟਾਪੂਆਂ ਦੀ ਰਾਜਧਾਨੀ ਪੋਰਟ ਬਲੇਅਰ ਵਿੱਚ ਜਾ ਉਤਰਦੇ ਹੋ। ਬਸ ਇੱਥੇ ਹੀ ਟਿਕਾਣਾ ਕਰ ਲਵੋ ਤੇ ਲੁਤਫ ਲਉ ਵੱਖ-ਵੱਖ ਟਾਪੂਆਂ ਦੀ ਖ਼ੂਬਸੂਰਤੀ ਦਾ। ਹਾਂ ਤੁਹਾਨੂੰ ਇਨ੍ਹਾਂ ਕੁਦਰਤੀ ਨਜਾਰਿਆ ਦਾ ਲੁਤਫ ਲੈਣ ਲਈ ਆਪਣੀ ਜੇਬ ਤਾਂ ਹਲਕੀ ਜਰੂਰ ਕਰਨੀ ਹੀ ਪਾਵੇਂਗੀ। ਇਤਿਹਾਸ, ਕੁਦਰਤ ਅਤੇ ਸਮੁੰਦਰੀ ਪਾਣੀ ਵਿੱਚ ਸਾਹਸ ਨਾਲ ਭਰੀਆਂ ਖੇਡਾਂ ਦਾ ਸੁੰਦਰ ਰੋਮਾਚ ਤੁਹਾਨੂੰ ਗਦ-ਗਦ ਕਰ ਦੇਵੇਗਾ। ਸ਼ਹਿਰਾਂ ਦੇ ਭੀੜ-ਭੜੱਕੇ ਤੋਂ ਦੂਰ, ਬੰਗਾਲ ਦੀ ਖਾੜੀ ਦੇ ਪਾਣੀਆਂ ਨਾਲ ਚਾਰੋਂ ਤਰਫ਼ ਤੋਂ ਘਿਰਿਆ ਇਹ ਟਾਪੂ ਦੁਨੀਆਂ ਭਰ ਦੇ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਦੇ ਜਾ ਰਹੇ ਹਨ। ਕੁੱਝ ਅਨੁਭਵ ਅਜਿਹੇ ਹੁੰਦੇ ਹਨ ਜੋ ਤਾ- ਉਮਰ ਤੁਹਾਡੀਆਂ ਯਾਦਾ ਵਿੱਚ ਵੱਸ ਜਾਂਦੇ ਹਨ। ਨਹੀਂ ਯਕੀਨ ਹੋ ਰਿਹਾ ਤਾਂ ਇਕ ਵਾਰ ਇਨ੍ਹਾਂ ਦੀਪਾਂ ਦੀ ਯਾਤਰਾ ਕਰਕੇ ਵੇਖੋ, ਫਿਰ ਤੁਸੀਂ ਵੀ ਸਭ ਨੂੰ ਇਹੀ ਕਹਿੰਦੇ ਫਿਰੋਗੇ। ਕੁਦਰਤ ਦੀ ਗੋਦ ਵਿੱਚ ਬੈਠੇ ਇਹ ਦੀਪ ਕਲਕੱਤੇ ਤੋਂ ਤਕਰੀਬਨ 1255 ਕਿਲੋਮੀਟਰ ਦੂਰ ਅੰਡੇਮਾਨ-ਨਿਕੋਬਾਰ ਵਾਲੇ ਕੁੱਲ 572 ਟਾਪੂ ਹਨ, ਜਿਨ੍ਹਾਂ ਦਾ ਕੁੱਲ ਖੇਤਰਫਲ 8249 ਵਰਗ ਕਿਲੋਮੀਟਰ ਹੈ, ਜਿੰਨਾ ਵਿੱਚ ਤਕਰੀਬਨ 36 ਕੁ ਉਪਰ ਹੀ ਅਬਾਦੀ ਹੈ। ਇਨ੍ਹਾਂ ਦੀਪਾਂ ਦੀ ਰਾਜਧਾਨੀ ਪੋਰਟ ਬਲੇਅਰ ਹੈ। ਇੱਥੋਂ ਹੀ ਤੁਹਾਡੀ ਰੋਮਾਂਚਕ ਯਾਤਰਾ ਦੀ ਸੰਭਾਵਿਤ ਤੌਰ ਤੇ ਆਰੰਭਤਾ ਹੁੰਦੀ ਹੈ।

**ਰਾਜੀਵ ਗਾਂਧੀ ਵਾਟਰ ਸਪੋਰਟਸ ਕੰਪਲੈਕਸ:** ਇਸ ਨੂੰ ਅੰਡੇਮਾਨ ਵਾਟਰ ਸਪੋਰਟਸ ਕੰਪਲੈਕਸ ਦਾ ਨਾਂ ਵੀ ਦਿੱਤਾ ਗਿਆ ਹੈ, ਇਹ ਸਥਾਨ ਮਜ਼ੇਦਾਰ, ਉਤਸ਼ਾਹ ਅਤੇ ਜੋਸ਼ ਨਾਲ ਭਰਿਆ ਹੋਇਆ ਹੈ। ਜਿਵੇਂ ਕਿ ਨਾਮ ਤੋਂ ਪਤਾ ਲੱਗਦਾ ਹੈ ਕਿ ਕੰਪਲੈਕਸ ਨੂੰ ਟਾਪੂਆਂ ਵਿੱਚ ਜਲ ਖੇਡਾਂ ਲਈ ਇੱਕ ਕੇਂਦਰ ਵਜੋਂ ਬਣਾਇਆ ਗਿਆ ਹੈ। ਇਸ ਬਾਰੇ ਸਭ ਤੋਂ ਵਧੀਆ ਗੱਲ ਇਹ ਹੈ ਕਿ ਕੰਪਲੈਕਸ ਤੋਂ ਸਮੁੰਦਰ ਦਾ ਅਦਭੁੱਤ ਨਜਾਰਾ ਸ਼ਾਨਦਾਰ ਹੈ। ਖੁੱਲਾ ਸਮੁੰਦਰੀ ਖੇਤਰਦੀਠੰਡੀ ਤਾਜ਼ੀ ਹਵਾ ਤੁਹਾਡੇ ਦਿਮਾਗ ਅਤੇ ਸਰੀਰ ਨੂੰ ਤਰੋਤਾਜ਼ਾ ਕਰਦੀ ਹੈ। ਰਾਜੀਵ ਗਾਂਧੀ ਵਾਟਰ ਸਪੋਰਟਸ ਕੰਪਲੈਕਸ ਵਿੱਚ 'ਏਬਰਡੀਨ ਦੀ ਲੜਾਈ' ਦੀ ਇੱਕ ਯਾਦਗਾਰ ਵੀ ਹੈ ਜੋ ਕਿ 1859 ਵਿੱਚ ਅੰਡੇਮਾਨੀਆਂ ਅਤੇ ਬ੍ਰਿਟਿਸ਼ ਵਿਚਕਾਰ ਲੜੀ ਗਈ ਸੀ। 2 ਕਿਲੋਮੀਟਰ ਦੇ ਖੇਤਰ ਵਿੱਚ ਫੈਲਿਆ, ਇਹ ਕੰਪਲੈਕਸ ਸੈਰ ਅਤੇ ਆਰਾਮ ਕਰਨ ਲਈ ਇੱਕ ਪਾਰਕ ਵਜੋਂ ਬਣਾਇਆ ਗਿਆ ਸੀ ਅਤੇ ਇਹਵਿਸ਼ਵ ਪ੍ਰਸਿੱਧ ਸੈਲੂਲਰ ਜੇਲ੍ਹ ਦੇ ਨਜ਼ਦੀਕ ਹੀ ਸਥਿਤ ਹੈ।

**ਰੌਸ ਟਾਪੂ:** ਕੈਪਟਨ ਡੈਨੀਅਲ ਰੌਸ ਦੇ ਨਾਮ 'ਤੇ ਰੱਖੇ ਗਏ ਰੌਸ ਟਾਪੂ ਦਾ ਨਾਮ ਭਾਰਤ ਸਰਕਾਰ ਵਲੋਂ 2018 ਵਿੱਚ 'ਨੇਤਾਜੀ ਸੁਭਾਸ਼ ਚੰਦਰ ਬੋਸ ਦੀਪ' ਰੱਖਿਆ ਗਿਆ ਹੈ। ਰੌਸ ਟਾਪੂ ਪੋਰਟ ਬਲੇਅਰ ਸ਼ਹਿਰ ਦੇ ਸਭ ਤੋਂ ਨਜ਼ਦੀਕੀ ਟਾਪੂਆਂ ਵਿੱਚੋਂ ਇੱਕ ਹੈ ਅਤੇ ਇੱਕ ਛੋਟੀ (15 ਮਿੰਟ) ਕਿਸ਼ਤੀ ਦੀ ਸਵਾਰੀ ਰਾਹੀਂ ਆਸਾਨੀ ਨਾਲ ਉਥੇ ਪਹੁੰਚਿਆ ਜਾ ਸਕਦਾ ਹੈ। ਸਮੁੰਦਰ ਵਿੱਚ ਲਹਿਰਾਂ ਜਿਵੇਂ ਮਨ ਹੀ ਮਨ ਸੂਰਜ ਦੀ ਨਿੱਘੀ ਧੁੱਪ ਦੇ ਮੇਲ ਵਿੱਚ ਪਿਆਰ ਦਾ ਗੀਤ ਗੁਣਗੁਣਾ ਰਹੀਆਂ ਹੋਣ, ਵਾਟਰ ਬੋਟ ਵਿੱਚ ਬੈਠਿਆ ਇਵੇਂ ਹੀ ਪ੍ਰਤੀਤ ਹੁੰਦਾ ਹੈ। ਹਾਲਾਂਕਿ ਅੰਡੇਮਾਨ ਦੇ ਜ਼ਿਆਦਾਤਰ ਆਕਰਸ਼ਣ ਬੀਚਾਂ ਲਈ ਮਸ਼ਹੂਰ ਹਨ ਪਰ ਰੌਸ ਆਈਲੈਂਡ ਖ਼ੂਬਸੂਰਤ ਦੇ ਨਾਲ-ਨਾਲ ਇਤਿਹਾਸਕ ਪੱਖੋਂ ਵੀ ਮਹੱਤਵ ਰੱਖਦਾ ਹੈ। ਬ੍ਰਿਟਿਸ਼ ਨੇ ਇਸ ਨੂੰ ਪ੍ਰਸ਼ਾਸਕੀ ਹੈਡਕੁਆਰਟਰ ਵਜੋਂ ਵਰਤਿਆ। ਇਸ ਸਮੇਂ ਦੌਰਾਨ, ਅੰਗਰੇਜ਼ਾਂ ਦੁਆਰਾ ਇਸ ਦੰਡਾਵਲੀ ਬੰਦੋਬਸਤ 'ਤੇ ਬਹੁਤ ਸਾਰੇ ਮਹੱਤਵਪੂਰਨ ਸਰਕਾਰੀ ਦਫਤਰ ਬਣਾਏ ਗਏ ਸਨ। ਭਾਰਤੀ ਕੈਦੀਆਂ ਦੁਆਰਾ ਬਣਾਈਆਂ ਗਈਆਂ ਇਨ੍ਹਾਂ ਪੁਰਾਣੀਆਂ ਇਮਾਰਤਾਂ ਦੇ ਖੰਡਰ ਅੱਜ ਵੀ ਰੌਸ ਵਿਖੇ ਮੌਜੂਦ ਹਨ।ਕੁਦਰਤ ਦੀ ਗੋਦ ਵਿੱਚ ਮੋਰ ਅਤੇ ਹਿਰਨ ਸਮੇਤ ਕਈ ਤਰ੍ਹਾਂ ਦੇ ਪੰਛੀਆਂ ਅਤੇ ਜਾਨਵਰਾਂ ਦਾ ਪਨਾਹਗਾਹ ਹੈ, ਜੋ ਬੜਾ ਹੀ ਮਨਮੋਹਕ ਅਤੇ ਅਦਭੁਤ ਅਨੁਭਵ ਪੇਸ਼ ਕਰਦਾ ਹੈ। ਟਾਪੂ ਦੀ ਸਭ ਤੋਂ ਅਨੋਖੀ ਗੱਲ ਇਹ ਹੈ ਕਿ ਪ੍ਰਸ਼ਾਸਨ ਦੁਆਰਾ ਕਿਸੇ ਵੀ ਤਰ੍ਹਾਂ ਦੇ ਰਿਹਾਇਸ਼ ਦੀ ਮਨਾਹੀ ਹੈ ਜਿਸਦਾ ਮਤਲਬ ਹੈ ਕਿ ਇੱਥੇ ਰਾਤ ਨੂੰ ਰੁਕਣ ਦੀ ਕੋਈ ਪ੍ਰਬੰਧ ਨਹੀਂ ਹੈ। ਇੱਥੇ ਤੁਸੀਂ ਅੰਗਰੇਜ਼ਾਂ ਦੁਆਰਾ ਬਣਾਈਆਂ ਪੁਰਾਤਨ ਇਮਾਰਤਾਂ ਵੇਖ ਸਕਦੇ ਹੋ ਜਿਵੇਂ: ਚਰਚ, ਸਕੱਤਰੇਤ, ਚੀਫ਼ ਕਮਿਸ਼ਨਰ ਦੀ ਰਿਹਾਇਸ਼, ਸਵਿਮਿੰਗ ਪੂਲ ਅਤੇ ਹੋਰ ਬਹੁਤ ਕੁਝ। ਲਾਈਟ ਐਂਡ ਸਾਊਂਡ ਸ਼ੋਅ ਟਾਪੂ ਦੀਆਂ ਇਤਿਹਾਸਕ ਘਟਨਾਵਾਂ ਨੂੰ ਦਰਸਾਉਂਦਾ ਹੈ ਜੋ ਪੂਰਵ-ਸੁਤੰਤਰ ਯੁੱਗ ਦੌਰਾਨ ਵਾਪਰੀਆਂ ਸਨ, ਪਹਿਲੇ ਪ੍ਰਬੰਧਕੀ ਬੰਦੋਬਸਤ ਦੀ ਸਥਾਪਨਾ ਅਤੇ ਟਾਪੂਆਂ 'ਤੇ ਵਾਪਰੀਆਂ ਕਈ ਹੋਰ ਇਤਿਹਾਸਕ ਘਟਨਾਵਾਂ ਬਾਰੇ ਤਫ਼ਸੀਲ ਨਾਲ ਦੱਸਿਆ ਜਾਂਦਾ ਹੈ। ਅਜਾਦੀ ਘੁਲਾਟੀਏ ਦੇ ਸੰਘਰਸ਼ ਨੂੰ ਇਹ ਸ਼ੋਅ ਸ਼ਾਨਦਾਰ ਰੋਸ਼ਨੀ ਅਤੇ ਸੰਗੀਤ ਨਾਲ ਰੋਮਾਂਚਿਤ ਕਰਦਾ ਹੋਇਆ ਪੇਸ਼ ਕਰਦਾ ਹੈ। ਇਹ ਟਾਪੂ ਪੰਛੀਆਂ ਦੀਆਂ ਕਈ ਕਿਸਮਾਂ ਦਾ ਘਰ ਵੀ ਹੈ ਜੋ ਕਿ ਯਾਤਰੀਆਂ ਦੇ ਆਲੇ-ਦੁਆਲੇ ਚੀ-ਚੀ ਕਰਦੇ ਅਤੇ ਟਹਿਲਦੇ ਹੋਏ ਇੱਕ ਸ਼ਾਨਦਾਰ ਮਾਹੌਲ ਪੇਸ਼ ਕਰਦੇ ਹਨ। ਨਾਰੀਅਲ ਦੇ ਲੰਮ-ਸਲੰਮੇ ਦਰੱਖਤ ਸਮੁੰਦਰ ਵੱਲ ਨੂੰ ਝੁਕੇ ਹੋਏ ਇੰਝ ਪ੍ਰਤੀਤ ਹੋ ਰਹੇ ਹਨ ਜਿਵੇਂ ਆਪਸ ਵਿੱਚ ਗੱਲਬਾਤ ਕਰਦੇ ਹੋਣ।

**ਨਾਰਥ ਬੇ ਟਾਪੂ:** ਉੱਤਰੀ ਖਾੜੀ ਟਾਪੂ, ਇਹ ਟਾਪੂ ਸ਼ੀਸ਼ੇ ਦੇ ਸਾਫ਼ ਸੁਨਹਿਰੀ ਰੰਗ ਦੇ ਪਾਣੀ ਨਾਲ ਘਿਰਿਆ

**(ਬਾਕੀ ਅਗਲੇ ਸਫੇ 'ਤੇ)**


















# ਠਾਠਾਂ ਮਾਰਦਾ ਸਮੁੰਦਰ ਅਤੇ ਦਿਲਕਸ਼ ਬੀਚਾਂ ਦੀ ਧਰਤੀ: ਅੰਡੇਮਾਨ ਨਿਕੋਬਾਰ

(ਸਫਾ 27 ਦੀ ਬਾਕੀ)

ਹੋਇਆ ਹੈ। ਬੀਚ ਦੀ ਚਿੱਟੀ ਰੇਤ ਧੁੱਪ ਵਿੱਚ ਲਿਸ਼ਕਾਰੇ ਮਾਰਦੀ ਹੈ। ਸਮੁੰਦਰ ਕੁਝ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਨੀਲਮ ਪਿਘਲ ਕੇ ਕਾਇਨਾਤ ਵਿਚ ਫੈਲ ਗਿਆ ਹੋਵੇ। ਇਹ ਸਭ ਰੂਹ ਨੂੰ ਸਾਰਸ਼ਾਰ ਕਰਦੇ ਦ੍ਰਿਸ਼ ਸਨ। ਇਸ ਟਾਪੂ ਬਾਰੇ ਸਭ ਤੋਂ ਦਿਲਚਸਪ ਚੀਜ਼ਾਂ ਵਿੱਚੋਂ ਇੱਕ ਇਹ ਹੈ ਕਿ ਇਸ ਦੀ ਤਸਵੀਰ ਪੁਰਾਣੇ ਭਾਰਤੀ 20 ਰੁਪਏ ਦੇ ਪਿਛਲੇ ਪਾਸੇ ਦਿਖਾਈ ਗਈ ਹੈ। ਇਸ ਟਾਪੂ ਉਪਰ ਉਪਲਬਧ ਸਾਹਸੀ ਖੇਡਾਂ ਇਸ ਪ੍ਰਕਾਰ ਹਨ: ਸਕੂਬਾ ਡਾਇਵਿੰਗ, ਪੈਰਾਸੇਲਿੰਗ, ਸਫਾਰੀ ਸਬਮਰੀਨ ਰਾਈਡ ਸਨੌਰਕਲਿੰਗ ਆਦਿ।ਸਕੂਬਾ ਡਾਇਵਿੰਗ ਇਸ ਟਾਪੂ ਉਪਰ ਸਭ ਤੋਂ ਜਿਆਦਾ ਕੀਤੀ ਜਾਣ ਵਾਲੀ ਗਤੀਵਿਧੀ ਹੈ।

ਸਕੂਬਾ ਡਾਈਵਿੰਗਇੱਕ ਖੇਡ ਦੇ ਤੌਰ 'ਤੇ ਉਦੋਂ ਸ਼ੁਰੂਹੁੰਦੀ ਹੈ ਜਦੋਂ ਕੋਈ ਵਿਅਕਤੀ ਸਮੁੰਦਰ ਦੇ ਅੰਦਰ ਰੋਮਾਚਕ ਦ੍ਰਿਸ਼ ਵੇਖਣ ਲਈ ਦੀ ਪਾਣੀ ਦੇ ਅੰਦਰ ਗੋਤਾਖੋਰੀ ਕਰਦਾ ਹੈ। ਤੁਸੀਂ ਸਕੂਬਾ ਗੋਤਾਖੋਰੀ ਨੂੰ ਪਾਣੀ ਦੇ ਅੰਦਰ ਮੌਜੂਦ ਸੁੰਦਰਤਾ ਅਤੇ ਕੁਦਰਤ ਦਾ ਅਨੁਭਵ ਲੈਣ ਵਾਲੇ ਤਜਰਬੇ ਵਜੋਂ ਸੋਚ ਸਕਦੇ ਹੋ। ਇਸ ਦੇ ਨਾਲ ਹੀ ਪੈਰਾਸੇਲਿੰਗ ਦਾ ਹੈਰਾਨੀਜਨਕ ਅਨੁਭਵ ਵੀ ਤੁਹਾਡੇ ਲਈ ਉਪਲਬਧ ਹੈ। ਪੈਰਾਸੇਲਿੰਗ ਸਭ ਤੋਂ ਸਾਹਸੀ ਗਤੀਵਿਧੀ ਵਿੱਚੋਂ ਇੱਕ ਹੈ ਜੋ ਤੁਸੀਂ ਨਾਰਥ ਬੇ ਵਿੱਚ ਕਰ ਸਕਦੇ ਹੋ। ਸਮੁੰਦਰੀ ਕਿਨਾਰਿਆਂ ਅਤੇ ਡੂੰਘੇ ਸਮੁੰਦਰਾਂ ਦੇ ਨੇੜੇ ਹਵਾ ਵਿੱਚ ਵਿਸ਼ਾਲ ਨੀਲੇ ਸਮੁੰਦਰ ਨੂੰ ਨਿਹਾਰਨ ਦਾ ਆਪਣਾ ਹੀ ਇਕ ਅਨੰਦ ਹੈ।ਜੇਕਰ ਤੁਸੀਂ ਅਰਾਮਦਾਇਕ ਸਕੂਬਾ ਡਾਇਵਿੰਗ ਦੀ ਬਜਾਇ ਅਰਾਮਦਾਇਕ ਪਾਣੀ ਦੇ ਅੰਦਰ ਦੀ ਯਾਤਰਾ ਕਰਨਾ ਚਾਹੁੰਦੇ ਹੋ ਤਾਂ ਅਰਧ ਪਣਡੁੱਬੀ ਤੁਹਾਡੇ ਲਈ ਇਕ ਉੱਤਮ ਵਿਕਲਪ ਹੈ। ਇਹ ਉਹਨਾਂ ਲੋਕਾਂ ਲਈ ਸੰਪੂਰਨ ਹੈ ਜੋ ਆਪਣੇ ਕੈਬਿਨ ਦੇ ਆਰਾਮ ਤੋਂ ਕੋਰਲ ਅਤੇ ਮੱਛੀਆਂ ਦੀ ਅਦਭੁਤ ਅੰਡਰਵਾਟਰ ਦੁਨੀਆ ਦਾ ਅਨੁਭਵ ਕਰਨਾ ਚਾਹੁੰਦੇ ਹਨ। ਅਸੀਂ ਸਾਰੇ ਦੋਸਤਾਂ ਨੇ ਇਸ ਸਫਰ ਦਾ ਖੂਬ ਅਨੰਦ ਮਾਣਿਆ। ਪਾਣੀ ਦੇ ਅੰਦਰ ਦੀ ਦੁਨੀਆਂ ਨੂੰ ਵੇਖਣਾ ਇਕ ਅਲੋਕਿਕ ਦ੍ਰਿਸ਼ ਵਾਂਗ ਜਾਪ ਰਿਹਾ ਸੀ।

**ਬਾਰਾਤਾਂਗ:** ਇੱਕ ਛੋਟਾ ਜਿਹਾ ਟਾਪੂ ਹੈ ਜੋ ਦੱਖਣ ਅਤੇ ਮੱਧ ਅੰਡੇਮਾਨ ਦੇ ਵਿਚਕਾਰ ਸਥਿਤ ਹੈ ਅਤੇ ਕਈ ਕੁਦਰਤੀ ਅਜੂਬਿਆਂ ਦਾ ਘਰ ਹੈ। ਬਾਰਾਤੰਗ ਟਾਪੂ ਤੋਂ ਪੋਰਟ ਬਲੇਅਰ ਦੀ ਦੂਰੀ ਤਕਰੀਬਨ 101 ਕਿਲੋਮੀਟਰ ਹੈ। ਤੁਸੀਂ ਨੀਲਾਂਬਰ ਜੈਟੀ 'ਤੇ ਆਸਾਨੀ ਨਾਲ ਕਿਸ਼ਤੀ ਪ੍ਰਾਪਤ ਕਰ ਸਕਦੇ ਹੋ ਜੋ ਤੁਹਾਨੂੰ ਪ੍ਰਸਿੱਧ ਗੁਫਾਵਾਂ ਤੱਕ ਲੈ ਜਾਵੇਗੀ। ਮੈਂਗਰੋਵ ਖਾੜੀਆਂ, ਚੂਨੇ ਦੇ ਪੱਥਰ ਦੀਆਂ ਗੁਫਾਵਾਂ ਅਤੇ ਜੰਗਲਾਂ ਦੇ ਵਿਚਕਾਰ ਵਾਟਰ ਫਾਲ ਆਦਿ ਇਸ ਦੀ ਸੁੰਦਰਤਾ ਨੂੰ ਚਾਰ-ਚੰਨ ਲਾਉਂਦੇ ਹਨ। ਇੱਕ ਵਾਰ ਜਦੋਂ ਤੁਸੀਂ ਨਯਾਡੇਰਾ ਵਿਖੇ ਲੱਕੜ ਦੀ ਜੈਟੀ 'ਤੇ ਪਹੁੰਚ ਜਾਂਦੇ ਹੋ ਤਾਂ ਤੁਹਾਨੂੰ ਕੁਦਰਤ ਦੀ ਇਸ ਸੁੰਦਰਤਾ ਨੂੰ ਵੇਖਣ ਲਈ ਲਗਭਗ 1.2 ਕਿਲੋਮੀਟਰ ਪੈਦਲ ਚੱਲਣਾ ਪਏਗਾ।

ਯਾਤਰਾ ਦੇ ਸ਼ੁਰੂਆਤੀ ਬਿੰਦੂ 'ਤੇ ਵਣ-ਵਿਭਾਗਦੀ ਜਾਂਚ ਚੌਕੀ ਹੈ। ਬਾਰਾਤੰਗ ਜੈਟੀ ਵੱਲ ਜਾਣ ਵਾਲੇ ਸਾਰੇ ਟੂਰਿਸਟ ਇੱਥੋਂ ਸਮੂਹਾਂ ਵਿੱਚ ਯਾਤਰਾ ਸ਼ੁਰੂ ਕਰਦੇ ਹਨ। ਸੁਰੱਖਿਆ ਕਰਮੀ ਹਰ ਸਮੂਹ ਦੇ ਨਾਲ ਚੱਲਦੇ ਹਨ। ਇਹ ਸਥਾਨ ਜਾਰਵਾਂ ਆਦਿਵਾਸੀਆਂ ਲਈ ਰਾਖਵਾਂ ਖੇਤਰ ਦਾ ਸ਼ੁਰੂਆਤੀ ਸਥਾਨ ਹੈ।ਇੱਕ ਵਾਰ ਜਦੋਂ ਯਾਤਰਾ ਚੈੱਕ ਪੋਸਟ 'ਤੇ ਸ਼ੁਰੂ ਹੁੰਦੀ ਹੈ ਤਾਂ ਬਾਰਾਤੰਗ ਜੇਟੀ ਸਥਾਨ ਵਲ ਜਾਂਦੇ ਹੋਏ ਸੰਘਣੇ ਹਰੇ ਜੰਗਲ ਤੁਹਾਡੀ ਯਾਤਰਾ ਦੇ ਗਵਾਹ ਬਣਨਗੇ। ਜੰਗਲੀ ਖੇਤਰ ਵਿੱਚ ਫੋਟੋਗ੍ਰਾਫੀ ਦੀ ਸਖ਼ਤ ਮਨਾਹੀ ਹੈ। ਡਿਫਾਲਟਰ ਦੇ ਸਾਜ਼ੋ-ਸਮਾਨ ਨੂੰ ਸੁਰੱਖਿਆ ਲੋਕਾਂ ਦੁਆਰਾ ਜ਼ਬਤ ਵੀ ਕੀਤਾ ਜਾ ਸਕਦਾ ਹੈ। ਇਸ ਜੰਗਲ ਯਾਤਰਾ ਦੌਰਾਨ ਜਾਰਵਾਂ ਕਬੀਲੇ ਬਹੁਤ ਸਾਰੀਆਂ ਥਾਵਾਂ 'ਤੇ ਆਪਣੇ ਰਿਵਾਇਤੀ ਹਥਿਆਰ ਜਿਵੇਂ ਭਾਲਾ,ਤੀਰ ਆਦਿ ਹਥਿਆਰ ਫੜੇ ਹੋਏ ਦਿਖਾਈ ਦਿੰਦੇ ਹਨ ਜੋ ਸ਼ਿਕਾਰ ਲਈ ਵਰਤੇ ਜਾਂਦੇ ਹਨ। ਉਨ੍ਹਾਂ ਨਾਲ ਗੱਲਬਾਤ ਕਰਨ, ਉਹਨਾਂ ਨੂੰ ਭੋਜਨ, ਤੋਹਫ਼ੇ ਦੇਣ ਜਾਂ ਉਹਨਾਂ ਦੀਆਂ ਤਸਵੀਰਾਂ ਨੂੰ ਕਲਿੱਕ ਕਰਨ ਦੀ ਆਗਿਆ ਨਹੀਂ ਹੈ। ਅਜਿਹੇ ਕਰਦੇ ਹੋਏ ਫੜੇ ਜਾਣ ਤੇ ਭਾਰੀ ਜੁਰਮਾਨਾ ਅਤੇ ਕੈਦ ਵੀ ਹੋ ਸਕਦੀ ਹੈ।

ਅੰਡੇਮਾਨ ਵਿਖੇ ਇਹ ਕੁਦਰਤੀ ਤੌਰ 'ਤੇ ਬਣੇ ਚੂਨੇ ਦੇ ਪੱਥਰ ਦੀਆਂ ਗੁਫਾਵਾਂ ਤੁਹਾਡੀਆਂ ਲਈ ਅਦਭੁੱਤ ਦੁਨੀਆਂ ਦਾ ਰਹੱਸ ਪੇਸ਼ ਕਰਦੀਆਂ ਹਨ। ਇਨ੍ਹਾਂ ਗੁਫਾਵਾਂ ਤੱਕ ਪਹੁੰਚਣ ਲਈ ਸੰਘਣੇ ਮੈਂਗਰੋਵ ਜੰਗਲਾਂ ਵਿੱਚੋਂ ਤੁਹਾਡਾ ਸਫ਼ਰ ਹੋਰ ਵੀ ਅਨੰਦਿਤ ਹੋ ਜਾਂਦਾ ਹੈ। ਮੈਂਗਰੋਵ ਦੇ ਵਿਚਕਾਰ ਦਾ ਸਫ਼ਰ ਮੇਰੀ ਜ਼ਿੰਦਗੀ ਦਾ ਸਭ ਤੋਂ ਰੋਮਾਚਕ ਸਫ਼ਰ ਹੋ ਨਿਬੜਿਆ। ਚੂਨੇ ਤੋਂ ਬਣੇ ਪਹਾੜਾਂ ਦੇ ਸੁੰਦਰ ਢਾਂਚਿਆਂ ਨੂੰ ਨੇੜੇ ਤੋਂ ਵੇਖਣਾ ਇੱਕ ਜਾਦੂਈ ਅਨੁਭਵ ਹੈ। ਬਾਰਾਤਾਂਗ ਵਿੱਚ ਤੋਤਾ ਟਾਪੂ ਇੱਕ ਸਮਤਲ ਟਾਪੂ ਹੈ, ਜੋ ਹਰੇ-ਭਰੇ ਰੁੱਖਾਂ ਅਤੇ ਮੈਂਗਰੋਵਜ਼ ਨਾਲ ਢੱਕਿਆ ਹੋਇਆ ਹੈ। ਰੁੱਖਾਂ ਵਿੱਚ ਵੱਡੀ ਗਿਣਤੀ ਵਿੱਚ ਤੋਤਿਆਂ ਦਾ ਘਰ ਹੁੰਦਾ ਹੈ ਜੋ ਸੂਰਜ ਡੁੱਬਣ ਦੇ ਨਾਲ-ਨਾਲ ਆਪਣੇ ਆਲ੍ਹਣੇ ਵਿੱਚ ਵਾਪਸ ਆਉਂਦੇ ਦੇਖਿਆ ਜਾ ਸਕਦਾ ਹੈ। ਹਾਲਾਂਕਿ ਇਹ ਤਜਰਬਾ ਮਨਮੋਹਕ ਹੈ, ਪਰ ਇਸਨੂੰ ਦੇਖਣ ਦੇ ਯੋਗ ਹੋਣ ਲਈ ਕਿਸੇ ਨੂੰ ਬਾਰਾਤਾਂਗ ਵਿੱਚ ਇੱਕ ਰਾਤ ਰੁਕਣ ਦੀ ਲੋੜ ਹੁੰਦੀ ਹੈ। ਮੇਰੇ ਲਈ ਇਹ ਬਹੁਤ ਹੀ ਯਾਦਗਾਰੀ ਪਲ ਸਨ।

**ਹੈਵਲਾਕ ਟਾਪੂ (ਸਵਰਾਜਦੀਪ):** ਹੈਵਲਾਕ ਟਾਪੂ ਅੰਡੇਮਾਨ ਦੀਪ ਸਮੂਹ ਵਿੱਚ ਸਭ ਤੋਂ ਵੱਧ ਵੇਖੇ ਜਾਣ ਵਾਲੇ ਟਾਪੂਆਂ ਵਿੱਚੋਂ ਇੱਕ ਹੈ। ਇਹ ਟਾਪੂ ਅੰਡੇਮਾਨ ਟਾਪੂ ਦੇ ਦੂਜੇ ਟਾਪੂਆਂ ਤੋਂ ਬਹੁਤ ਵਿਲੱਖਣ ਸਥਾਨ ਰੱਖਦਾ ਹੈ। ਇੱਥੇ ਦੱਸ ਦੇਵਾ ਕਿ 30 ਦਸੰਬਰ 2018 ਨੂੰ, ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਹੈਵਲੌਕ ਆਈਲੈਂਡ ਦਾ ਨਾਮ ਬਦਲ ਕੇ 'ਸਵਰਾਜ ਦੀਪ' ਟਾਪੂ ਰੱਖਿਆ। ਹੈਵਲਾਕ ਟਾਪੂ ਪੋਰਟ ਬਲੇਅਰ ਤੋਂ ਉੱਤਰ-ਪੂਰਬ ਲਗਭਗ 57 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਪੋਰਟ ਬਲੇਅਰ ਤੋਂ ਟਾਪੂ ਤੱਕ ਪਹੁੰਚਣ ਲਈ ਲਗਭਗ 90 ਮਿੰਟ ਤੋਂ ਢਾਈ ਘੰਟੇ ਵੀ ਲੱਗ ਸਕਦੇ ਹਨ। ਤੁਸੀਂ ਵੱਖ-ਵੱਖ ਕਿਸ਼ਤੀਆਂ ਆਨਲਾਈਨ ਬੁੱਕ ਕਰ ਸਕਦੇ ਹੋ। ਮਸ਼ਹੂਰ ਰਾਧਾਨਗਰ ਬੀਚ ਭਾਰਤ ਦੇ ਸਭ ਤੋਂ ਵਧੀਆ ਬੀਚਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਤੈਰਾਕੀ ਅਤੇ ਸੂਰਜ ਨਹਾਉਣ ਲਈ ਵਧੀਆ ਰਧਾਨਗਰ ਬੀਚ ਇੱਕ ਸ਼ਾਨਦਾਰ ਅਨੁਭਵ ਪ੍ਰਦਾਨ ਕਰਦੀ ਹੈ। ਐਲੀਫੈਂਟ ਬੀਚ ਹੈਵਲੌਕ ਟਾਪੂ 'ਤੇ ਵਾਟਰ ਸਪੋਰਟਸ ਗਤੀਵਿਧੀਆਂ ਲਈ ਪ੍ਰਸਿੱਧ ਸਥਾਨਾਂ ਵਿੱਚੋਂ ਇੱਕ ਹੈ। ਇਸ ਸਥਾਨ 'ਤੇ ਤੁਸੀਂ ਸੀ ਵਾਕਿੰਗ, ਸਨੌਰਕਲਿੰਗ, ਜੈਟ ਸਕੀ ਰਾਈਡ, ਗਲਾਸ ਬਾਟਮ ਬੋਟ ਰਾਈਡ, ਪੈਰਾਸੇਲਿੰਗ ਕਰ ਸਕਦੇ ਹੋ। ਕਲਾਪਾਥਰ ਬੀਚ ਹੈਵਲਾਕ ਟਾਪੂ 'ਤੇ ਇਕ ਹੋਰ ਮਨ ਨੂੰ ਮੋਹ ਲੈਣ ਵਾਲਾ ਸਥਾਨ ਹੈ। ਇਹ ਬੀਚ ਸੂਰਜ ਚੜ੍ਹਨ ਅਤੇ ਫੋਟੋਸ਼ੂਟ ਲਈ ਪ੍ਰਸਿੱਧ ਹੈ। ਹੈਵਲਾਕ ਟਾਪੂ ਆਪਣੀ ਕਿਸਮ ਦਾ ਯਾਤਰਾ ਦੇ ਪੱਖ ਤੋਂ ਉੱਤਮ ਸਥਾਨ ਹੈ ਜਿਹੜਾ ਇੱਥੇ ਇਕ ਵਾਰ ਜਾਏਗਾ ਉਸ ਦੀ ਫਿਰ ਕੋਸ਼ਿਸ਼ ਰਹੇਗੀ ਕਿ ਉਹ ਫਿਰ ਬਾਰ-ਬਾਰ ਇਸ ਸਥਾਨ ਤੇ ਜਾਵੇ।

**ਵਡੂਰ ਬੀਚ:** ਪੋਰਟ ਬਲੇਅਰ ਤੋਂ ਲਗਭਗ 25 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਸੁੰਦਰ ਨਜ਼ਾਰਿਆਂ ਨਾਲ ਲਬਰੇਜ਼ ਬੀਚ ਸਭ ਨੂੰ ਪਸੰਦ ਆਉਂਦੀ ਹੈ। ਇਹ ਮਹਾਤਮਾ ਗਾਂਧੀ ਮਰੀਨ ਨੈਸ਼ਨਲ ਪਾਰਕ ਖੇਤਰ ਦੇ ਨਾਲ-ਨਾਲ ਕਈ ਹੋਰ ਆਕਰਸ਼ਣਾਂ ਦੇ ਅਧੀਨ ਆਉਂਦਾ ਹੈ। ਸਮੁੰਦਰ ਦੀ ਸੁੰਦਰਤਾ, ਵਿਸ਼ਾਲਤਾ ਅਤੇ ਸੁੰਦਰ ਟਾਪੂ ਸਮੁੰਦਰੀ ਕੰਢੇ ਤੋਂ ਅਦਭੁਤ ਦਿਖਾਈ ਦਿੰਦੇ ਹਨ। ਧਿਆਨ ਵਿੱਚ ਰੱਖਣ ਵਾਲੀ ਇੱਕ ਗੱਲ ਇਹ ਹੈ ਕਿ ਵਾਂਡੂਰ ਬੀਚ ਦੇ ਜੰਗਲਾਂ ਦੇ ਨੇੜੇ ਮਗਰਮੱਛਾਂ ਕਈ ਵਾਰ ਪਾਏ ਗਏ ਹਨ। ਪ੍ਰਸ਼ਾਸਨ ਨੇ ਉਨ੍ਹਾਂ ਨੂੰ ਇਸ ਥਾਂ ਤੋਂ ਤਬਦੀਲ ਕਰ ਦਿੱਤਾ ਗਿਆ ਹੈ ਫਿਰ ਵੀ ਸਾਡਾ ਸਾਵਧਾਨ ਰਹਿਣਾ ਇਸ ਸਥਾਨ ਦੀ ਮੰਗ ਹਾਂ। ਹਾਂ ਹਰ ਜਗ੍ਹਾ ਤੁਹਾਨੂੰ ਤਾਜ਼ਾ ਨਾਰੀਅਲ ਪਾਣੀ ਪੀਣ ਨੂੰ ਜਰੂਰ ਮਿਲ ਜਾਵੇਗਾ। ਜਿਹੜਾ ਕਿ ਤੁਹਾਨੂੰ ਸਫ਼ਰ ਦੌਰਾਨ ਤਰੋਤਾਜ਼ਾ ਰੱਖਦਾ ਹੈ।

**ਚਿੜੀਆਂ ਟਾਪੂ:** ਅਸੀਂ ਚਿੱੜੀਆ ਟਾਪੂ ਤੇ ਬਤਾਏ ਦਿਨ ਨੂੰ ਕਦੀ ਵੀ ਆਪਣੀ ਜਿੰਦਗੀ ਵਿੱਚ ਨਹੀਂ ਭੁਲਾ ਸਕਦੇ। ਚਿੜੀਆ ਟਾਪੂ ਕੁਦਰਤ ਪ੍ਰੇਮੀਆਂ ਲਈ ਇੱਕ ਫਿਰਦੌਸ ਹੈ। ਚਿੜੀਆ ਟਾਪੂ ਪੋਰਟ ਬਲੇਅਰ ਤੋਂ ਤਕਰੀਬਨ 30 ਕਿ-ਲੋਮੀਟਰ ਦੂਰ ਸਥਿਤ ਹੈ ਅਤੇ ਇੱਕ ਕੈਬ ਜਾਂ ਟੈਕਸੀ ਕਿਰਾਏ 'ਤੇ ਲੈ ਕੇ ਸੜਕ ਰਾਹੀਂ ਪਹੁੰਚਿਆ ਜਾ ਸਕਦਾ ਹੈ।ਚਿੜੀਆ ਟਾਪੂ ਨਾ ਸਿਰਫ ਸੁੰਦਰ ਪੰਛੀਆਂ ਲਈ ਮਸ਼ਹੂਰ ਹੈ, ਸਗੋਂ ਸ਼ਾਨਦਾਰ ਟ੍ਰੈਕਿੰਗ ਟ੍ਰੇਲ ਅਤੇ ਸ਼ਾਨਦਾਰ ਸੂਰਜ ਡੁੱਬਣ ਦੇ ਦ੍ਰਿਸ਼ ਲਈ ਵੀ ਪ੍ਰਸਿੱਧ ਹੈ। ਇਹ ਟਾਪੂ ਪੰਛੀਆਂ ਦੇਸੀ ਅਤੇ ਪਰਵਾਸੀ ਪੰਛੀ ਦੀਆਂ ਕਈ ਕਿਸਮਾਂ ਦੀ ਮੇਜ਼ਬਾਨੀ ਲਈ ਪੂਰੇ ਦੇਸ਼ ਵਿੱਚ ਮਸ਼ਹੂਰ ਹੈ। ਪੰਛੀ ਇੱਥੇ ਆਕਾਸ਼ ਨੂੰ ਸਜਾਉਂਦੇ ਹੋਏ ਵੇਖੇ ਜਾ ਸਕਦੇ ਹਨ ਜਿਹੜੇ ਕਿ ਕੁਦਰਤ ਪ੍ਰੇਮੀਆਂ ਲਈ ਇਕ ਦਿਲ ਨੂੰ ਛੂਹ ਲੈਣ ਵਾਲੇ ਪਲ ਹੁੰਦੇ ਹਨ। 2001 ਵਿੱਚ ਸਥਾਪਿਤ ਕੀਤੇ ਗਏ ਚਿੜੀਆ ਟਾਪੂ ਜੈਵਿਕ ਪਾਰਕ ਵਿੱਚ ਅੰਡੇਮਾਨ ਟਾਪੂਆਂ ਦੀ ਅਮੀਰ ਜੈਵ ਵਿਭਿੰਨਤਾ ਅਤੇ ਸੰਭਾਲ ਨੂੰ ਤੁਹਾਨੂੰ ਨੇੜੇ ਹੋ ਕੇ ਵੇਖਣ ਦਾ ਮੌਕਾ ਮਿਲਦਾ ਹੈ। ਅੰਡੇਮਾਨ ਦਾ ਇਹ ਟਾਪੂ ਸਮੁੰਦਰ ਦੇ ਸ਼ਾਨਦਾਰ ਦ੍ਰਿਸ਼ਾਂ ਦਾ ਖਜ਼ਾਨਾ ਵੀ ਹੈ।

ਚਿੜੀਆ ਟਾਪੂ 'ਦ ਸਨਸੈਟ ਪੁਆਇੰਟ' ਦੇ ਰੂਪ ਵਿੱਚ ਵੀ ਬਹੁਤ ਮਸ਼ਹੂਰ ਹੈ, ਇਸ ਲਈ ਤੁਸੀਂ ਪੂਰੇ ਦਿਨ ਦੇ ਅੰਤ ਵਿੱਚ ਸਮੁੰਦਰੀ ਕਿਨਾਰੇ ਤੇ ਜਾ ਸਕਦੇ ਹੋ ਅਤੇ ਸਮੁੰਦਰ ਦੇ ਪਾਣੀਆਂ ਦੇ ਉਪਰ ਸੂਰਜ ਨੂੰ ਡੁੱਬਦੇ ਹੋਏ ਨੂੰ ਨਿਹਾਰ ਸਕਦੇ ਹੋ। ਸਮੁੰਦਰ ਦੀਆਂ ਲਹਿਰਾਂ ਕਦੇ ਉੱਚੀਆਂ ਕਦੇ ਨੀਵੀਆਂ ਵਹਿੰਦੀਆਂ ਹਨ। ਫਿਰ ਕਦੇ ਸ਼ਾਤ ਹੋ ਜਾਂਦੀਆਂ ਹਨ। ਕਦੇ ਇਹ ਹੜਾਂ ਦਾ ਕਾਰਨ ਵੀ ਬਣਦੀਆਂ ਹਨ । ਬੀਚ 'ਤੇ ਅਜੇ ਵੀ ਉਨ੍ਹਾਂ ਰੁੱਖਾਂ ਦੇ ਅਵਸ਼ੇਸ਼ ਹਨ ਜੋ ਕਿ 2004 ਦੀ ਸੁਨਾਮੀ ਦੌਰਾਨ ਉੱਖੜ ਗਏ ਸਨ। ਬੀਚ ਦੇ ਕਿਨਾਰੇ ਵੀ ਸਾਗਰ ਦੀਆਂ ਕਹਿਰ ਢਾਉਣ ਵਾਲੀਆਂ ਛੱਲਾਂ ਦੀ ਮਾਰ ਹੇਠ ਆ ਗਏ ਸਨ। ਸਮੁੰਦਰ ਦੀਆਂ ਲਹਿਰਾਂ ਕਦੇ ਉੱਚੀਆਂ ਕਦੇ ਨੀਵੀਆਂ ਵਹਿੰਦੀਆਂ ਹਨ। ਇੱਥੇ ਦੱਸਦੇ ਹੋਏ ਦੁੱਖ ਹੋ ਰਿਹਾ ਹੈ ਕਿ 2004 ਵਿੱਚ ਆਈ ਸੁਨਾਮੀ ਨੇ ਅੰਡੇਮਾਨ ਦੇ ਕਈ ਖੇਤਰਾਂ ਵਿੱਚ ਬਹੁਤ ਜਾਨੀ-ਮਾਲੀ ਨੁਕਸਾਨ ਕੀਤਾ ਸੀ। ਟ੍ਰੈਕ ਪ੍ਰੇਮੀਆਂ ਕੋਲ ਆਪਣੀ ਦਿਲਚਸਪੀ ਦੀ ਗਤੀਵਿਧੀ ਵਿੱਚ ਸ਼ਾਮਲ ਹੋਣ ਦਾ ਮੌਕਾ ਹੁੰਦਾ ਹੈ। ਮੁੰਡਾਪਹਾੜ ਦੀ ਯਾਤਰਾ ਚਿੜੀਆ ਟਾਪੂ ਬੀਚ ਦੇ ਕਿਨਾਰੇ ਤੋਂ ਸ਼ੁਰੂ ਹੁੰਦੀ ਹੈ। ਮੁੰਡਾਪਹਾੜ ਤੱਕ ਪਹੁੰਚਣ, ਜੰਗਲ ਦੇ ਉਜਾੜ ਦੀ ਪੜਚੋਲ ਕਰਨ ਅਤੇ ਆਨੰਦ ਲੈਣ ਲਈ ਟ੍ਰੈਕਿੰਗ ਟ੍ਰੇਲ ਸੰਘਣੇ ਜੰਗਲ ਅਤੇ ਇੱਕ ਸੁੰਦਰ ਤੱਟਰੇਖਾ ਵਿੱਚੋਂ ਲੰਘਦਾ ਹੈ। ਇਸ ਲਈ ਤੁਹਾਨੂੰ ਚਿੜੀਆ ਟਾਪੂ ਵਿਖੇ ਦੁਪਹਿਰ 2 ਵਜੇ ਤੋਂ ਪਹਿਲਾ ਪਹੁੰਚਣਾ ਪਵੇਗਾ।

ਇਹ ਤਾਂ ਸਿਰਫ਼ ਕੁੱਝ ਚੋਣਵੇਂ ਟਾਪੂਆਂ ਦੀ ਜਾਣਕਾਰੀ ਤੁਹਾਡੇ ਨਾਲ ਸਾਂਝੀ ਕੀਤੀ ਹੈ, ਇਨ੍ਹਾਂ ਤੋਂ ਇਲਾਵਾਂ ਵੀ ਬਹੁਤ ਕੁੱਝ ਹੋਰ ਵੀ ਹੈ ਜਿਸ ਬਾਰੇ ਫਿਰ ਕਦੇ ਗੱਲ ਕਰਾਂਗੇ। ਸੱਚਮੁੱਚ ਹੀ ਇਨ੍ਹਾਂ ਦੀਪਾਂ ਵਿੱਚ ਬਿਤਾਏ ਦਿਨ ਇਕ ਸੁਨਿਹਰੀ ਅਨੁਭਵ ਵਜੋਂ ਸਾਨੂੰ ਸਾਰਿਆਂ ਨੂੰ ਯਾਦ ਆਉਂਦੇ ਰਹਿਣਗੇ, ਅੰਡੇਮਾਨ ਦੀਪ ਸਮੂਹਾਂ ਤੋਂ ਜਦੋਂ ਹਵਾਈ ਜਹਾਜ਼ ਨੇ ਵਾਪਸੀ ਲਈ ਉਡਾਣ ਭਰੀ ਤਾਂ ਸਮੁੰਦਰ ਦੀ ਹੀ ਤਰ੍ਹਾਂ ਇੱਥੇ ਬਿਤਾਏ ਯਾਦਗਾਰੀ ਪਲ ਲਹਿਰਾਂ ਵਾਂਗ ਦਿਲ-ਦਿਮਾਗ ਦੇ ਕਿਸ ਕੋਨੇ ਤੇ ਕਦੇ ਉਪਰ ਕਦੇ ਹੇਠਾਂ ਵਹਿ ਰਹੇ ਪ੍ਰਤੀਤ ਹੋ ਰਹੇ ਸਨ ਅਤੇ ਮਨ ਵਿੱਚ ਇਹੀ ਸਵਾਲ ਆ ਰਿਹਾ ਸੀ ਕੀ ਅਗਲੀ ਵਾਰ ਕਦੋਂ ਇੱਥੇ ਆਉਣੇ ਹੋਣਗੇ..?











# 'ਰੰਗ ਬਰੰਗੀ' ਪੰਜਾਬੀ ਵੈਬ ਸੀਰੀਜ ਦੇ ਸਿਤਾਰੇ

– ਅੰਮ੍ਰਿਤ ਪਵਾਰ




### ਬੂਹੇ ਬਾਰੀਆਂ' ਫਿਲਮ ਲੈ ਕੇ ਆ ਰਹੀਆਂ ਪੰਜਾਬੀ ਭੈਣਾਂ ਨੀਰੂ ਤੇ ਰੂਬੀਨਾ ਬਾਜਵਾ

ਪੰਜਾਬੀ ਐਕਟਰਸ ਨੀਰੂ ਨੇ ਹਾਲ ਹੀ ਵਿੱਚ ਬੂਹੇ ਬਾਰੀਆਂ ਨਾਂਅ ਦੀ ਨਵੀਂ ਫਿਲਮ ਦਾ ਐਲਾਨ ਕੀਤਾ ਹੈ। ਦੱਸ ਦਈਏ ਕਿ ਬੂਹੇ ਬਾਰੀਆਂ ਹਦੀਕਾ ਕੀਨਾ ਦਾ ਇੱਕ ਬਹੁਤ ਹੀ ਪ੍ਰਸਿੱਧ ਗੀਤ ਹੈ। ਇਸ ਤੋਂ ਇਲਾਵਾ, ਨੀਰੂ ਬਾਜਵਾ ਦੇ ਨਾਲ'ਬੂਹੇ ਬਾਰੀਆਂ' ਫਿਲਮ ਲੈ ਕੇ ਆ ਰਹੀਆਂ ਪੰਜਾਬੀ ਭੈਣਾਂ ਨੀਰੂ ਤੇ ਰੂਬੀਨਾ ਬਾਜਵਾ।

ਪੰਜਾਬੀ ਐਕਟਰਸ ਨੀਰੂ ਨੇ ਹਾਲ ਹੀ ਵਿੱਚ ਬੂਹੇ ਬਾਰੀਆਂ ਨਾਂਅ ਦੀ ਨਵੀਂ ਫਿਲਮ ਦਾ ਐਲਾਨ ਕੀਤਾ ਹੈ। ਦੱਸ ਦਈਏ ਕਿ ਬੂਹੇ ਬਾਰੀਆਂ ਹਦੀਕਾ ਕੀਨਾ ਦਾ ਇੱਕ ਬਹੁਤ ਹੀ ਪ੍ਰਸਿੱਧ ਗੀਤ ਹੈ। ਇਸ ਤੋਂ ਇਲਾਵਾ, ਨੀਰੂ ਬਾਜਵਾ ਦੇ ਨਾਲ ਫਿਲਮ ਵਿੱਚ ਰੁਬੀਨਾ ਬਾਜਵਾ ਵੀ ਮੁੱਖ ਭੂਮਿਕਾ ਵਿੱਚ ਹੈ।

ਇਸ ਦੇ ਨਾਲ ਹੀ ਇਸ ਫਿਲਮ ਵਿਚ ਦੋਵਾਂ ਖ਼ੂਬਸੂਰਤ ਭੈਣਾਂ ਦੀ ਜੋੜੀ ਦੇ ਨਾਲ ਮੇਲ ਲੀਡ ਰੋਲ 'ਵਿਚ ਕਿਹੜੀ ਐਕਟਰ ਨੂੰ ਸਪੇਸ ਮਿਲੀ ਹੈ ਇਸ ਬਾਰੇ ਖੁਲਾਸਾ ਨਹੀਂ ਹੋਇਆ। ਜਿਸ ਤੋਂ ਬਾਅਦ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਇੱਕ ਫੀਮੇਲ ਓਰੀਐਂਟਿਡ ਫਿਲਮ ਹੋ ਸਕਦੀ ਹੈ। ਇਸ ਸਭ ਦੇ ਨਾਲ ਦੱਸ ਦਈਏ ਕਿ ਫਿਲਮ ਬੂਹੇ ਬਰੀਆਂ ਦਾ ਫਸਟ ਲੁੱਕ ਪੋਸਟਰ ਵੀ ਆਊਟ ਹੋ ਗਿਆ ਹੈ ਤੇ ਫੈਨਸ ਇਸ ਨੂੰ ਬਹੁਤ ਪਸੰਦ ਕਰ ਰਹੇ ਹਨ।






ਫਿਲਮ ਦੀ ਰਿਲੀਜ਼ ਦੀ ਗੱਲ ਕਰੀਏ ਤਾਂ ਬੂਹੇ ਬਰੀਆਂ 29 ਸਤੰਬਰ, 2023 ਨੂੰ ਵੱਡੇ ਪਰਦੇ 'ਤੇ ਆਉਣ ਵਾਲੀ ਹੈ। ਇਸ ਦੇ ਕ੍ਰੈਡਿਟ ਦੀ ਗੱਲ ਕੀਤੀ ਜਾਵੇ ਤਾਂ ਆਉਣ ਵਾਲੀ ਫਿਲਮ ਦਾ ਡਾਇਰੈਕਸ਼ਨ ਉਦੈ ਪ੍ਰਤਾਪ ਸਿੰਘ ਨੇ ਕੀਤਾ ਹੈ ਤੇ ਜਗਦੀਪ ਵੜਿੰਗ ਨੇ ਇਸ ਨੂੰ ਲਿਖਿਆ ਹੈ। ਇਹ ਫਿਲਮ ਨੀਰੂ ਬਾਜਵਾ ਐਂਟਰਟੇਨਮੈਂਟ, ਯੂ ਐਂਡ ਆਈ ਫਿਲਮਜ਼ ਅਤੇ ਲੀਨੀਆਜ਼ ਐਂਟਰਟੇਨਮੈਂਟ ਦੇ ਬੈਨਰ ਹੇਠ ਬਣ ਰਹੀ ਹੈ।ਇਸ ਤੋਂ ਇਲਾਵਾ, ਸਟਾਰ ਕਾਸਟ ਦੀ ਗੱਲ ਕਰੀਏ ਤਾਂ ਨੀਰੂ ਬਾਜਵਾ ਅਤੇ ਰੁਬੀਨਾ ਬਾਜਵਾ ਤੋਂ ਇਲਾਵਾ ਬੂਹੇ ਬਰੀਆਂ ਵਿੱਚ ਨਿਰਮਲ ਰਿਸ਼ੀ, ਜਤਿੰਦਰ ਕੌਰ, ਸਿਮੋਨ ਸਿੰਘ, ਰੁਪਿੰਦਰ ਰੂਪੀ, ਗੁਰਪ੍ਰੀਤ ਭੰਗੂ, ਸੀਮਾ ਕੌਸ਼ਲ, ਬਲਜਿੰਦਰ ਕੌਰ ਅਤੇ ਧਰਮਿੰਦਰ ਕੌਰ ਵੀ ਪ੍ਰਮੁੱਖ ਭੂਮਿਕਾਵਾਂ ਵਿੱਚ ਹਨ। ਫਿਲਮ ਵਿੱਚ ਰੁਬੀਨਾ ਬਾਜਵਾ ਵੀ ਮੁੱਖ ਭੂਮਿਕਾ ਵਿੱਚ ਹੈ।

ਇਸ ਦੇ ਨਾਲ ਹੀ ਇਸ ਫਿਲਮ ਵਿਚ ਦੋਵਾਂ ਖ਼ੂਬਸੂਰਤ ਭੈਣਾਂ ਦੀ ਜੋੜੀ ਦੇ ਨਾਲ ਮੇਲ ਲੀਡ ਰੋਲ 'ਵਿਚ ਕਿਹੜੀ ਐਕਟਰ ਨੂੰ ਸਪੇਸ ਮਿਲੀ ਹੈ ਇਸ ਬਾਰੇ ਖੁਲਾਸਾ ਨਹੀਂ ਹੋਇਆ। ਜਿਸ ਤੋਂ ਬਾਅਦ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਇੱਕ ਫੀਮੇਲ ਓਰੀਐਂਟਿਡ ਫਿਲਮ ਹੋ ਸਕਦੀ ਹੈ। ਇਸ ਸਭ ਦੇ ਨਾਲ ਦੱਸ ਦਈਏ ਕਿ ਫਿਲਮ ਬੂਹੇ ਬਰੀਆਂ ਦਾ ਫਸਟ ਲੁੱਕ ਪੋਸਟਰ ਵੀ ਆਊਟ ਹੋ ਗਿਆ ਹੈ ਤੇ ਫੈਨਸ ਇਸ ਨੂੰ ਬਹੁਤ ਪਸੰਦ ਕਰ ਰਹੇ ਹਨ।

ਫਿਲਮ ਦੀ ਰਿਲੀਜ਼ ਦੀ ਗੱਲ ਕਰੀਏ ਤਾਂ ਬੂਹੇ ਬਰੀਆਂ 29 ਸਤੰਬਰ, 2023 ਨੂੰ ਵੱਡੇ ਪਰਦੇ 'ਤੇ ਆਉਣ ਵਾਲੀ ਹੈ। ਇਸ ਦੇ ਕ੍ਰੈਡਿਟ ਦੀ ਗੱਲ ਕੀਤੀ ਜਾਵੇ ਤਾਂ ਆਉਣ ਵਾਲੀ ਫਿਲਮ ਦਾ ਡਾਇਰੈਕਸ਼ਨ ਉਦੈ ਪ੍ਰਤਾਪ ਸਿੰਘ ਨੇ ਕੀਤਾ ਹੈ ਤੇ ਜਗਦੀਪ ਵੜਿੰਗ ਨੇ ਇਸ ਨੂੰ ਲਿਖਿਆ ਹੈ। ਇਹ ਫਿਲਮ ਨੀਰੂ ਬਾਜਵਾ ਐਂਟਰਟੇਨਮੈਂਟ, ਯੂ ਐਂਡ ਆਈ ਫਿਲਮਜ਼ ਅਤੇ ਲੀਨੀਆਜ਼ ਐਂਟਰਟੇਨਮੈਂਟ ਦੇ ਬੈਨਰ ਹੇਠ ਬਣ ਰਹੀ ਹੈ।ਇਸ ਤੋਂ ਇਲਾਵਾ, ਸਟਾਰ ਕਾਸਟ ਦੀ ਗੱਲ ਕਰੀਏ ਤਾਂ ਨੀਰੂ ਬਾਜਵਾ ਅਤੇ ਰੁਬੀਨਾ ਬਾਜਵਾ ਤੋਂ ਇਲਾਵਾ ਬੂਹੇ ਬਰੀਆਂ ਵਿੱਚ ਨਿਰਮਲ ਰਿਸ਼ੀ, ਜਤਿੰਦਰ ਕੌਰ, ਸਿਮੋਨ ਸਿੰਘ, ਰੁਪਿੰਦਰ ਰੂਪੀ, ਗੁਰਪ੍ਰੀਤ ਭੰਗੂ, ਸੀਮਾ ਕੌਸ਼ਲ, ਬਲਜਿੰਦਰ ਕੌਰ ਅਤੇ ਧਰਮਿੰਦਰ ਕੌਰ ਵੀ ਪ੍ਰਮੁੱਖ ਭੂਮਿਕਾਵਾਂ ਵਿੱਚ ਹਨ।

### ਸ਼ੇਰੇ ਪੰਜਾਬ ਦੇ ਰਾਜ ਦਾ ਉਭਾਰ ਤੇ ਪਤਨ 'ਤੇ ਆਧਾਰਿਤ ਫਿਲਮ "ਉੱਚਾ ਬੁਰਜ ਲਾਹੌਰ ਦਾ"

ਆਪਣੀਆਂ ਸ਼ਾਨਦਾਰ ਫਿਲਮਾਂ ਤੇ ਸ਼ਾਨਦਾਰ ਨਿਰਦੇਸ਼ਨ ਲਈ ਜਾਣਿਆ ਜਾਂਦਾ ਅੰਬਰਦੀਪ ਸਿੰਘ ਕਦੇ ਵੀ ਲੋਕਾਂ ਨੂੰ ਐਂਟਰਟੇਨ ਕਰਨ ਵਿਚ ਨਾਕਾਮਯਾਬ ਨਹੀਂ ਹੋਇਆ। ਇਸ ਪ੍ਰਤਿਭਾਸ਼ਾਲੀ ਫਿਲਮ ਨਿਰਮਾਤਾ ਨੇ ਆਪਣੀ ਆਉਣ ਵਾਲੀ ਫਿਲਮ "ਉੱਚਾ ਬੁਰਜ ਲਾਹੌਰ ਦਾ" ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨ ਦਾ ਐਲਾਨ ਕਰ ਦਿੱਤਾ ਹੈ। ਦੱਸ ਦਈਏ ਕਿ ਅੰਬਰਦੀਪ ਦੀ ਅਗਲੀ ਫਿਲਮ ਸਾਲ 2024 ਵਿੱਚ ਵੱਡੇ ਪਰਦੇ 'ਤੇ ਆਵੇਗੀ।

ਪ੍ਰੋਜੈਕਟ "ਉੱਚਾ ਬੁਰਜ ਲਾਹੌਰ ਦਾ" ਬਾਰੇ ਕਰੀਏ ਤਾਂ ਇਹ ਸਿੱਖ ਸਾਮਰਾਜ ਦੇ ਸਮੇਂ (1850 ਤੋਂ ਪਹਿਲਾਂ) ਬਸਤੀਵਾਦ ਤੋਂ ਪਹਿਲਾਂ ਦੇ ਸਮੇਂ ਵਿੱਚ ਸੈੱਟ ਕੀਤਾ ਗਿਆ ਇੱਕ ਪੀਰੀਅਡ ਡਰਾਮਾ ਹੋਵੇਗਾ। ਇਸ ਦੇ ਨਾਲ ਹੀ ਇਹ ਪੰਜਾਬੀ ਸਿਨੇਮਾ ਵਿਚ ਉਸ ਸਮੇਂ ਦੇ ਦੇਸ ਪੰਜਾਬ ਦੀ ਤਸਵੀਰ ਦਿਖਾਉਂਦੀ ਪਹਿਲੀ ਫਿਲਮ ਹੋਵੇਗੀ।

ਦੱਸ ਦਈਏ ਕਿ ਅੰਬਰਦੀਪ ਸਿੰਘ ਨੇ ਫਿਲਮ ਦੀ ਘੋਸ਼ਣਾ ਬਹੁਤ ਪਹਿਲਾਂ ਕੀਤੀ ਸੀ ਪਰ ਕੋਵਿਡ ਕਾਰਨ ਰਿਲੀਜ਼ ਵਿੱਚ ਦੇਰੀ ਹੋ ਗਈ। ਹਾਲਾਂਕਿ ਇਹ ਫਿਲਮ ਹੁਣ ਦਰਸ਼ਕਾਂ ਦਾ ਮਨੋਰੰਜਨ ਕਰਨ ਲਈ ਤਿਆਰ ਹੈ। ਅੰਬਰ ਨੇ ਆਪਣੇ ਇੰਸਟਾਗ੍ਰਾਮ ਹੈਂਡਲ 'ਤੇ ਇਸ ਦਾ ਐਲਾਨ ਕੀਤਾ ਤੇ ਕੈਪਸ਼ਨ ਵਿੱਚ ਉਸਨੇ 2024 ਵਿਚ ਫਿਲਮ ਦੀ ਰਿਲੀਜ਼ ਡੇਟ ਦਾ ਹਿੰਟ ਦਿੱਤਾ।




ਨਿਰਭੈਤਾ ਦਾ ਪ੍ਰਦਰਸ਼ਨ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਸਿੱਖ ਰਾਜ ਦਾ ਉਭਾਰ ਅਤੇ ਪਤਨ ਫਿਲਮ ਦਾ ਮੂਲ ਵਿਸ਼ਾ ਹੋਵੇਗਾ। ਰਿਪੋਰਟਾਂ ਮੁਤਾਬਕ, ਅੰਬਰਦੀਪ ਸਿੰਘ ਦਾ ਕਹਿਣਾ ਹੈ ਕਿ ਫਿਲਮ ਦੇਖਣ ਵਿੱਚ ਸ਼ਾਨਦਾਰ ਹੋਵੇਗੀ।

ਅੰਬਰਦੀਪ ਨੇ ਕਈ ਹਿੱਟ ਫਿਲਮਾਂ ਦਿੱਤੀਆਂ ਹਨ ਜਿਨ੍ਹਾਂ ਵਿੱਚ "ਲਾਹੌਰੀਏ," "ਲੌਂਗ ਲਾਚੀ," "ਅਸ਼ਕੇ," ਤੇ "ਭੱਜੋ ਵੀਰੋ ਵੇ" ਵਰਗੀਆਂ ਸ਼ਾਨਦਾਰ ਕਹਾਣੀਆਂ ਵਾਲੀਆਂ ਫਿਲਮਾਂ ਸ਼ਾਮਲ ਹਨ। ਤੇ ਹੁਣ ਉਸਦਾ ਅਗਲੀ ਫਿਲਮ ਬੇਸਬਰੀ ਨਾਲ ਉਡੀਕੀ ਜਾ ਰਹੀ ਪ੍ਰੋਜੈਕਟ "ਜੋੜੀ" ਹੈ, ਜਿਸ ਵਿੱਚ ਦਿਲਜੀਤ ਦੋਸਾਂਝ ਤੇ ਨਿਮਰਤ ਖਹਿਰਾ ਮੁੱਖ ਭੂਮਿਕਾਵਾਂ ਵਿੱਚ ਹਨ। ਇਸ ਦਾ ਟ੍ਰੇਲਰ ਪਹਿਲਾਂ ਹੀ ਇੰਟਰਨੈੱਟ 'ਤੇ ਧੂਮ ਮਚਾ ਰਿਹਾ ਹੈ। "ਜੋੜੀ" 5 ਮਈ,2023 ਨੂੰ ਸਿਨੇਮਾਘਰਾਂ ਵਿੱਚ ਆਵੇਗੀ।

### ਅਨੂਪ੍ਰਿਆ ਤੇ ਗੋਪੀ ਢਿੱਲੋਂ ਦੀ ਜੋੜੀ

'ਤਿੰਨ ਸਿਆਣੇ' ਹਿੰਦੀ ਫਿਲਮ ਦੀ ਨਾਇਕਾ ਅਨੁਪ੍ਰਿਆ ਦੀ ਗੋਪੀ ਢਿੱਲੋਂ ਨਾਲ ਬਣੀ ਜੋੜੀ ਚਰਚਾ ਲੈ ਰਹੀ ਹੈ। ਗੋਪੀ ਢਿੱਲੋਂ ਨੇ ਕੇ. ਐਸ. ਮੱਖਣ ਦਾ ਗੀਤ 'ਸਿੱਕਾ' ਤਿਆਰ ਕੀਤਾ ਹੈ, ਜਿਸਦੀ ਮੁੱਖ ਮਾਡਲ ਅਨੁਪ੍ਰਿਆ ਹੈ। ਗੋਪੀ ਢਿੱਲੋਂ ਨੇ ਫਿਰੋਜ਼ ਖਾਨ, ਨਛੱਤਰ ਗਿੱਲ, ਬੱਬੂ ਮਾਨ ਦੇ ਵੀਡੀਓ ਡਾਇਰੈਕਟ ਕੀਤੇ ਹਨ ਤੇ ਅਨੁਪ੍ਰਿਆ ਨਾਲ ਉਸਦੀ ਜੋੜੀ ਨਵੀਂ ਪਾਲੀਵੁੱਡ ਫਿਲਮ 'ਗੇਮ ਆਫ ਲਵ' 'ਚ ਨਜ਼ਰ ਆਵੇਗੀ।

### ਬਬਲੀ ਸਿੰਘ ਦਾ ਪਤਨੀ ਪਿਆਰ

ਫਿਲਮੀ ਗਾਇਕ ਬਬਲੀ ਸਿੰਘ ਨੇ ਕਿਹਾ ਹੈ ਕਿ ਉਹ ਕਲਰਕ, ਮੈਨੇਜਰ ਜਾਂ ਸਰਕਾਰੀ ਅਫਸਰ ਹੁੰਦੇ ਪਰ ਪਤਨੀ ਨੇ ਬਚਪਨ ਦੇ ਉਹਨਾਂ ਦੇ ਕਲਾਕਾਰ ਬਣਨ ਦੇ ਸ਼ੌਂਕ ਲਈ ਪੇਕੇ-ਸਹੁਰੇ ਘਰ ਵਕਾਲਤ ਕਰ ਉਹਨਾਂ ਦਾ ਸਾਥ ਦੇ ਉਹਨਾਂ ਨੂੰ ਫਿਲਮੀ ਗਾਇਕ ਬਣਾ ਦਿੱਤਾ। 'ਬਲੈਕ ਹਿਸਟਰੀ, ਅੰਬੇਦਕਰ, ਇਸ਼ਕ ਅਵੱਲਾ' ਲਈ ਬਬਲੀ ਸਿੰਘ ਗਾ ਚੁੱਕੇ ਹਨ।

### ਗੁਰਪ੍ਰੀਤ ਘੁੱਗੀ ਨੇ ਇਹ ਵੀ ਕਿਹਾ

ਗੁਰਪ੍ਰੀਤ ਘੁੱਗੀ ਰਾਜਨੀਤੀ ਵੀ ਕਰ ਚੁੱਕੇ ਹਨ ਤੇ ਆਪ ਪਾਰਟੀ ਪੰਜਾਬ ਦੇ ਪ੍ਰਧਾਨ ਰਹੇ ਹਨ। ਅੱਜਕਲ੍ਹ 'ਕੈਰੀ ਆਨ ਜੱਟਾ-3' ਨਾਲ ਚਰਚਿਤ ਗੁਰਪ੍ਰੀਤ ਘੁੱਗੀ ਨੇ ਕਿਹਾ ਕਿ ਰਾਜਨੀਤੀ ਭੈੜੀ ਚੀਜ ਹੈ। ਮੂੰਹ ਤੇ ਹੋਰ, ਅੰਦਰ ਹੋਰ ਤੇ ਉਹਨਾਂ ਕਿਹਾ ਕਿ ਕੰਮ ਕਰੋ, ਈਸ਼ਵਰ ਦੀ ਆਸਥਾ ਨਾਲ ਨੇਕੀ ਕਰੋ ਪਰ ਰਾਜਨੀਤੀ ਤੋਂ ਦੂਰ ਹੀ ਰਹੋ।

### ਗਿੰਨੀ ਗਿੱਲ ਨੂੰ ਆਸਰਾ

ਜਵਾਨ ਮਾਡਲ ਗਿੰਨੀ ਗਿੱਲ ਛੋਟੇ-ਮੋਟੇ ਵੀਡੀਓ ਕਰਦੀ ਸੀ ਪਰ ਚੰਗੀ ਤਕਦੀਰ ਕਿ ਮਸ਼ਹੂਰ ਨਿਰਦੇਸ਼ਕ ਅਮਰ ਨਿਮਾਣਾ ਦਾ ਸਾਥ ਮਿਲ ਗਿਆ। ਗਿੰਨੀ ਜੋ 'ਮਿਸ ਨਾਰਥ' ਰਹਿ ਚੁੱਕੀ ਹੈ। ਇਸ਼ਕ ਦੇ ਪਰਦੇ ਫਿਲਮ ਅਮਰ ਨਿਮਾਣਾ ਨਾਲ ਕਰੇਗੀ।


### ਤਹਿਸੀਲਦਾਰ ਹੀਰੋ ਗੁਰਦੀਪ ਸੰਧੂ

ਹਰ ਪਾਸੇ ਅਲਾਹ ਦੀ ਰਹਿਮਤ, ਪੰਜਾਬੀ ਫਿਲਮਾਂ ਦੇ ਅਦਾਕਾਰ ਤੇ ਟੀ. ਵੀ. ਸਟਾਰ ਗੁਰਦੀਪ ਸੰਧੂ ਪੰਜਾਬ ਸਰਕਾਰ ਦੇ ਮਾਲ ਵਿਭਾਗ 'ਚ ਅਫਸਰ ਹਨ। ਗੁਰਦੀਪ ਸੰਧੂ ਆਪਣੀ ਲਿਆਕਤ ਸਦਕਾ ਕਾਨੂੰਗੋ ਤੋਂ ਤਹਿਸੀਲਦਾਰ ਬਣ ਕੇ ਸ਼ਾਹਕੋਟ ਨਿਯੁਕਤ ਹੋਏ ਹਨ। ਇੱਧਰ ਉਹਨਾਂ ਦੀ ਫਿਲਮ 'ਇਸ਼ਕ ਮੁਹੱਬਤਾਂ' ਤਿਆਰ ਹੈ।

## ਪੁਸਤਕ ਸਮੀਖਿਆ

# ਵਿਦੇਸ਼ਾਂ ਵਿੱਚ ਅੰਬੇਡਕਰ ਮਿਸ਼ਨ ਅਤੇ ਬੁੱਧ ਧੰਮ

**ਲੇਖਕ: ਸੋਹਣ ਲਾਲ ਜਰਮਨ**
**ਪਬਲਿਸ਼ਰ: ਰਾਈਟ ਵਿਜ਼ਨ**
**ਪੰਨੇ 144**




ਪੰਜਾਬੀ ਚ ਬਹੁਜਨ ਇਤਿਹਾਸ ਲਿਖਣ ਵਾਲੇ ਬਾਬਾ ਸਾਹਿਬ ਅੰਬੇਡਕਰ ਤੇ ਬੁੱਧ ਧੰਮ ਦੇ ਅਨੁਆਈ/ਪੈਰੋਕਾਰ, ਪ੍ਰੌੜ ਲੇਖਕ ਸ੍ਰੀ ਸੋਹਣ ਲਾਲ ਸੈਪਲਾ ਕਿਸੇ ਜਾਣ ਪਹਿਚਾਣ ਦੇ ਮੁਹਤਾਜ ਨਹੀਂ ਹਨ। ਜਨਮ ਤੋਂ ਆਪਣੇ ਬਜੁਰਗਾਂ ਤੇ ਜਵਾਨੀ ਤੋਂ ਬਾਬਾ ਸਾਹਿਬ ਦੀ ਬਣਾਈ ਰਿਪਬਲਿਕ ਪਾਰਟੀ ਦੇ ਸੱਚੇ ਸਿਪਾਹੀ ਰਹੇ ਸ੍ਰੀ ਸਾਪਲਾ ਨੇ ਪਾਰਟੀ ਵਲੋਂ ਲਗਾਏ ਮੋਰਚਿਆਂ ਨੂੰ ਅਸਰਦਾਰ ਸ਼ਬਦਾਂ ਵਿੱਚ ਪੇਸ਼ ਕੀਤਾ। ਉੱਥੇ ਬਹੁਜਨ ਸਮਾਜ ਦੇ ਗੌਰਵ ਤੇ ਸੰਘਰਸ਼ ਨੂੰ ਅੱਗੇ ਤੋਰਨ ਵਾਲੀਆਂ ਬੀਬੀਆਂ/ਔਰਤਾਂ ਦੇ ਇਤਿਹਾਸਕ ਤੇ ਵੀ ਪੰਛੀ ਝਾਤ ਪਵਾਈ ਗਈ ਹੈ। ਉੱਥੇ ਜੈ ਭੀਮ ਦੇ ਨਾਹਰੇ ਵਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਉੱਥੇ ਬਹੁਜਨ ਮਸੀਹਾਂ/ਮਹਾਂਪੁਰਸ਼ਾਂ ਵਾਰੇ ਸੰਖੇਪ ਜਾਣਕਾਰੀ ਤੇ ਕੁਟੇਸ਼ਨ ਵਾਲੇ ਇਤਿਹਾਸ ਵਿਚਾਰਾਂ ਦੀਆ ਟੂਕਾਂ ਵੀ ਪੁਸਤਕ ਚ ਮਿਲਦੀਆਂ ਹਨ। ਇਹ ਪੁਸਤਕ ਬਾਬਾ ਸਾਹਿਬ ਦੇ ਮਿਸ਼ਨ ਦੇ ਦੂਤ ਤੇ ਇੱਕ ਸਦੀ ਪੂਰੀ ਕਰਨ ਵਾਲੇ ਕੇ.ਸੀ ਸੁਲੇਖ ਨੂੰ ਪੁਸਤਕ ਸਮਰਪਿਤ ਕੀਤੀ ਗਈ ਹੈ। ਪੁਸਤਕ ਇੰਗਲੈਡ ਵਾਸਤੇ ਰਾਮ ਪਾਲ ਰਾਂਹੀ ਦੇ ਆਰਥਿਕ ਸਹਿਯੋਗ ਨਾਲ ਪਾਠਕਾ ਦੇ ਰੂ ਬ ਰੂ ਕੀਤੀ ਗਈ ਹੈ। ਧਰਮਾਂ ਦੇ ਵਿਖਰੇਵਿਆਂ ਚ ਵੰਡੇ ਸਮਾਜ ਵਾਰੇ ਵੀ ਚਰਚਾ ਕੀਤੀ ਗਈ ਹੈ ਤੇ ਉਨ੍ਹਾਂ ਮੁਤਾਬਕ ਪਹਿਲਾ ਇਕੱਠੇ ਹੋਈਏ ਕਿਉਕਿ ਇਨ੍ਹਾਂ ਸਾਰੇ ਮਹਾਂਪੁਰਸ਼ਾ ਦਾ ਮਿਸ਼ਨ ਸਾਂਝੀਵਾਲਤਾ, ਪ੍ਰੇਮ ਭਾਈਚਾਰਾ ਪੈਦਾ ਕਰਨ ਤੇ ਜੋਰ ਦਿੰਦਾ ਹੈ। ਪੁਸਤਕ ਉਘੇ ਬਹੁਜਨ ਚਿਤਕ ਤੇ ਵੱਖ ਵੱਖ ਵਿਸ਼ਿਆ ਤੇ ਬੇਬਾਕੀ ਨਾਲ ਬੇਖੌਫ ਗੱਲ ਰੱਖਣ ਵਾਲੀ ਬੀਬੀ ਕਮਲੇਸ਼ ਕੌਰ ਕੈਨੇਡਾ ਨੂੰ ਉਨ੍ਹਾਂ ਛੋਟੀ ਆਇਰਨ ਲੇਡੀ ਵਜੋਂ ਸੰਬੋਧਨ ਕੀਤਾ ਗਿਆ ਹੈ। ਉੱਥੇ ਅਮਰੀਕਾ ਵਰਗੇ ਸੁਪਰ ਕੰਟਰੀ ਨੂੰ ਇੱਕ ਛੋਟੇ ਜਿਹੇ ਦੇਸ਼ ਵੀਅਤਨਾਮ ਦੇ ਮੁੱਖੀ ਟਰੰਨ ਡੁਕਲੁਓਗ ਨੇ ਕਿਹਾ ਕਿ ਉਨ੍ਹਾਂ ਦੇ ਮਰਨ ਤੋਂ ਬਾਅਦ ਕਬਰ ਤੇ ਲਿਖਿਆ ਜਾਵੇ ਕਿ ਇਹ ਸਮਾਧ ਇੱਕ ਅੰਬੇਡਕਰ ਜੀ ਦੇ ਅਨੁਆਈ/ਪੈਰੋਕਾਰ ਦੀ ਹੈ। ਉਥੇ ਜਪਾਨ ਦੇ ਲੋਕਾ ਦਾ ਘੱਟ ਬੋਲਣਾ ਵੱਧ ਕਰਨ ਦੀ ਤੁਲਣਾ ਭਾਰਤ ਭਰ ਵਿੱਚ ਵੱਧ ਬੋਲਣ ਨੂੰ ਪੱਛੜਨ ਦਾ ਕਾਰਨ ਦੱਸਿਆ ਗਿਆ ਹੈ। ਗੁਰੂ ਰਵਿਦਾਸ ਵਾਰੇ ਮਿਲਣ ਆਏ ਪ੍ਰਤੀਨਿਧ ਨੂੰ ਬਾਬਾ ਸਾਹਿਬ ਨੇ ਦੱਸਿਆ ਕਿ ਉਹ ਮੱਧ ਕਾਲ ਵਰਗ ਦੇ ਵੱਡੇ ਸੁਧਾਰਵਾਦੀ ਸੰਤ ਮਹਾਂਪੁਰਸ਼ ਸਨ। ਉਹ ਕਬੀਰ ਤੇ ਨਾਨਕ ਸਾਹਿਬ ਦੇ ਸਮਕਾਲੀ ਸਨ। ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਵਿੱਚ ਦਰਜ ਹੈ। ਉਨ੍ਹਾਂ ਨੂੰ ਮਿਲਣ ਆਏ ਪੈਰੋਕਾਰਾ ਨੂੰ ਕਿਹਾ ਕਿ ਉਹ ਗੁਰੂ ਸਾਹਿਬ ਬਾਰੇ ਪਠੀ ਸਿੰਘਾ ਜਾਂ ਕਮੇਟੀ ਪ੍ਰਧਾਨ ਪਾਸੋਂ ਜਾਣਕਾਰੀ ਲੈ ਸਕਦੇ ਹਨ। ਉੱਥੇ ਬਾਬਾ ਸਾਹਿਬ ਨੇ ਗੁਰੂ ਸਾਹਿਬ ਦੇ ਨਾਮ ਤੇ ਸੋ ਯਾਤਰਾ ਸੁਰੂ ਕੀਤੀ। ਉਥੇ ਡਾਕ ਟਿਕਟ ਦੀ ਜਾਰੀ ਹੋਈ। ਉਥੇ 1977 ਦੇ ਆਸ ਪਾਸ ਗੁਰੂ ਜੀ ਦੀ ਪਹਿਲੀ ਤਸਵੀਰ ਵੀ ਚਿਤਰਕਾਰ ਸੋਹਣ ਲਾਲ ਨੇ ਤਿਆਰ ਕਰਨ ਬਾਰੇ ਜਾਣਕਾਰੀ ਮਿਲਦੀ ਹੈ। ਜਿਥੇ ਬੁੱਧਵਾਦੀ ਚਿੰਤਕ ਤੇ ਅੰਬਦੇਕਰਵਾਦੀ, ਭੀਮ ਰਤਨ ਸਾਪਲੇ ਸਾਹਿਬ ਨੇ ਕਰੀਬ 20 ਤੋਂ ਵੱਧ ਦੇਸ਼ਾ ਵਿੱਚ ਸਾਡੇ ਧਾਰਮਿਕ ਅਸਥਾਨ, ਕਮੇਟੀਆਂ, ਸੰਸਥਾਵਾ ਬਾਰੇ ਚਾਨਣ ਪਾਇਆ ਗਿਆ ਕਿ ਸਾਡੇ ਆਗੂਆ ਦੇ ਵਧਦੇ ਪ੍ਰਭਾਅ ਵਿੱਚ ਯਤਨਾ ਨੂੰ ਸਲਾਹਿਆ ਗਿਆ ਹੈ। ਉਥੇ ਆਪਸੀ ਵੈਰ ਵਿਰੋਧ ਤੇ ਉਹ ਅਖੌਤੀ ਪਖੰਡ ਤੇ ਆਪਸੀ ਖੁਦਗਰਜੀ ਫੁੱਟ ਤੇ ਆਪਸ ਵਿੱਚ ਧਰਮਾਂ, ਜਾਤਾ ਤੇ ਆਪਸੀ ਰੰਜ ਨੂੰ ਵੀ ਸੰਖੇਪ ਸ਼ਬਦਾ ਵਿੱਚ ਦੇਣ ਦੀ ਕੋਸ਼ਿਸ਼ ਗਈ ਹੈ। ਸਭ ਨੂੰ ਕਿਹਾ ਵੀ ਗਿਆ ਹੈ ਕਿ ਆਪਸੀ ਵਿਖਰੇਵੇ ਦੂਰ ਹੋਣੇ ਚਾਹੀਦੇ ਹਨ ਤਾਂ ਹੀ ਮਹਾਂਪੁਰਸ਼ਾ ਜਿਨ੍ਹਾਂ ਚ ਪ੍ਰਮੁੱਖ ਬਾਬਾ ਸਾਹਿਬ ਦੇ ਪੈਰੋਕਾਰ, ਬੁੱਧ ਤੇ ਹੋਰ ਧਰਮਾਂ ਚ ਸ਼ਾਮਿਲ ਹੋਏ ਲੋਕ ਵੀ ਸਭ ਇਨਸਾਨੀਅਤ ਪਾਸੰਦ ਨੂੰ ਹੋਕਾ ਦਿੱਤਾ ਕਿ ਮਹਾਂਪੁਰਸ਼ਾ ਦੇ ਆਪਸੀ ਕੋਈ ਵਿਖਰੇਵੇ ਨਹੀਂ ਸਨ ਤਾਂ ਸਾਡੇ ਕਿਓ?

ਉਨ੍ਹਾਂ ਜਿਥੇ ਬੁੱਧ ਧੰਮ ਨੂੰ ਉਭਾਰਨ ਉਨ੍ਹਾਂ ਦੇ ਅਸਥਾਨਾ ਦੀ ਗੱਲ ਕੀਤੀ ਗਈ ਹੈ। ਉਥੇ ਜਾਣਕਾਰੀ ਸਾਝੀ ਕਰਦਿਆ ਕਿਹਾ ਕਿ ਦੁਨਿਆ ਵਿੱਚ ਤਥਾਗਤ ਗੌਤਮ ਬੁੱਧ ਹੀ ਅਜਿਹੇ ਮਹਾਂਪੁਰਸ਼ ਹਨ ਜਿਨ੍ਹਾਂ ਦਾ ਜਨਮ, ਗਿਆਨ ਪ੍ਰਾਪਤੀ, ਮਹਾਂ ਪ੍ਰੀਨਿਰਵਾਣ ਦਿਵਸ ਤਿੰਨ ਹੀ ਘਟਨਾਵਾ ਪੂਰਨਮਾਸ਼ੀ ਅਤੇ ਪਿੱਪਲ ਹੇਠ ਹੋਈਆ ਹੈ।

ਖੋਜੀ ਲੇਖਕ ਵਲੋਂ ਕਰੀਬ ਵੱਖ ਵੱਖ ਦੇਸ਼ਾ ਦੀਆ ਜਥੇਬੰਦੀਆਂ, ਕਮੇਟੀਆਂ, ਸਭਾਵਾਂ, ਸੰਗਠਨ ਅਤੇ ਕੁੱਲ 50ਕੁ ਧਾਰਮਿਕ ਅਸਥਾਨਾ ਬਾਰੇ ਵਡਮੁੱਲੀ, ਠੋਸ ਤੇ ਜਾਣਕਾਰੀ ਭਰਪੂਰ ਦੇ ਨਾਲ ਸਮੇਂ ਦੀ ਪੈਰਵਾਈ ਕਰਨ ਵਾਲੇ ਬਹੁਜਨ ਵਿਦਵਾਨਾ ਦੇ ਕਥਨ ਦੇ ਕੇ ਪੁਸਤਕ ਨੂੰ ਹੋਰ ਵੀ ਚਾਰ ਚੰਦ ਲਾਏ ਹਨ।

ਕਿਤਾਬ ਦਾ ਟਾਈਟਲ ਮਹਾਂਪੁਰਸ਼ਾ ਦੀਆ ਅਤੇ ਇਨਸਾਫ ਦੀ ਦੇਵੀ ਤੇ ਵਿਦੇਸ਼ ਚ ਬਣੇ ਅਸਥਾਨਾ ਨੂੰ ਦਰਸਾਇਆ ਗਿਆ ਹੈ। ਇਹ ਬਹੁਮੁੱਲੀ ਕਿਤਾਬ ਪੜ੍ਹਨ ਦੀ ਆਪ ਜੀ ਨੂੰ ਸ਼ਿਫਾਰਿਸ਼ ਕੀਤੀ ਜਾਦੀ ਹੈ।

**ਸੰਤੋਖ ਸਿੰਘ ਜੱਸੀ,**
**ਮੋ: ਨੰ: 7087619800**

### ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਮਹਾਨ ਜਰਨੈਲ ਸ. ਹਰੀ ਸਿੰਘ ਨਲੂਆ



ਸਿੱਖ ਇਤਿਹਾਸ ਸੂਰਬੀਰ ਯੋਧਿਆਂ ਦੀ ਕੁਰਬਾਨੀ ਦੀ ਬੇਮਿਸਾਲ ਦਾਸਤਾਨ ਹੈ। ਉਸੇ ਲੜੀ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਵਿਚ ਸਰਦਾਰ ਹਰੀ ਸਿੰਘ ਨਲੂਆ ਇਕ ਮਹਾਨ ਜਰਨੈਲ ਸੀ। ਉਹ ਬੜਾ ਤੰਦਰੁਸਤ ਜਵਾਨ, ਸੁਡੌਲ ਸਰੀਰ, ਵਿਦਵਾਨ, ਉਚ ਆਚਰਣ, ਸਫਲ ਪ੍ਰਬੰਧਕ, ਦੂਰਅੰਦੇਸ਼ੀ ਅਤੇ ਕੁਰਬਾਨੀ ਦਾ ਪੁੰਜ ਯੋਧਾ ਸੀ। ਜਨਮ ਸੰਨ 1791 ਈ. ਵਿਚ ਗੁਜਰਾਂਵਾਲਾ ਵਿਖੇ ਸਰਦਾਰ ਗੁਰਦਿਆਲ ਸਿੰਘ ਸ਼ੁਕਰਚੱਕੀਆ ਮਿਸਲ ਦੇ ਫੌਜੀ ਸਰਦਾਰ ਅਤੇ ਮਾਤਾ ਧਰਮ ਕੌਰ ਦੇ ਘਰ ਹੋਇਆ। ਅਜੇ ਪ ਸੱਤ ਕੁ ਸਾਲ ਦੀ ਉਮਰ ਦੇ ਸਨ ਕਿ ਪਿਤਾ ਜੀ ਚੜ੍ਹਾਈ ਕਰ ਗਏ। ਆਪ ਜੀ ਦੀ ਮਾਤਾ ਜੀ ਨੇ ਆਪ ਜੀ ਦੀ ਪੜ੍ਹਾਈ ਅਤੇ ਸ਼ਸਤਰ ਵਿੱਦਿਆ ਦਾ ਚੰਗਾ ਪ੍ਰਬੰਧ ਕੀਤਾ। ਆਪ ਗੁਰਮੁੱਖੀ ਅਤੇ ਫਾਰਸੀ ਦੇ ਜਾਣੂ ਸਨ। ਛੋਟੀ ਉਮਰ ਵਿਚ ਹੀ ਅੰਮ੍ਰਿਤ ਛਕ ਕੇ ਜੀਵਨ ਖਾਲਸਾ ਪੰਥ ਦੀ ਸੇਵਾ ਵਿਚ ਲਾ ਦਿੱਤਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ ਬਸੰਤ ਪੰਚਮੀ ਦੇ ਦਿਨ ਸ਼ਾਹੀ ਦਰਬਾਰ ਲਗਾਇਆ ਜਾਂਦਾ ਸੀ। ਜਿਸ ਵਿਚ ਸੂਰਮੇ ਆਪਣੀ ਸ਼ਸ਼ਤਰ ਵਿੱਦਿਆ ਦੇ ਜੌਹਰ ਵਿਖਾ ਕੇ ਇਨਾਮ ਪ੍ਰਾਪਤ ਕਰਦੇ ਸਨ। ਸੰਨ 1805 ਈ: ਦੇ ਸ਼ਾਹੀ ਦਰਬਾਰ ਵਿਚ ਸਰਦਾਰ ਹਰੀ ਸਿੰਘ ਜੀ ਨੇ ਵੀ ਸ਼ਸ਼ਤਰਾਂ ਦੇ ਜੰਗੀ ਜੌਹਰ ਵਿਖਾਏ। ਸੂਰਬੀਰ ਕਰਤੱਬਾਂ ਨੂੰ ਦੇਖ ਕੇ ਮਹਾਰਾਜਾ ਨੇ ਆਪਣੀ ਫੌਜ ਵਿਚ ਭਰਤੀ ਕਰ ਲਿਆ। ਇਕ ਦਿਨ ਮਹਾਰਾਜਾ ਨਾਲ ਸ਼ਿਕਾਰ ਤੇ ਜਾਣ ਦਾ ਮੌਕਾ ਮਿਲਿਆ। ਇਕ ਸ਼ੇਰ ਅਚਾਨਕ ਆਪ 'ਤੇ ਟੁੱਟ ਪਿਆ। ਸੰਭਲਦਿਆਂ ਫੁਰਤੀ ਨਾਲ ਸ਼ੇਰ ਦੇ ਜਬਾੜੇ ਚੀਰਦਿਆਂ ਧਰਤੀ ਤੇ ਵਗਾਹ ਮਾਰਿਆ ਤੇ ਤਲਵਾਰ ਨਾਲ ਉਸਦਾ ਸਿਰ ਲਾਹ ਦਿੱਤਾ। ਇਹ ਦੇਖ ਕੇ ਮਹਾਰਾਜਾ ਨੇ ਆਪਣੀ ਸ਼ੇਰ-ਦਿਲ ਸੈਨਾ ਟੁਕੜੀ ਵਿਚ ਸਰਦਾਰੀ ਦੇ ਦਿੱਤੀ। ਨਾਂ ਦੇ ਨਾਲ ਨਲੂਆ ਜੋੜ ਦਿੱਤਾ।

ਜੰਗੀ ਮੁਹਿੰਮਾਂ ਦੇ 30 ਸਾਲਾਂ ਦੇ ਕਾਲ ਦੀ ਸ਼ੁਰੂਆਤ ਵਿਚ ਕਸੂਰ ਦੇ ਨਵਾਬ ਕੁਤਬਦੀਨ ਨਾਲ 10 ਫਰਵਰੀ 1807 ਨੂੰ ਹੋਈ ਜੰਗ ਵਿਚ ਕਸੂਰੀਆ ਨੇ ਭੱਜ ਕੇ ਕਿਲੇ ਵਿਚ ਪਨਾਹ ਲਈ। 18 ਫਰਵਰੀ 1807 ਨੂੰ ਕਿਲੇ 'ਤੇ ਹਮਲਾ ਕੀਤਾ ਤਾਂ ਨਵਾਬ ਨੂੰ ਕਰਾਰੀ ਹਾਰ ਹੋਈ। ਸ਼ੇਰ-ਦਿਲ ਸੈਨਾ ਨੇ ਨਵਾਬ ਅਤੇ ਉਸਦੇ 200 ਸਿਪਾਹੀਆਂ ਨੂੰ ਗ੍ਰਿਫਤਾਰ ਕਰਕੇ ਮਹਾਰਾਜਾ ਅੱਗੇ ਪੇਸ਼ ਕੀਤਾ। ਮਹਾਰਾਜ ਨੇ ਬੀਰਤਾ ਤੋਂ ਖੁਸ਼ ਹੋ ਕੇ 30,000 ਸਾਲਾਨਾ ਮੁੱਲ ਦੀ ਜਾਗੀਰ ਦੇ ਦਿੱਤੀ।

25 ਜਨਵਰੀ, 1810 ਨੂੰ ਨਵਾਬ ਮੁਜ਼ਫਰ ਖਾਨ ਨੇ ਮੁਲਤਾਨ 'ਤੇ ਚੜ੍ਹਾਈ ਕੀਤੀ। ਨਵਾਬ ਆਪਣੀ ਫੌਜ ਲੈ ਕੇ ਕਿਲੇ ਵਿਚ ਡਟ ਗਿਆ। ਮਹਾਰਾਜਾ ਨੇ ਕਿਲੇ ਦੀ ਕੰਧ ਨੂੰ ਬਰੂਦ ਨਾਲ ਉਡਾਉਣ ਦਾ ਹੁਕਮ ਕਰ ਦਿੱਤਾ। ਸ. ਅਤਰ ਸਿੰਘ ਧਾਰੀ, ਸ. ਨਿਹਾਲ ਸਿੰਘ ਅਟਾਰੀ, ਸ. ਹਰੀ ਸਿੰਘ ਨਲੂਆ ਨੇ ਇਹ ਕੰਮ ਸਿਰੇ ਚਾੜ੍ਹਿਆ। ਸ. ਨਲੂਆ ਜ਼ਖਮੀ ਹੋ ਗਏ। ਸ. ਅਤਰ ਸਿੰਘ ਧਾਰੀ ਚੜ੍ਹਾਈ ਕਰ ਗਏ। ਖਾਲਸਾ ਫੌਜ ਕਿਲੇ ਵਿਚ ਜਾ ਵੜੀ। ਪਠਾਣਾਂ ਦੇ ਆਹੂ ਲਾਹ ਦਿੱਤੇ। ਪਠਾਣਾਂ ਨੇ ਵੀ ਅੱਗੋਂ ਡਟ ਕੇ ਮੁਕਾਬਲਾ ਕੀਤਾ ਪਰ ਖਾਲਸਾ ਅੱਗੇ ਟਿਕ ਨਾ ਸਕੇ। ਨਵਾਬ ਮੁਜ਼ੱਫਰ ਖਾਂ ਸ਼ਰਨ ਵਿਚ ਆ ਗਿਆ। ਇਸ ਨਲੂਆ ਦੀ ਬਹਾਦਰੀ ਤੇ ਜਗੀਰ ਵਿਚ 20,000 ਸਾਲਾਨਾ ਦਾ ਹੋਰ ਵਾਧਾ ਕੀਤਾ ਗਿਆ।

ਸ਼ਾਹ ਸੁਜਾਹ ਆਪਣੇ ਭਰਾ ਸ਼ਾਹ ਮੁਹੰਮਦ ਹੱਥੋਂ ਹਾਰ ਕੇ ਅਟਕ ਪਹੁੰਚ ਗਿਆ। ਅਟਕ ਦਾ ਕਿਲੇਦਾਰ ਜਹਾਨ ਖਾਂ ਸੀ। ਉਸਨੇ ਸ਼ਾਹ ਸੁਜਾਹ ਨੂੰ ਬੰਦੀ ਬਣਾ ਕੇ ਆਪਣੇ ਭਰਾ ਕਸ਼ਮੀਰ ਦੇ ਗਵਰਨਰ ਅਤਾ ਮੁਹੰਮਦ ਖਾਨ ਕੋਲ ਭੇਜ ਦਿੱਤਾ। ਕਾਬਲ ਤੋਂ ਵਜੀਰ ਫਤਿਹ ਖਾਨ ਨੂੰ ਪਤਾ ਲੱਗਾ ਕਿ ਸ਼ਾਹ ਸੁਜਾਹ ਕਸ਼ਮੀਰ ਵਿਚ ਹੈ। ਉਸਨੇ ਮਹਾਰਾਜਾ ਤੋਂ ਮਦਦ ਮੰਗੀ ਕਿ ਜੇ ਤੁਸੀਂ ਕਸ਼ਮੀਰ ਦੀ ਲੜਾਈ ਵਿਚ ਮੇਰਾ ਸਾਥ ਦਿਓ ਤਾਂ ਕਸ਼ਮੀਰ ਦੀ ਲੁੱਟ ਦਾ ਅੱਧ ਅਤੇ 9 ਲੱਖ ਰੁਪਿਆ ਦੇਵਾਂਗੇ। ਉਦੋਂ ਹੀ ਸ਼ਾਹ ਸੁਜਾਹ ਦੀ ਬੇਗਮ ਨੇ ਮਹਾਰਾਜਾ ਨੂੰ ਕਿਹਾ ਜੇ ਤੁਸੀਂ ਸ਼ਾਹ ਸੁਜਾਹ ਨੂੰ ਛੁਡਾ ਦਿਓ ਤਾਂ ਉਹ ਕੋਹੇਨੂਰ ਹੀਰਾ ਆਪ ਨੂੰ ਦੇਵੇਗੀ। ਮਹਾਰਾਜਾ ਨੇ ਸਥਿਤੀ ਤੇ ਗੌਰ ਕਰਦਿਆਂ, ਖਾਲਸਾ ਫੌਜ ਨੂੰ ਕਸ਼ਮੀਰ 'ਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ। ਸ. ਨਲੂਆ 12000 ਦੀ ਫੌਜ ਨਾਲ ਸ੍ਰੀਨਗਰ ਪਹੁੰਚ ਗਏ। ਅਤਾ ਮੁਹੰਮਦ ਖਾਂ ਨੇ ਮੁਕਾਬਲਾ ਤਾਂ ਕੀਤਾ, ਪਰ ਟਿਕ ਨਾ ਸਕਿਆ। ਖਾਲਸੇ ਨੇ ਸ਼ੇਰਗੜ੍ਹੀ ਤੇ ਕਬਜ਼ਾ ਕਰਕੇ ਸ਼ਾਹ ਸੁਜਾਹ ਨੂੰ ਕੈਦ ਵਿਚੋਂ ਛੁਡਾ ਲਿਆ। ਜਦੋਂ ਖਾਲਸੇ ਨੇ ਵਜ਼ੀਰ ਫਤਿਹ ਖਾਨ ਕੋਲੋਂ ਲੁੱਟ ਦਾ ਅੱਧ ਅਤੇ 9 ਲੱਖ ਰੁਪਿਆ ਮੰਗਿਆ ਤਾਂ ਬਹਾਨੇ ਲਾਉਣ ਲੱਗ ਪਿਆ। ਖਾਲਸਾ ਫੋਜਾਂ ਨੇ ਸ਼ਾਹ ਸੁਜਾਹ ਨੂੰ ਲਾਹੌਰ ਉਸਦੀ ਬੇਗਮ ਕੋਲ ਪਹੁੰਚਾ ਦਿੱਤਾ। ਬੇਗਮ ਨੇ ਖੁਸ਼ ਹੋ ਕੇ ਕੋਹੇਨੂਰ ਹੀਰਾ ਮਹਾਰਾਜਾ ਨੂੰ ਸੌਂਪ ਦਿੱਤਾ।

ਬਾਰਕਜ਼ਈ ਸਰਦਾਰਾਂ ਦੀ ਅਫਗਾਨਿਸਤਾਨ ਵਿਚ ਵਧਦੀ ਤਾਕਤ ਵੇਖ ਕੇ ਅਟਕ ਦੇ ਕਿਲੇਦਾਰ ਜਹਾਂਦਾਦ ਨੇ ਬਰਕਜਈਆਂ ਨਾਲ ਸੁਲਾਹ ਕਰਨ ਦੀ ਬਜਾਏ ਮਹਾਰਾਜਾ ਨਾਲ ਸੁਲਾਹ ਕਰਨੀ ਠੀਕ ਸਮਝੀ। ਉਸਨੇ ਗੁਜ਼ਾਰੇ ਜੋਗੀ ਜਗੀਰ ਲੈ ਕੇ ਅਟਕ ਦਾ ਕਿਲਾ ਮਹਾਰਾਜਾ ਨੂੰ ਦੇ ਦਿੱਤਾ।

ਕਾਬਲ ਤੋਂ ਵਜੀਰ ਫਤਿਹ ਖਾਂ ਨੇ ਆਪਣੇ ਭਰਾ ਦੋਸਤ ਮੁਹੰਮਦ ਨਾਲ 15000 ਦੀ ਫੌਜ ਲੈ ਕੇ ਅਟਕ ਦਾ ਕਿਲਾ ਛੁਡਾਉਣ ਲਈ ਚੜ੍ਹਾਈ ਕਰ ਦਿੱਤੀ। ਸ. ਨਲੂਆਂ ਨਾਲ ਹਜ਼ਰੋਂ ਦੇ ਨੇੜੇ ਦੋਹਾਂ ਦਲਾਂ ਵਿਚ ਖੂਨੀ ਝੜੱਪ ਹੋਈ। ਦੋਸਤ ਮੁਹੰਮਦ ਖਾਂ ਫੱਟੜ ਹੋ ਗਿਆ, ਉਸਦੀ ਫੌਜ ਭੱਜ ਗਈ। 13 ਜੁਲਾਈ 1813 ਨੂੰ ਖਾਲਸੇ ਦੀ ਜਿੱਤ ਹੋਈ।

ਸੰਨ 1815 ਵਿਚ ਸ. ਨਲੂਆ ਦੀ ਫੌਜ ਨੇ ਰਾਜੌਰੀ ਤੇ ਭਿੰਬਰ ਦੇ ਕਿਲਿਆਂ ਨੂੰ ਜਿੱਤਿਆ। ਉਥੋਂ ਨਜ਼ਰਾਨੇ ਵਸੂਲ ਕਰਕੇ ਫੌਜਾਂ ਮੁੜੀਆਂ। ਨਾਲ ਹੀ ਨਵਾਬ ਮੁਲਤਾਨ ਤੇ ਬਹਾਵਲਪੁਰ ਤੋਂ ਵੀ ਕਰ ਵਸੂਲ ਕੀਤੇ। ਸੰਨ 1816 ਵਿਚ ਮੁੰਘੇਰ ਦੇ ਇਲਾਕੇ ਫਤਿਹ ਕਰਕੇ ਨਜ਼ਰਾਨੇ ਉਗਰਾਹੇ। ਇਹਨਾਂ ਜਿੱਤਾਂ ਨੂੰ ਮੁੱਖ ਰੱਖ ਕੇ ਮਹਾਰਾਜਾ ਨੇ ਗੁਜਰਾਂਵਾਲਾ ਦਾ ਇਲਾਕਾ ਸ. ਨਲੂਆ ਨੂੰ ਜਗੀਰ ਵਜੋਂ ਦੇ ਦਿੱਤਾ। ਜਿੱਥੇ ਉਸਨੇ ਇਕ ਕਿਲਾ ਤੇ ਬਾਗ ਲਗਵਾਇਆ।

ਮੁਲਤਾਨ ਦੇ ਨਵਾਬ ਨੇ ਚੜ੍ਹਾਈ ਕਰ ਦਿੱਤੀ। ਸ. ਨਲੂਆ ਆਪਣੇ ਜਰਨੈਲਾਂ ਨਾਲ 25000 ਦੀ ਫੌਜ ਲੈ ਕੇ ਮੁਲਤਾਨ ਵੱਲ ਤੁਰਿਆ। ਮੁਲਤਾਨ ਦਾ ਪੱਕਾ ਕਿਲਾ ਸੰਸਾਰ ਭਰ ਵਿਚ ਮਸ਼ਹੂਰ ਸੀ। ਸਰਦਾਰਾਂ ਨੇ ਹਿਜ਼ਰੀ ਦਰਵਾਜ਼ੇ ਅੱਗੇ ਭੰਗੀਆਂ ਦੀ ਤੋਪ ਜਮਜਮਾ ਅਤੇ ਜੰਗੇ ਬਿਜਲੀ ਬੀੜ ਨਾਲ ਗੋਲਾਬਾਰੀ ਕਰਕੇ ਕੰਧ ਵਿਚ ਪਾੜ ਪਾ ਲਿਆ। ਤਦ ਹੀ ਅਕਾਲੀ ਫੂਲਾ ਸਿੰਘ ਜੀ ਆਪਣੇ ਜਥੇ ਸਮੇਤ ਕਿਲੇ ਵਿਚ ਦਾਖਲ ਹੋਏ। ਮੁਲਤਾਨ ਦਾ ਨਵਾਬ ਮੁਜਫਰ ਖਾਨ ਮਾਰਿਆ ਗਿਆ। ਜੂਨ 2, 1818 ਨੂੰ ਮੁਲਤਾਨ ਪੂਰੀ ਤਰ੍ਹਾਂ ਖਾਲਸਾ ਰਾਜ ਹੇਠ ਆ ਗਿਆ। 3 ਜੁਲਾਈ 1819 ਨੂੰ ਕਸ਼ਮੀਰ ਦੇ ਹਾਕਮ ਮੁਹੰਮਦ ਜ਼ਬਾਰ ਖਾਨ ਦੀ ਫੌਜ ਨਾਲ ਸੁਪਈਆ ਦੇ ਮੈਦਾਨ ਵਿਚ ਜੰਗ ਹੋਈ। ਖਾਲਸੇ ਦੀ ਜਿੱਤ ਹੋਈ। ਜੁਲਾਈ 4, 1819 ਨੂੰ ਖਾਲਸਾ ਫੌਜ ਸ੍ਰੀਨਗਰ ਦਾਖਲ ਹੋਈਆਂ। ਇਸ ਨਾਲ ਕਸ਼ਮੀਰ ਖਾਲਸਾ ਰਾਜ ਵਿਚ ਸ਼ਾਮਲ ਹੋ ਗਿਆ। ਪਹਿਲਾਂ ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਗਵਰਨਰ ਬਣਾਇਆ। ਬਾਅਦ ਵਿਚ ਸ. ਨਲੂਆ ਨੂੰ ਗਵਰਨਰ ਬਣਾਇਆ। ਸ. ਨਲੂਆ ਦਾ ਸੁਚੱਜਾ ਪ੍ਰਬੰਧ ਦੇਖ ਕੇ ਮਹਾਰਾਜਾ ਨੇ ਆਪਣੇ ਨਾਮ ਦਾ ਸਿੱਕਾ ਚਲਾਉਣ ਦਾ ਅਧਿਕਾਰ ਦਿੱਤਾ।

ਨਵੰਬਰ 1821 ਵਿਚ ਮਹਾਰਾਜਾ ਦੀ ਫੌਜ ਨੇ ਮੁੰਗੇਰ ਅਤੇ ਡੇਰਾਜਾਤ ਤੇ ਚੜ੍ਹਾਈ ਕੀਤੀ। ਸ. ਨਲੂਆ ਦੀ ਫੌਜ ਵੀ ਕਸ਼ਮੀਰ ਤੋਂ ਚੱਲ ਪਈ। ਨਵੰਬਰ, 9, 1821 ਦੇ ਦਿਨ ਮੰਗਲੀ ਘਾਟੀ ਵਿਚ ਪੱਖਲੀ ਪਿੰਡ ਵਿਚ 3000 ਤਨਾਵਲੀ ਦੀ ਫੌਜ ਨੇ ਰਾਹ ਰੋਕ ਲਿਆ। ਖਾਲਸਾ ਫੌਜਾਂ ਨੇ ਹਮਲਾ ਕਰ ਦਿੱਤਾ। ਮੇਘ ਸਿੰਘ ਰੂਸਾ ਦੇ ਜਥੇ ਨੇ ਮੈਦਾਨ ਵਿਚ ਧੁਸ ਕੇ ਜੰਗ ਕੀਤੀ। ਛੇ ਘੰਟਿਆਂ ਦੀ ਜੰਗ ਵਿਚ 2000 ਤਨਾਵਲੀਆਂ ਤੇ ਉਹਨਾਂ ਦੇ ਮੁਖੀ ਮਾਰੇ ਗਏ। ਕੁਝ ਸਿੰਘ ਵੀ ਸ਼ਹੀਦ ਹੋਏ। ਸ. ਨਲੂਆ ਨੇ ਹਰ ਘਰ ਨੂੰ 5 ਰੁਪਏ ਜੁਰਮਾਨਾ ਲਾ ਕੇ ਜਾਨ ਬਖਸ਼ੀ।

ਜਦੋਂ ਸ. ਨਲੂਆ ਮੁਜਫਰਬਾਦ ਦੇ ਰਾਹ ਕਸ਼ਮੀਰ ਤੋਂ ਆਉਂਦੇ ਮਾਂਗਲੀ ਪਹੁੰਚੇ। ਮਾਂਗਲੀ ਦੇਦਰਾ ਹਜ਼ਾਰੇ ਦੀ ਫੌਜ ਨੇ ਸ. ਨਲੂਆ ਦਾ ਸਮਾਨ ਲੁੱਟਣਾ ਚਾਹਿਆ। ਖਾਲਸੇ ਨੇ ਚੜ੍ਹਾਈ ਕਰ ਦਿੱਤੀ। 30000 ਦੀ ਫੌਜ ਤੇ ਖਾਲਸੇ ਦੀ 7000 ਫੌਜ ਨੇ ਜਿੱਤ ਪ੍ਰਾਪਤ ਕੀਤੀ।

ਸ. ਨਲੂਆ ਨੇ ਨੌਸ਼ਹਿਰੇ ਤੇ ਜਹਾਂਗੀਰੇ ਦੇ ਮੈਦਾਨੇ ਜੰਗ ਵਿਚ ਬੇਮਿਸਾਲ ਫਤਿਹ ਪਾਈ। ਸੰਨ 1834 ਈ: ਵਿਚ ਮਹਾਰਾਜਾ ਦੀ ਸਰਕਾਰ ਨੇ ਫੈਸਲਾ ਕੀਤਾ ਕਿ ਪਿਸ਼ਾਵਰ ਦੇ ਨਾਲ ਲੱਗਦੇ ਸਰਹੱਦੀ ਇਲਾਕੇ ਜਿੰਨੀ ਦੇਰ ਖਾਲਸਾ ਰਾਜ ਵਿਚ ਨਹੀਂ ਆ ਜਾਂਦੇ, ਉਨਾ ਚਿਰ ਵਿਦੇਸ਼ੀ ਹਮਲਾਵਰਾਂ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਸੂਬਾ ਪਿਸ਼ਾਵਰ ਅਫਗਨਿਸਤਾਨ ਨਾਲੋਂ ਕੱਟ ਕੇ ਪੰਜਾਬ ਵਿਚ ਮਿਲਾ ਦਿੱਤਾ ਜਾਵੇ। ਸ. ਨਲੂਆ ਅਤੇ ਕੰਵਰ ਨੌਨਿਹਾਲ ਸਿੰਘ ਨੂੰ ਪਿਸ਼ਾਵਰ ਤੇ ਹਮਲਾ ਕਰਨ ਲਈ ਭੇਜਿਆ। ਅਪ੍ਰੈਲ 27, 1834 ਨੂੰ ਦੋਹਾਂ ਨੇ ਦਰਿਆ ਅਟਕ ਤੇ ਪੁਲ ਬਣਾ ਕੇ ਖਾਲਸਾ ਫੌਜ ਪਾਰ ਕਰਵਾਈ। ਪਿਸ਼ਾਵਰ ਦੇ ਹਾਕਮਾਂ ਨੇ ਵੀ ਖਾਲਸਾ ਫੌਜ ਰੋਕਣ ਲਈ ਚਮਕਨੀ ਦੀ ਹੱਦ ਤੇ ਮੋਰਚੇ ਬਣਾ ਕੇ ਤੋਪਾਂ ਬੀੜ ਦਿੱਤੀਆਂ ਤੇ ਪਿਸ਼ਾਵਰ ਦਾ ਰਾਹ ਰੋਕ ਲਿਆ।

ਖਾਲਸਾ ਫੌਜ ਪਹੁੰਚਾਉਣ ਤੇ ਭਿਅੰਕਰ ਗੋਲਾਬਾਰੀ ਹੋਈ। ਹਾਜ਼ੀ ਖਾਨ ਬੜੀ ਦਲੇਰੀ ਨਾਲ ਲੜਦਾ ਹੋਇਆ, ਸ. ਰਾਮ ਸਿੰਘ ਹਸਨਵਾਲੀਆ ਦੀ ਤਲਵਾਰ ਨਾਲ ਸਖਤ ਜ਼ਖਮੀ ਹੋ ਗਿਆ। ਅਫਗਾਨ ਡੱਟ ਕੇ ਲੜੇ ਪਰ ਖਾਲਸੇ ਸਾਹਮਣੇ ਟਿਕ ਨਾ ਸਕੇ। ਮਈ 1834 ਨੂੰ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ, ਜਿਸ ਨਾਲ ਸਾਰਾ ਸਰਹੱਦੀ ਇਲਾਕਾ ਖਾਲਸੇ ਦੇ ਅਧੀਨ ਆ ਗਿਆ। ਸੱਤ ਸਦੀਆਂ ਤੋਂ ਪੰਜਾਬ ਦੇ ਕੱਟ ਚੁੱਕੇ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਖਾਲਸੇ ਦੀ ਇਸ ਜਿੱਤ ਨੂੰ ਇਤਿਹਾਸਕਾਰਾਂ ਨੇ ਕਰਾਮਾਤੀ ਜਿੱਤ ਆਖਿਆ ਹੈ। ਪਿਸ਼ਾਵਰ ਦੇ ਹਿੰਦੂ ਮੁਸਲਮਾਨਾਂ ਨੂੰ ਬਾਰਕਜਾਈਆਂ ਹੱਥੋਂ ਛੁਟਕਾਰਾ ਮਿਲਿਆ, ਜੋ ਉਹਨਾਂ ਨੂੰ ਬੜਾ ਤੰਗ ਕਰਦੇ ਸਨ।

30 ਅਪ੍ਰੈਲ 1837 ਨੂੰ ਸ. ਨਲੂਆਂ ਨੇ ਜਮਰੌਦ ਉਪਰ ਹਮਲਾ ਕੀਤਾ। ਅਫਗਾਨਾਂ ਨੂੰ ਭਾਜੜ ਪਾ ਦਿੱਤੀ। ਅਫਗਾਨ ਦੌੜ ਕੇ ਛਿਪ ਗਏ। ਸ. ਨਲੂਆ ਨੇ ਜਮਰੌਦ ਦੇ ਡੇਰੇ ਵਿਚ ਜਾਣ ਲਈ ਕਿਹਾ। ਪਰ ਸ. ਨਿਸ਼ਾਨ ਸਿੰਘ ਪੰਜਹੱਥਾ ਦਰ੍ਹੇ ਦੇ ਅੰਦਰ ਚਲਾ ਗਿਆ। ਸ. ਨਲੂਆਂ ਨੇ ਉਸਨੂੰ ਜਾਂਦੇ ਵੇਖਿਆ। ਸਿੰਘ ਉਸਨੂੰ ਬੁਲਾਉਣ ਲਈ ਗੁਫਾ ਵੱਲ ਵਧੇ। ਸ. ਅਜਾਇਬ ਸਿੰਘ ਗੁਫਾ ਵੱਲ ਵਧਿਆ, ਤਾਂ ਛੁਪੇ ਹੋਏ ਅਫਗਾਨਾਂ ਨੇ ਸ. ਅਜਾਇਬ ਸਿੰਘ ਨੂੰ ਢੇਰੀ ਕਰ ਦਿੱਤਾ। ਜਦੋਂ ਸ. ਨਲੂਆ ਨੇ ਘੋੜਾ ਗੁਫਾ ਅੱਗੇ ਕੀਤਾ ਤਾਂ ਹੋਰ ਗੋਲੀਆਂ ਚੱਲੀਆਂ। ਦੋ ਗੋਲੀਆਂ ਸ. ਨਲੂਆ ਦੇ ਵੱਜੀਆਂ।

ਖਾਲਸਾ ਫੌਜ ਪਹੁੰਚੀ ਅਤੇ ਵੈਰੀਆਂ ਨੂੰ ਚੁਣ ਚੁਣ ਕੇ ਮਾਰਿਆ। ਪਰ ਸ. ਨਲੂਆ ਤਾਂ ਜ਼ਖਮੀ ਹੋ ਚੁੱਕੇ ਸਨ। ਸ. ਨਲੂਆ ਜ਼ਖਮੀ ਹੋਣ ਦੇ ਬਾਵਜੂਦ ਘੋੜਾ ਜਮਰੌਦ ਕਿਲੇ ਵੱਲ ਮੋੜ ਲਿਆ। ਬੜੇ ਹੌਸਲੇ ਨਾਲ ਕਿਲੇ ਵਿਚ ਪਹੁੰਚ ਗਏ। ਸ. ਮਹਾਂ ਸਿੰਘ ਨੇ ਘੋੜੇ ਤੋਂ ਉਤਾਰਿਆ। ਸ. ਨਲੂਆ ਨੇ ਆਪਣੀ ਵਿਗੜਦੀ ਹਾਲਤ ਵੇਖ ਕੇ ਤਾਂ ਪ੍ਰਮੁੱਖ ਸਾਥੀਆਂ ਨੂੰ ਬੁਲਾ ਕੇ ਕਿਹਾ ਕਿ ਖਾਲਸੇ ਦੀ ਇੱਜਤ ਤੇ ਸ਼ਾਨ ਵਾਸਤੇ ਅੰਤਿਮ ਸਾਹਾਂ ਤਕ ਡਟੇ ਰਹਿਣ ਦੀ ਪ੍ਰੇਰਨਾ ਦਿੱਤੀ। ਮੇਰੀ ਮੌਤ ਦੀ ਖਬਰ ਗੁਪਤ ਰੱਖਣੀ, ਇਸ ਨਾਲ ਖਾਲਸੇ ਦੀ ਫੌਜੀ ਸ਼ਕਤੀ ਬਰਕਰਾਰ ਰਹੇਗੀ। ਇਸਦੇ ਨਾਲ ਹੀ ਸਵਾਸ ਤਿਆਗ ਦਿੱਤੇ। ਇਹ ਸਮਾਂ 30 ਅਪ੍ਰੈਲ 1837 ਦੀ ਰਾਤ ਦਾ ਸੀ। ਸ. ਮਹਾਂ ਸਿੰਘ ਨੇ ਸ. ਨਲੂਆ ਦੀ ਆਖਰੀ ਇੱਛਾ ਅਨੁਸਾਰ ਸ਼ਹੀਦੀ ਨੂੰ ਗੁਪਤ ਰੱਖ ਕੇ ਜਮਰੌਦ ਦੇ ਕਿਲੇ ਵਿਚ ਸਸਕਾਰ ਕਰ ਦਿੱਤਾ। ਇਸ ਤਰ੍ਹਾਂ ਇਸ ਮਹਾਨ ਜਰਨੈਲ ਨੇ ਆਪਣਾ ਜੀਵਨ ਖਾਲਸੇ ਨੂੰ ਅਰਪਣ ਕਰ ਦਿੱਤਾ।

**ਅੰਤਿਕਾ:** ਸ. ਹਰੀ ਸਿੰਘ ਨਲੂਆ ਜੀ ਦੀ ਬਹਾਦਰੀ ਦੀ ਚਰਚਾ ਵਿਚ- ਸੰਸਾਰ ਵਿਚ ਮਹਾਨ ਜਰਨੈਲਾਂ ਯੋਧਿਆਂ ਦਾ ਮੁਲਾਂਕਣ ਯਾਦ ਕੀਤਾ ਜਾਂਦਾ ਹੈ। ਉਨੀਵੀਂ ਸਦੀ ਦੇ ਬਰਤਾਨੀਆ ਦੇ ਛਪਦੇ ਅਖਬਾਰ ਟੀ. ਆਈ. ਟੀ.- ਬੀ. ਆਈ. ਟੀ. ਐਸ. ਨੇ ਸੰਸਾਰ ਦੇ ਜਰਨੈਲਾਂ ਦਾ ਵਿਸ਼ਲੇਸ਼ਣ ਕਰਦਿਆਂ ਲਿਖਿਆ ਕਿ ਕੋਈ ਨੈਪੋਲੀਅਨ ਨੂੰ ਮਹਾਨ ਜਰਨੈਲ ਕਹਿੰਦੇ ਹਨ। ਕੋਈ ਮਾਰਸ਼ਲ ਹੈਂਡਨਬਰਗ, ਲਾਰਡ ਕਿਲਨਰ, ਜਰਨੈਲ ਕਰੋਬਜ਼ੇ, ਡਯੂਕ ਵਾਲਿੰਗਟਨ ਅਤੇ ਹੋਰ ਹਲਾਕੂ ਖਾਨ, ਚੰਗੇਜ ਖਾਨ, ਰਿਚਰਡ ਤੇ ਅਲਾਉਦੀਨ।

ਪਰ ਉਤਰੀ ਭਾਰਤ ਵਿਚ ਸਰਦਾਰ ਹਰੀ ਸਿੰਘ ਨਲੂਆ ਸਿੱਖ ਜਰਨੈਲ ਬਹੁਤ ਹੋਣਹਾਰ ਅਤੇ ਬਲਵਾਨ ਹੋਇਆ ਹੈ। ਜੇਕਰ ਉਹ ਲੰਮੇ ਸਮੇਂ ਲਈ ਜਿਉਂਦਾ ਰਹਿੰਦਾ ਅਤੇ ਉਸ ਕੋਲ ਬਰਤਾਨੀਆ ਵਰਗੇ ਸਾਧਨ ਅਤੇ ਤੋਪਖਾਨਾ ਹੁੰਦਾ ਤਾਂ ਉਹ ਏਸ਼ੀਆ ਅਤੇ ਯੂਰਪ ਦਾ ਬਹੁਤ ਸਾਰਾ ਇਲਾਕਾ ਹਥਿਆ ਸਕਦਾ ਸੀ।

ਇਸਤੋਂ ਵੀ ਅੱਗੇ ਮਿਸਾਲ ਹੈ- ਪਠਾਣ ਜਿਹਨਾਂ ਨੇ ਪਿਸ਼ੌਰ ਤੇ ਅੱਠ ਸਦੀਆਂ ਰਾਜ ਕੀਤਾ ਅਤੇ ਹਿੰਦੁਸਤਾਨ ਦੀ ਇੱਜਤ ਅਤੇ ਦੌਲਤ ਨੂੰ ਲੁੱਟਦੇ ਰਹੇ। ਲੋਕ ਪਠਾਣਾਂ ਦੇ ਪਰਛਾਵੇਂ ਤੋਂ ਡਰਦੇ ਸਨ। ਜਰਨੈਲ ਹਰੀ ਸਿੰਘ ਨਲੂਆ ਜੀ ਦਾ ਪਠਾਣਾਂ ਨਾਲ ਲੜਾਈਆਂ ਕਰਦਿਆਂ ਅਜਿਹੇ ਸਿੱਕਾ ਬੈਠਾ ਕਿ ਪਠਾਣ ਸਰਦਾਰ ਨਲੂਆ ਦਾ ਨਾਂ ਸੁਣ ਕੇ ਕੰਬ ਉਠਦੇ। ਪਠਾਣੀਆਂ ਬੱਚਿਆਂ ਨੂੰ ਜੋ ਰੋਣਾ ਬੰਦ ਨਾ ਕਰਦੇ ਤਾਂ ਇਹ ਕਹਿ ਕੇ ਚੁੱਪ ਕਰਾਉਂਦੀਆਂ 'ਚੁੱਪ ਸ਼ਾ ਬੱਚਿਆ, ਹਰੀਆ ਰਾਗਲੈ।' ਅਰਥਾਤ ਬੱਚਿਆ ਚੁੱਪ ਕਰ ਜਾ ਹਰੀ ਸਿੰਘ ਆਉਂਦਾ ਪਿਆ ਹੈ। ਬੱਚੇ ਨਾਂ ਸੁਣ ਕੇ ਚੁੱਪ ਕਰ ਜਾਂਦੇ। ਅਜਿਹੀ ਧਾਂਕ ਸੀ ਸੂਰਬੀਰ ਜਰਨੈਲ ਸ. ਹਰੀ ਸਿੰਘ ਨਲੂਆ ਦੀ।

## ਭੀਮ ਰਾਓ ਪ੍ਰਣਾਮ ਹੈ

ਕਿਥੋਂ ਕਿੱਥੇ ਲੈ ਆਇਆ
ਮੇਰੀ ਕੌਮ ਨਿਮਾਣੀ ਨੂੰ
ਭੀਮ ਰਾਓ ਪ੍ਰਣਾਮ ਹੈ
ਤੇਰੀ ਸੋਚ ਸਿਆਣੀ ਨੂੰ

ਅਸੀਂ ਨਿਕਲੇ ਔਖੇ ਵਕਤਾਂ ਚੋਂ
ਪੈਂਦੇ ਸੀ ਧੱਕੇ ਤਖਤਾਂ ਤੋਂ
ਹੱਕ ਨਹੀਂ ਸੀ ਪੜ੍ਹਨੇ ਦਾ
ਤੁਸੀਂ ਵਾਕਫ਼ ਜ਼ਖਮਾਂ ਤੋਂ
ਸਦੀਆਂ ਤੀਕਰ ਜਰਿਆ ਸੀ
ਥੋਰਾਂ ਤੇ ਪਾਣੀ ਨੂੰ
ਭੀਮ ਰਾਓ ਪ੍ਰਣਾਮ ਹੈ
ਤੇਰੀ ਸੋਚ ਸਿਆਣੀ ਨੂੰ

ਤੂੰ ਬਹੁਤੇ ਦੁਖੜੇ ਜਰਦਾ ਰਿਹਾ
ਪਰ ਕੌਮ ਦੀ ਹਾਲਤ ਪੜ੍ਹਦਾ ਰਿਹਾ
ਆਪਣਿਆਂ ਨੂੰ ਵਾਰ ਕੇ ਵੀ
ਆਪਣਿਆਂ ਲਈ ਲੜਦਾ ਰਿਹਾ


ਮੋੜ ਨਵਾਂ ਇੱਕ ਦੇ ਦਿੱਤਾ
ਸਾਡੀ ਉਲਝੀ ਹੋਈ ਕਹਾਣੀ ਨੂੰ
ਭੀਮ ਰਾਓ ਪ੍ਰਣਾਮ ਹੈ
ਤੇਰੀ ਸੋਚ ਸਿਆਣੀ ਨੂੰ

ਇੱਕੋ ਨਾਅਰਾ ਲਾਉਣਾ ਹੈ
ਸਭ ਮਾਪਿਆਂ ਤੱਕ ਪਹੁੰਚਾਉਣਾ ਹੈ
ਵਾਂਝਾ ਕਿਸੇ ਨੂੰ ਰੱਖਣਾ ਨਹੀਂ
ਹਰ ਬੱਚਾ ਅਸੀਂ ਪੜ੍ਹਾਉਣਾ ਹੈ
ਜਾਗ ਗਏ ਨੇ ਜਿਹੜੇ
ਹੁਣ ਜਗਾਓ ਹਾਣੀ ਨੂੰ
ਭੀਮ ਰਾਓ ਪ੍ਰਣਾਮ ਹੈ
ਤੇਰੀ ਸੋਚ ਸਿਆਣੀ ਨੂੰ

ਅਜੇ ਉੱਥੇ ਤੱਕ ਨਹੀਂ ਪੁੱਜੇ
ਮੰਜ਼ਿਲ ਜਿਹੜੀ ਸੋਚੀ ਆ
ਅੱਜ ਤੱਕ ਤੁਫਾਨਾਂ ਦੀ
ਚਾਲ ਕਿਸਨੇ ਰੋਕੀ ਆ

ਹੀਰੇ ਤਰਦੇ ਵੇਖੀਂ
ਘੁੰਮਣ ਦੇ ਮਧਾਣੀ ਨੂੰ
ਭੀਮ ਰਾਓ ਪ੍ਰਣਾਮ ਹੈ
ਤੇਰੀ ਸੋਚ ਸਿਆਣੀ ਨੂੰ।

**-ਪਿੰਕੀ**
ਅਧਿਆਪਕਾ,
ਸਰਕਾਰੀ ਐਲੀਮੈਂਟਰੀ ਸਕੂਲ
ਪੰਡੋਰੀ ਬੀਬੀ



## ਸੈਂਟਰ ਸਕੂਲ ਖਾਨਪੁਰ ਵਿਖੇ ਕਰਵਾਇਆ ਗਿਆ ਇਨਾਮ ਵੰਡ ਸਮਾਰੋਹ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸੈਂਟਰ ਸਕੂਲ ਖਾਨਪੁਰ ਬਲਾਕ ਗੜ੍ਹਸ਼ੰਕਰ-2 ਵਿਖੇ ਪੰਜਵੀਂ ਜਮਾਤ ਦੀ ਪ੍ਰੀਖਿਆ (2022-2023) ਵਿੱਚੋਂ ਸੈਂਟਰ ਪੱਧਰ ਤੇ ਵਧੀਆ ਪੁਜੀਸ਼ਨਾਂ ਹਾਂਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਨਗਦ ਰਾਸ਼ੀ, ਟ੍ਰਾਫੀ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਪ੍ਰੋਗਰਾਮ ਸੈਂਟਰ ਹੈਡ ਟੀਚਰ ਜਸਵੀਰ ਸਿੰਘ ਦੀ ਰਹਿਨੁਮਾਈ ਹੇਠ ਹੋਇਆ। ਜਿਸ ਵਿੱਚ ਵੱਖ-ਵੱਖ ਸਕੂਲਾਂ ਤੋਂ ਆਏ ਮੁੱਖ ਅਧਿਆਪਕ ਸਾਹਿਬਾਨ ਤੇ ਉਚੇਚੇ ਤੌਰ ਤੇ ਬੀ ਐਲ ਓ ਨਰੇਸ਼ ਕੁਮਾਰ, ਸਰਪੰਚ ਅਸ਼ੋਕ ਕੁਮਾਰ ਖਾਨਪੁਰ ਵੀ ਸ਼ਾਮਲ ਹੋਏ। ਇਸ ਤੋਂ ਇਲਾਵਾ ਬੱਚਿਆਂ ਦੇ ਮਾਤਾ-ਪਿਤਾ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਤੇ ਪਤਵੰਤੇ ਸੱਜਣਾਂ ਵਲੋਂ ਵੀ ਸ਼ਮੂਲੀਅਤ ਕੀਤੀ ਗਈ। ਬੀ ਐਲ ਓ ਨਰੇਸ਼ ਕੁਮਾਰ ਵਲੋਂ ਜਿੱਥੇ ਬੱਚਿਆਂ ਦੇ ਸੁਨਹਿਰੇ ਭਵਿੱਖ ਦੀ ਮਨੋਕਾਮਨਾ ਕੀਤੀ ਗਈ, ਉਥੇ ਨਾਲ ਹੀ ਸੈਂਟਰ ਖਾਨਪੁਰ ਦੇ ਸਮੂਹ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਤੁਹਾਡੀ ਮਿਹਨਤ ਤੇ ਲਗਨ ਸਦਕੇ ਬੱਚੇ ਅੱਜ ਇਸ ਮੁਕਾਮ ਤੇ ਪਹੁੰਚੇ ਹਨ। ਭਵਿੱਖ ਵਿੱਚ ਸਾਨੂੰ ਇਹੋ ਜਿਹੇ ਹੋਰ ਵੀ ਸਮਾਗਮ ਕਰਨੇ ਚਾਹੀਦੇ ਹਨ ਤਾਂ ਜੋ ਬੱਚਿਆਂ ਦੇ ਮਾਤਾ-ਪਿਤਾ ਨੂੰ ਇਹ ਸੰਦੇਸ਼ ਜਾਵੇ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚੇ ਵੀ ਲੰਬੀਆਂ ਪੁਲਾਘਾਂ ਪੁੱਟ ਸਕਦੇ ਨੇ ਤੇ ਆਪਣੀ ਸਖਤ ਮਿਹਨਤ ਨਾਲ ਹਰ ਮੰਜਿਲ ਤੇ ਪਹੁੰਚ ਸਕਦੇ ਹਨ।



# ਸਮਾਜਿਕ ਕ੍ਰਾਂਤੀ ਦਾ ਦਗ਼ਦਾ ਸੂਰਜ: ਡਾ. ਭੀਮ ਰਾਓ ਅੰਬੇਡਕਰ



ਭਾਰਤ ਵਿਚ ਸਦੀਆਂ ਤੋਂ ਲਤਾੜੇ ਗਏ ਹਾਸ਼ੀਆਗਤ ਲੋਕਾਂ ਨੂੰ ਸਮਾਨਤਾ ਅਤੇ ਸੁਤੰਤਰਤਾ ਦਾ ਜਾਮਾ ਪਹਿਨਾ ਕੇ ਸਮਾਜਿਕ ਤੌਰ ਤੇ ਸੰਪੰਨ ਕਰਨ ਦਾ ਸਿਹਰਾ ਡਾ. ਭੀਮ ਰਾਓ ਅੰਬੇਡਕਰ ਦੇ ਸਿਰ ਬੱਝਦਾ ਹੈ। ਭਾਵੇਂ ਉਹਨਾਂ ਤੋਂ ਪਹਿਲਾਂ ਮਹਾਤਮਾ ਬੁੱਧ, ਸਮੁਚੀ ਭਗਤੀ ਲਹਿਰ ਅਤੇ ਮਹਾਤਮਾ ਜੋਤੀਬਾ ਰਾਓ ਫੂਲੇ ਜਿਹੇ ਸਿਰਜਕਾਂ ਨੇ ਇੱਕ ਮੰਚ ਤਿਆਰ ਕਰ ਦਿੱਤਾ ਸੀ ਪਰ ਦਲਿਤਾਂ ਦੇ ਹੱਕਾਂ ਨੂੰ ਅਮਲੀ ਜਾਮਾ ਡਾ. ਭੀਮ ਰਾਓ ਅੰਬੇਡਕਰ ਨੇ ਹੀ ਪਹਿਨਾਇਆ।

ਡਾ. ਅੰਬੇਡਕਰ ਨੂੰ ਦੱਬੇ ਕੁਚਲੇ ਵਰਗ ਨੂੰ ਉੱਪਰ ਚੁੱਕਣ ਦੀ ਪ੍ਰੇਰਣਾ ਆਪਣੇ ਆਪ ਤੋਂ ਹੀ ਮਿਲੀ। ਉਹਨਾਂ ਦਾ ਆਪਣਾ ਜੀਵਨ ਤੰਗੀਆਂ ਤੁਰਸ਼ੀਆਂ, ਤਕਲੀਫ਼ਾਂ ਅਤੇ ਪੈਰ ਪੈਰ ਤੇ ਹੁੰਦੇ ਵਿਤਕਰਿਆਂ ਸੰਗ ਹੀ ਗੁਜ਼ਰਿਆ। ਅੱਗੇ ਜਾ ਕੇ ਪੈਰ ਪੈਰ ਤੇ ਹੁੰਦੇ ਤ੍ਰਿਸਕਾਰ ਨੂੰ ਹੀ ਉਹਨਾਂ ਨੇ ਆਪਣੀ ਢਾਲ਼ ਬਣਾਇਆ। ਡਾ. ਅੰਬੇਡਕਰ ਦਾ ਜਨਮ 14 ਅਪ੍ਰੈਲ, 1891 ਈਸਵੀ ਨੂੰ ਮੱਧ ਪ੍ਰਦੇਸ਼ ਦੀ ਛਾਉਣੀ ਮਹੂ ਵਿਖੇ ਸੂਬੇਦਾਰ ਰਾਮ ਜੀ ਮਾਲੋ ਜੀ ਸਕਪਾਲ ਅਤੇ ਭੀਮਾ ਬਾਈ ਦੇ ਘਰ ਚੌਦਵੀਂ ਸੰਤਾਨ ਵਜੋਂ ਉਸ ਮਹਾਰ ਜਾਤ ਵਿੱਚ ਪੈਦਾ ਹੋਇਆ ਜਿਸਦਾ ਕੰਮ ਪਿੰਡ ਦਾ ਚੌਂਕੀਦਾਰਾ ਕਰਨਾ, ਪਿੰਡ ਦੀ ਦੀਵਾਰ ਦੀ ਮੁਰੰਮਤ ਕਰਨਾ, ਗਲੀਆਂ ਸਾਫ਼ ਕਰਨਾ, ਮਰੇ ਪਸ਼ੂ ਚੁੱਕਣਾ, ਸਿਵਿਆਂ ਵਿੱਚ ਅੱਗ ਦਾ ਪ੍ਰਬੰਧ ਕਰਨਾ, ਵਗਾਰ ਕਰਨਾ ਤੇ ਸੁਨੇਹੇ ਲਿਆਉਣਾ ਲਿਜਾਉਣਾ ਸੀ। ਪਿੰਡ ਦਾ ਮੰਦਰ, ਖੂਹ ਅਤੇ ਸਕੂਲ ਇਹਨਾਂ ਦੀ ਪਹੁੰਚ ਤੋਂ ਬਹੁਤ ਬਾਹਰ ਸਨ। ਮਹਾਰ ਜਾਤ ਨੂੰ ਸਵਰਨਾਂ ਤੋਂ ਆਪਣੀ ਪਛਾਣ ਅਲੱਗ ਰੱਖਣ ਲਈ ਹੱਥ ਵਿੱਚ ਸੋਟੀ ਅਤੇ ਮੋਢੇ ਤੇ ਕੰਬਲ਼ ਰੱਖਣਾ ਪੈਂਦਾ ਸੀ।



ਡਾ. ਜਸਵੰਤ ਰਾਏ ਸਾਹਰੀ
(91-98158-25999)

ਡਾ. ਅੰਬੇਡਕਰ ਨੇ ਆਪਣੀ ਜ਼ਿੰਦਗੀ ਦਾ ਜ਼ਿਆਦਾ ਸਮਾਂ ਸ਼ਹਿਰ ਵਿੱਚ ਹੀ ਗੁਜ਼ਾਰਿਆ। ਇਸਦਾ ਕਾਰਨ ਬਾਬਾ ਸਾਹਿਬ ਦਾ ਫੌਜੀ ਪਰਿਵਾਰ ਸੀ। ਉਹਨਾਂ ਦੇ ਪਿਤਾ ਫੌਜ ਵਿੱਚ ਸੂਬੇਦਾਰ ਸਨ। ਦਾਦਾ ਮਾਲੋ ਜੀ ਸਕਪਾਲ ਵੀ ਫੌਜ ਦੀ ਨੌਕਰੀ ਤੋਂ ਸੇਵਾ ਮੁਕਤ ਹੋਏ ਸਨ। ਮਾਤਾ ਭੀਮਾ ਬਾਈ ਦੇ ਪਿਤਾ ਜੀ ਅਤੇ ਉਸਦੇ ਛੇ ਚਾਚਾ ਜੀ ਫੌਜ ਵਿੱਚ ਸੂਬੇਦਾਰ ਮੇਜਰ ਸਨ। ਬਾਬਾ ਸਾਹਿਬ ਨੂੰ ਦਲਿਤ ਅੰਦੋਲਨ ਦੀ ਗੁੜ੍ਹਤੀ ਆਪਣੇ ਘਰ ਵਿੱਚੋਂ ਹੀ ਮਿਲੀ। ਉਹਨਾਂ ਦੇ ਪਿਤਾ ਸੂਬੇਦਾਰ ਰਾਮ ਜੀ ਸਮਾਜ ਸੁਧਾਰ ਅਭਿਆਨ ਵਿੱਚ ਡੂੰਘੀ ਰੁਚੀ ਰੱਖਦੇ ਸਨ।ਇਸਦੇ ਸਬੂਤ ਵਜੋਂ ਬਾਬਾ ਸਾਹਿਬ ਨੂੰ 1892 ਈਸਵੀ ਵਿੱਚ ਅਛੂਤਾਂ ਦੀ ਫੌਜ ਵਿੱਚ ਭਰਤੀ ਬੰਦ ਹੋਣ ਉਪਰੰਤ ਪਿਤਾ ਜੀ ਦੁਆਰਾ ਗਵਰਨਰ ਨੂੰ ਦਿੱਤੀ ਮੈਮੋਰੰਡਮ ਦੀ ਨਕਲ ਕਾਗਜ਼ਾਂ ਵਿੱਚੋਂ ਲੱਭੀ।

ਡਾ. ਅੰਬੇਡਕਰ ਨੇ ਮੁਢਲੀ ਵਿਦਿਆ ਕੈਂਪ ਸਕੂਲ ਸਿਤਾਰਾ ਵਿਖੇ ਹੀ ਪ੍ਰਾਪਤ ਕੀਤੀ। ਸੂਬੇਦਾਰ ਰਾਮ ਜੀ ਦੇ ਨੌਕਰੀ ਤੋਂ ਸਿਤਾਰਾ ਪਹੁੰਚਣ ਤੱਕ ਚੌਦਾਂ ਬੱਚਿਆਂ ਵਿੱਚੋਂ ਕੇਵਲ ਪੰਜ ਹੀ ਜੀਵਿਤ ਬਚੇ ਸਨ। ਜਿਨ੍ਹਾਂ ਵਿੱਚੋਂ ਬਲਰਾਮ, ਮੰਜੂਲਾ ਅਤੇ ਤੁਲਸੀ ਦੀ ਸ਼ਾਦੀ ਹੋ ਚੁੱਕੀ ਸੀ। ਘਰ ਵਿਚ ਸਿਰਫ਼ ਭੀਮ ਰਾਓ ਅਤੇ ਆਨੰਦ ਰਾਓ ਹੀ ਸਨ। ਇਸੇ ਸਮੇਂ ਦੌਰਾਨ ਉਹਨਾਂ ਦੀ ਮਾਤਾ ਭੀਮਾ ਬਾਈ ਦਾ ਵੀ ਦੇਹਾਂਤ ਹੋ ਗਿਆ। ਭੀਮ ਰਾਓ ਦਾ ਮਾਤਾ ਨਾਲ ਡਾਹਡਾ ਪਿਆਰ ਹੋਣ ਕਰਕੇ ਇਸ ਗੱਲ ਦਾ ਉਨ੍ਹਾ ਨੂੰ ਬੜਾ ਸਦਮਾ ਲੱਗਾ। ਭੀਮਾ ਬਾਈ ਦੀ ਮੌਤ ਤੋਂ ਬਾਅਦ ਬੱਚਿਆਂ ਦੀ ਦੇਖ ਭਾਲ ਭੀਮ ਰਾਓ ਦੀ ਭੂਆ ਮੀਰਾ ਬਾਈ ਹੀ ਕਰਿਆ ਕਰਦੇ ਸਨ ਜੋ ਉਹਨਾਂ ਦੇ ਪਿਤਾ ਤੋਂ ਵੱਡੇ ਸਨ ਅਤੇ ਲੱਤ ਤੋਂ ਥੋੜ੍ਹਾ ਜਿਹਾ ਅਪਾਹਜ ਸਨ। ਮੰਜੂਲਾ ਤੇ ਤੁਲਸੀ ਵਿਆਹੀਆਂ ਭੈਣਾਂ ਵੀ ਵਾਰੋ ਵਾਰੀ ਆ ਕੇ ਭੀਮ ਰਾਓ ਤੇ ਆਨੰਦ ਰਾਓ ਦੀ ਦੇਖ ਭਾਲ ਕਰਦੀਆਂ।

ਬਾਬਾ ਸਾਹਿਬ ਨੂੰ ਪਹਿਲ਼ੀ ਵਾਰ ਛੂਆ ਛਾਤ ਦਾ ਅਨੁਭਵ ਉਦੋਂ ਹੋਇਆ ਜਦੋਂ ਇੱਕ ਨਾਈ ਨੇ ਉਹਨਾਂ ਦੇ ਵਾਲ਼ ਕੱਟਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਨੂੰ ਸਕੂਲ ਵਿਚ ਦੂਸਰੇ ਵਿਦਿਆਰਥੀਆਂ ਤੋਂ ਅਲੱਗ ਬੈਠਣਾ ਪੈਂਦਾ ਸੀ ਉਹ ਵੀ ਘਰੋਂ ਲਿਆਂਦੇ ਆਪਣੇ ਟਾਟ ਤੇ। ਸਕੂਲ ਦੇ ਪਿਆਓ ਤੋਂ ਪਾਣੀ ਪੀਣ ਦੀ ਮਨਾਹੀ ਸੀ। ਇੱਕ ਵਾਰ ਆਮ ਪਿਆਓ ਤੋਂ ਖੁਦ ਪਾਣੀ ਪੀ ਲੈਣ ਕਰਕੇ ਉਹਨਾਂ ਨੂੰ ਬਹੁਤ ਕੁੱਟ ਪਈ ਸੀ। ਉਹਨਾਂ ਦੇ ਵਾਲ਼ ਉਹਨਾਂ ਦੀਆਂ ਭੈਣਾਂ ਹੀ ਕੱਟਿਆ ਕਰਦੀਆਂ ਸਨ। ਇਸ ਤਰ੍ਹਾਂ ਦੀਆਂ ਘਟਨਾਵਾਂ ਨੇ ਉਹਨਾਂ ਦਾ ਹਿਰਦਾ ਵਲ਼ੂੰਧਰ ਸੁੱਟਿਆ। ਉਹ ਹੈਰਾਨ ਸਨ ਕਿ ਇਹ ਕਿਹੋ ਜਿਹਾ ਸਮਾਜ ਹੈ ਕਿ ਜਿੱਥੇ ਬੰਦੇ ਦੀ ਪਛਾਣ ਹੀ ਉਸਦੀ ਜਾਤ ਹੈ। ਇਸੇ ਸਕੂਲ ਦਾ ਇੱਕ ਸਵਰਨ ਅਧਿਆਪਕ ਜਿਸਦਾ ਉਪ ਨਾਮ ਅੰਬੇਡਕਰ ਸੀ ਅਤੇ ਜਿਸ ਨੇ ਭੀਮ ਰਾਓ ਦਾ ਉਪਨਾਮ ਅੰਬਾਵਡੇਕਰ ਤੋਂ ਬਦਲ ਕੇ ਅੰਬੇਡਕਰ ਰੱਖਿਆ ਸੀ ਭਾਵੇਂ ਭੀਮ ਰਾਓ ਨੂੰ ਪਿਆਰ ਕਰਦਾ ਸੀ, ਇਨਸਾਨੀ ਦਰਦ ਤਹਿਤ ਉਸਨੂੰ ਖਾਣਾ ਵੀ ਦਿੰਦਾ ਸੀ ਪਰ ਮਨੂੰਵਾਦੀ ਵਿਚਾਰਧਾਰਾ ਦਾ ਇੰਨਾ ਦਬ ਦਬਾ ਸੀ ਕਿ ਉਹ ਖਾਣਾ ਦੂਰ ਤੋਂ ਹੀ ਭੀਮ ਰਾਓ ਵੱਲ ਸੁਟਦਾ ਸੀ।

ਇੱਥੇ ਇਹ ਗੱਲ ਵਰਣਨਯੋਗ ਹੈ ਕਿ ਭਾਰਤੀ ਸੰਵਿਧਾਨ ਦਾ ਨਿਰਮਾਣ ਕਰਨ ਵਾਲੇ ਸੰਸਾਰ ਪ੍ਰਸਿੱਧ ਵਿਦਵਾਨ ਨੂੰ ਅੰਗਰੇਜ਼ੀ ਪੜ੍ਹਨ ਅਤੇ ਬੋਲਣ ਦੀ ਮੁਹਾਰਤ ਆਪਣੇ ਪਿਤਾ ਤੋਂ ਮਿਲੀ। ਛੂਆ ਛਾਤ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਸਨ ਕਿ ਉਹਨਾਂ ਨੂੰ ਭਰਾ ਸਮੇਤ ਸਕੂ਼ਲ ਵਿਚ ਸੰਸਕ੍ਰਿਤ ਪੜ੍ਹਨ ਨਹੀਂ ਦਿੱਤੀ ਗਈ ਅਤੇ ਉਹਨਾਂ ਨੂੰ ਆਪਸ਼ਨਲ ਵਿਸ਼ਾ ਫ਼ਾਰਸੀ ਪੜ੍ਹਨਾ ਪਿਆ। ਬਦਕਿਸਮਤ ਨਾਲ 2 ਫਰਵਰੀ, 1913 ਨੂੰ ਸੂਬੇਦਾਰ ਰਾਮ ਜੀ ਦਾ ਦੇਹਾਂਤ ਹੋ ਗਿਆ। ਉਹਨਾਂ ਨੇ ਭੀਮ ਰਾਓ ਨੂੰ ਬੀ.ਏ. ਕਰਾਉਣ ਤੱਕ ਸਿਤਾਰੇ ਦੀ ਤਰ੍ਹਾਂ ਚਮਕਣ, ਸਵੈਮਾਣ, ਇੱਜ਼ਤ ਅਤੇ ਦਲਿਤ ਉਥਾਨ ਪ੍ਰਤੀ ਜਜ਼ਬਾ ਕੁੱਟ ਕੁੱਟ ਕੇ ਭਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। 1913-17 ਦੌਰਾਨ ਜਦੋਂ ਅਮਰੀਕਾ ਵਿਚ ਗ਼ਦਰ ਪਾਰਟੀ ਦੇ ਸਿਪਾਹੀ ਭਾਰਤ ਨੂੰ ਅਜ਼ਾਦ ਕਰਾਉਣ ਲਈ ਸੰਘਰਸ਼ ਕਰ ਰਹੇ ਸਨ, ਆਪਣੇ ਦੇਸ਼ ਵੱਲ ਵਹੀਰਾਂ ਘੱਤ ਰਹੇ ਸਨ ਤਾਂ ਉਸ ਸਮੇਂ ਬਾਬਾ ਸਾਹਿਬ ਉੱਥੇ ਅਰਥ ਸ਼ਾਸਤਰ ਦੀ ਪੜ੍ਹਾਈ ਕਰਨ ਗਏ। ਲਾਲਾ ਲਾਜਪਤ ਰਾਏ ਉਹਨਾਂ ਨੂੰ ਉੱਥੇ ਮਿਲੇ। ਪਰ ਬਾਬਾ ਸਾਹਿਬ ਦੇ ਮਨ ਵਿੱਚ ਤਾਂ ਭਾਰਤ ਦੀ ਬਹੁ-ਜਨਸੰਖਿਆ ਨੂੰ ਦੂਹਰੀ ਗ਼ੁਲਾਮੀ ਤੋਂ ਮੁਕਤ ਕਰਾਉਣ ਦਾ ਸੰਘਰਸ਼ ਰਿੱਝ ਪੱਕ ਰਿਹਾ ਸੀ। 1916 ਵਿੱਚ ਉਹਨਾਂ ਨੇ ਉਨੈਸ਼ਨਲ ਡਿਵੀਡੈਂਡ ਆਫ ਇੰਡੀਆ" ਥੀਸਜ਼ ਪੀਐੱਚ.ਡੀ. ਦੀ ਡਿਗਰੀ ਲਈ ਦਰਜ ਕਰਵਾਇਆ।

ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਜਿਸਨੇ ਪਿਛਲੇ ਦਿਨੀਂ ਆਪਣੇ 300 ਸਾਲ ਦੇ ਰਿਕਾਰਡ 'ਚੋਂ ਡਾ. ਅੰਬੇਡਕਰ ਨੂੰ ਉਸਰਵੋਤਮ ਵਿਦਿਆਰਥੀ" ਐਲਾਨਿਆ ਨੂੰ ਜਦੋਂ ਮਹਾਰਾਜਾ ਬੜੌਦਾ ਦੀ ਰਿਆਸਤ ਵਿਚ ਕਲਾਸ ਵਨ ਅਫ਼ਸਰ ਦੀ ਨੌਕਰੀ ਮਿਲੀ ਸੀ ਤਾਂ ਉਹਨਾਂ ਨੂੰ ਕਿਰਾਏ ਤੇ ਰਹਿਣ ਲਈ ਨੀਵੀਂ ਜਾਤ ਦਾ ਹੋਣ ਕਰਕੇ ਕਮਰਾ ਨਹੀਂ ਸੀ ਮਿਲ ਰਿਹਾ। ਇਹ ਹਾਲਤ ਸੀ ਸਾਡੇ ਦੇਸ਼ ਦੀ। ਜੇਕਰ ਇਸ ਤਰ੍ਹਾਂ ਦੇ ਹਲਾਤਾਂ ਵਿੱਚ ਕੋਈ ਹੋਰ ਹੁੰਦਾ ਤਾਂ ਪਤਾ ਨਹੀਂ ਕਦੋਂ ਦਾ ਖ਼ਤਮ ਹੋ ਗਿਆ ਹੁੰਦਾ। ਇਹ ਗੱਲ ਬਾਬਾ ਸਾਹਿਬ ਅਕਸਰ ਕਿਹਾ ਕਰਦੇ ਸਨ। ਇਹ ਉਹਨਾਂ ਦੀ ਜ਼ਿੰਦਾਦਿਲੀ ਸੀ ਜੋ ਇਸ ਤਰ੍ਹਾਂ ਦੇ ਮਾਹੌਲ ਵਿੱਚ ਵੀ ਡੋਲੇ ਨਹੀਂ, ਘਬਰਾਏ ਨਹੀਂ ਕਰੋੜਾਂ ਅਛੂਤਾਂ ਲਈ ਇੱਕਲੇ ਲੜਦੇ ਰਹੇ।

ਮੀਡੀਏ ਦੀ ਮਹੱਤਤਾ ਤੋਂ ਜਾਣੂ ਹੋਣ ਕਰਕੇ ਡਾ. ਅੰਬੇਡਕਰ ਨੇ ਕੋਹਲਾਪੁਰ ਦੇ ਮਹਾਰਾਜਾ ਸ਼ਾਹੂ ਜੀ ਮਹਾਰਾਜ ਦੀ ਮੱਦਦ ਨਾਲ ਜਨਵਰੀ 1920 ਵਿੱਚ 'ਮੂਕ ਨਾਇਕ' ਨਾਂ ਦਾ ਪੰਦਰਾ ਰੋਜ਼ਾ ਅਖ਼ਬਾਰ ਜਾਰੀ ਕੀਤਾ। ਰਸਾਲੇ ਦੇ ਪਲੇਠੇ ਅੰਕ ਵਿੱਚ ਚਰਚਾ ਕਰਦੇ ਹੋਏ ਉਹਨਾਂ ਨੇ ਲਿਖਿਆ ਸੀ ਕਿ ਹਿੰਦੂ ਸਮਾਜ ਇੱਕ ਅਜਿਹਾ ਮੀਨਾਰ ਹੈ ਜੋ ਹੈ ਤਾਂ ਕਈ ਮੰਜ਼ਿਲਾਂ ਵਾਲਾ ਪਰ ਉਸਨੂੰ ਨਾ ਤਾਂ ਕੋਈ ਪੌੜੀ ਹੈ ਅਤੇ ਨਾ ਹੀ ਕੋਈ ਦਰਵਾਜ਼ਾ। ਜੋ ਵੀ ਕੋਈ ਜਿਸ ਮੰਜ਼ਿਲ ਤੇ ਪੈਦਾ ਹੋਇਆ ਉਹ ਉਸ ਵਿਚ ਹੀ ਮਰ ਜਾਵੇਗਾ। ਇਸ ਲਈ ਉਹਨਾਂ ਦੀਆਂ ਲਿਖਤਾਂ ਦਾ ਅਧਿਐਨ ਕਰਦਿਆਂ ਤਾਂ ਲਗਦਾ ਹੈ ਕਿ ਉਹਨਾਂ ਦਾ ਅਸਲ ਮੁੱਦਾ ਭਾਰਤ ਨੂੰ ਕੇਵਲ ਅੰਗਰੇਜ਼ ਹਕੂਮਤ ਤੋਂ ਆਜ਼ਾਦ ਕਰਾਉਣਾ ਹੀ ਨਹੀਂ ਸੀ ਸਗੋਂ ਉਹ ਧਾਰਮਿਕ ,ਰਾਜਨੀਤਕ, ਆਰਥਿਕ ਅਤੇ ਸਮਾਜਿਕ ਤੌਰ ਤੇ ਦਲਿਤ ਸਮਾਜ ਨੂੰ ਬਿਲਕੁਲ ਮੁਕਤ ਕਰਾਉਣਾ ਚਾਹੁੰਦੇ ਸਨ। ਡਾ. ਅੰਬੇਡਕਰ ਨੇ ਸਵਰਾਜ ਬਾਰੇ ਚਰਚਾ ਕਰਦੇ ਹੋਏ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਸ ਤੋਂ ਪਹਿਲਾਂ ਕਿ ਸਵਰਨ ਸਵਰਾਜ ਦੀ ਮੰਗ ਕਰਨ ਉਹਨਾਂ ਨੂੰ ਅਛੂਤ ਜੋ ਕਿ ਇੱਕੋ ਹੀ ਤਰ੍ਹਾਂ ਦੇ ਧਰਮ ਰੀਤੀ ਰਿਵਾਜ਼ਾਂ ਦੇ ਧਾਰਨੀ ਹਨ ਨੂੰ ਸਮਾਜਿਕ ਬਰਾਬਰੀ ਦਾ ਅਧਿਕਾਰ ਦੇਣਾ ਚਾਹੀਦਾ ਹੈ।

1920-23 ਤੱਕ ਉਹਨਾਂ ਨੇ ਲੰਡਨ ਸਕੂ਼ਲ ਆਫ ਇਕਨਾਮਿਕਸ ਤੋਂ ਉਐੱਮ.ਐੱਸ.ਸੀ., ਡੀ.ਐੱਸ.ਸੀ.ਅਤੇ ਕਾਨੂੰਨ ਦੀ ਉੱਚ ਪੱਧਰ ਦੀ ਡਿਗਰੀ ਹਾਸਲ ਕੀਤੀ। ਪ੍ਰਸਿੱਧ ਲੇਖਕ ਸ੍ਰੀ ਲਾਹੌਰੀ ਰਾਮ ਬਾਲੀ ਉਹਨਾਂ ਬਾਰੇ ਲਿਖਦੇ ਹਨ: "ਸੰਸਾਰ ਭਰ ਦੇ ਇਤਿਹਾਸ ਵਿੱਚ ਅੰਬੇਡਕਰ ਵਰਗੇ ਮਹਾਂਪੁਰਸ਼ ਘੱਟ ਹੀ ਮਿਲਦੇ ਹਨ ਜੋ ਭੁੱਖੇ ਰਹੇ ਹੋਣ, ਜੋ ਪੂਰੇ ਕੱਪੜਿਆਂ ਨੂੰ ਤਰਸੇ ਹੋਣ ਅਤੇ ਲੋੜੀਂਦੇ ਖ਼ਰਚਿਆਂ ਨੂੰ ਵਿਲਕਦੇ ਰਹੇ ਹੋਣ। ਭੁੱਖ ਲੱਗੇ ਤਾਂ ਚਾਹ ਦਾ ਇੱਕ ਪਿਆਲਾ ਪੀ ਕੇ ਹੀ ਪੇਟ ਨੂੰ ਪਰਚਾ ਦੇਣਾ, ਸਫ਼ਰ ਖ਼ਰਚ ਦੀ ਲੋੜ ਪਏ ਤਾਂ ਪੈਦਲ ਹੀ ਮੰਜ਼ਿਲਾਂ ਤਹਿ ਕਰ ਲੈਣਾ, ਖ਼ਾਹਸ਼ਾਂ ਮਾਰਨਾ, ਉਮੰਗ ਦਬਾਉਣਾ ਅਤੇ ਹਰ ਮੁਸੀਬਤ ਨੂੰ ਖਿੜੇ ਮੱਥੇ ਕੱਟ ਗੁਜ਼ਰਨਾ, ਇਹੋ ਜਿਹਾ ਸੀ ਉਸ ਸਮੇਂ ਅੰਬੇਡਕਰ ਦਾ ਜੀਵਨ ਨਿਰਬਾਹਤ.।

ਉਸ ਸਮੇਂ ਸਮਾਜ ਇੰਨੀਆਂ ਬੰਦਸ਼ਾਂ ਵਿੱਚ ਬੱਝਿਆ ਹੋਇਆ ਸੀ ਕਿ ਇੱਕ ਤਲਾਬ ਵਿੱਚੋਂ ਜਾਨਵਰ ਤਾਂ ਪਾਣੀ ਪੀ ਸਕਦਾ ਸੀ ਪਰ ਮਨੁੱਖ ਨਹੀਂ। 20 ਮਾਰਚ 1927 ਨੂੰ ਅੰਬੇਡਕਰ ਨੇ ਜਦੋਂ ਹਜ਼ਾਰਾਂ ਅਛੂਤਾਂ ਨਾਲ ਚੋਦਾਰ ਤਲਾਬ 'ਚੋਂ ਪਾਣੀ ਦਾ ਘੁੱਟ ਭਰਿਆ ਤਾਂ ਇਹ ਦਲਿਤ ਮੁਕਤੀ ਅੰਦੋਲਨ ਦਾ ਸਿਖ਼ਰ ਹੋ ਨਿਬੜਿਆ। ਇਸੇ ਵਰੇ 'ਚ ਹੀ ਨਾਸਿਕ ਦੇ ਕਾਲਾ ਰਾਮ ਹਿੰਦੂ ਮੰਦਰ 'ਚ ਪਰਵੇਸ਼ ਲਈ ਮੋਰਚਾ ਲਾਇਆ ਗਿਆ। 25 ਦਸੰਬਰ 1927 ਈਸਵੀ ਨੂੰ ਉਹਨਾਂ ਨੇ ਬਰਾਬਰਤਾ ਦਾ ਸੰਦੇਸ਼ ਦਿੰਦਿਆਂ ਮਨੂੰ ਸਿਮਰਤੀ ਨੂੰ ਅਗਨ ਭੇਟ ਕੀਤਾ। ਉਹਨਾਂ ਸਮਿਆਂ 'ਚ ਇਹ ਬਹੁਤ ਦਲੇਰਾਨਾ ਕਦਮ ਸੀ। ਡਾ. ਅੰਬੇਡਕਰ ਨੂੰ ਉਸ ਸਮੇਂ ਆਪਣੇ ਮਿਸ਼ਨ ਤੋਂ ਇਲਾਵਾ ਦੇਸ਼ ਵਿੱਚ ਘਟ ਰਹੀ ਹਰ ਇੱਕ ਘਟਨਾ ਬਾਰੇ ਡੂੰਘੀ ਜਾਣਕਾਰੀ ਸੀ। ਜਦੋਂ 23 ਮਾਰਚ 1931 ਨੂੰ ਸ਼ਹੀਦ ਭਗਤ ਸਿੰਘ ਨੂੰ ਰਾਜਗੁਰੂ ਅਤੇ ਸੁਖਦੇਵ ਸਮੇਤ ਫਾਂਸੀ ਦੀ ਸਜ਼ਾ ਦਿੱਤੀ ਗਈ ਤਾਂ ਉਹਨਾਂ ਨੇ ਆਪਣੇ ਰਸਾਲੇ 'ਜਨਤਾ' ਦੀ ਸੰਪਾਦਕੀ ਵਿਚ ਜਿੱਥੇ ਇਹਨਾਂ ਸ਼ਹੀਦਾਂ ਨੂੰ ਸਲਾਮ ਆਖੀ ਉੱਥੇ ਇਸ ਫਾਂਸੀ ਬਾਰੇ ਵੀ ਗਹਿਰ ਗੰਭੀਰ ਚਰਚਾ ਕੀਤੀ ਹੈ।

1930-32 ਦੀਆਂ ਗੋਲਮੇਜ਼ ਕਾਨਫਰੰਸਾਂ ਵਿੱਚ ਡਾ. ਅੰਬੇਡਕਰ ਦਾ ਬਹੁਤ ਵੱਡਾ ਬਿੰਬ ਉਭਰ ਕੇ ਸਾਹਮਣੇ ਆਇਆ। ਭਾਵੇਂ ਉਹ ਬਾਅਦ ਵਿੱਚ ਪੂਨਾ ਪੈਕਟ ਸਮਝੌਤੇ ਨੂੰ ਜ਼ਿੰਦਗੀ ਦੀ ਬਹੁਤ ਵੱਡੀ ਭੁੱਲ ਕਹਿੰਦੇ ਸਨ। ਇਸ ਸਮੇਂ ਉਹਨਾਂ ਨੂੰ ਮਹਾਤਮਾ ਗਾਂਧੀ ਨਾਲ ਸਖ਼ਤ ਟੱਕਰ ਵੀ ਲੈਣੀ ਪਈ। ਪਰ ਫਿਰ ਵੀ ਉਹ ਕੁਝ ਹੱਦ ਤੱਕ ਅਛੂਤਾਂ ਨੂੰ ਬਣਦਾ ਮਾਣ ਸਤਿਕਾਰ ਲੈ ਕੇ ਦੇਣ ਵਿਚ ਕਾਮਯਾਬ ਰਹੇ।

ਸਾਡੀ ਇਹ ਤ੍ਰਾਸਦੀ ਰਹੀ ਹੈ ਕਿ ਅਸੀਂ ਡਾ. ਅੰਬੇਡਕਰ ਨੂੰ ਸਿਰਫ਼ ਦਲਿਤ ਨੇਤਾ ਕਹਿ ਕੇ ਹੀ ਵਡਿਆਉਂਦੇ ਰਹੇ। ਪਰ ਜਦ ਅੱਜ ਪੂਰਾ ਸੰਸਾਰ ਉਹਨਾਂ ਦੀ ਬੌਧਿਕ ਸਮਰੱਥਾ ਦੇ ਸੋਹਲੇ ਗਾ ਰਿਹਾ ਹੈ। ਯੂ.ਐੱਨ.ਓ. ਨੇ ਉਹਨਾਂ ਦੀ 125 ਵੀਂ ਜਯੰਤੀ ਨੂੰ "ਸਿੰਬਲ ਆਫ ਨਾਲਿਜ" ਦੇ ਤੌਰ ਤੇ ਮਨਾਇਆ ਹੈ ਤਾਂ ਸਾਨੂੰ ਪਤਾ ਲਗਦਾ ਹੈ ਕਿ ਉਹ ਅੰਤਰਰਾਸ਼ਟਰੀ ਪੱਧਰ ਦੇ ਵਿਅਕਤੀਤੱਵ ਵਾਲੇ ਆਗੂ ਸਨ। ਉਹ ਭਾਰਤ ਦੇ ਰਾਸ਼ਟਰੀ ਨੇਤਾ ਸਨ। ਉਹਨਾਂ ਦੇ ਅਨੁਸਾਰ ਜਾਤ ਦੇ ਵਿਰੁਧ ਲੜਾਈ ਕੇਵਲ ਦਲਿਤ ਮੁਕਤੀ ਲਈ ਲੜਾਈ ਨਹੀਂ ਹੈ। ਬਲਕਿ ਇਹ ਭਾਰਤ ਵਰਸ਼ ਵਿੱਚ ਰਾਸ਼ਟਰ ਦੇ ਨਿਰਮਾਣ ਲਈ ਵੀ ਇੱਕ ਸਾਰਥਕ ਕਦਮ ਹੈ। ਔਰਤ ਨੂੰ ਮਰਦ ਦੇ ਬਰਾਬਰ ਵੋਟ ਦਾ ਅਧਿਕਾਰ ਦੇ ਕੇ ਉਹਨਾਂ ਨੇ ਸਦੀਆਂ ਤੋਂ ਲਤਾੜੀ ਗਈ ਨਾਰੀ ਜਾਤੀ ਦੇ ਸਵੈ ਮਾਣ ਦਾ ਰਾਹ ਖੋਲ਼੍ਹਿਆ। ਇਸੇ ਹੱਕ ਕਰਕੇ ਹੀ ਭਾਰਤ ਵਿੱਚ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਦੀ ਕੁਰਸੀ ਤੱਕ ਇਸਤਰੀ ਦੀ ਪਹੁੰਚ ਬਣ ਸਕੀ ਹੈ।

ਬਾਬਾ ਸਾਹਿਬ ਦੁਆਰਾ ਹਿੰਦੂ ਧਰਮ ਨੂੰ ਛੱਡਣ ਦਾ ਐਲਾਨ ਮਹਿਜ਼ ਇੱਕ ਧਰਮ ਪਰਿਵਰਤਨ ਹੀ ਨਹੀਂ ਸੀ ਸਗੋਂ ਇਹ ਦਲਿਤ ਮੁਕਤੀ ਅੰਦੋਲਨ ਵਿੱਚ ਵੀ ਇੱਕ ਅਹਿਮ ਕੜੀ ਸੀ। ਆਪਣੇ ਆਖ਼ਰੀ ਸਾਹ ਲੈਣ ਤੋਂ ਕੁਝ ਦਿਨ ਪਹਿਲਾਂ ਉਹਨਾਂ ਦੇ ਕਹਿਣ ਤੇ ਉਹਨਾਂ ਦੇ ਪੰਜ ਲੱਖ ਪੈਰੋਕਾਰ ਬੁੱਧ ਧਰਮ ਦੀ ਸ਼ਰਨ ਵਿੱਚ ਗਏ। ਇਸ ਤਰ੍ਹਾਂ ਡਾ. ਅੰਬੇਡਕਰ ਨੇ ਇੱਕ ਤਰ੍ਹਾਂ ਭਾਰਤ ਦੀ ਧਰਤੀ ਤੇ ਬੁੱਧ ਧਰਮ ਨੂੰ ਪੁਨਰ ਸਥਾਪਿਤ ਕੀਤਾ। ਉਹ ਇੱਕ ਮਹਾਨ ਲੇਖਕ ਵੀ ਸਨ। ਉਹਨਾਂ ਦੁਆਰਾ ਵੱਖ ਵੱਖ ਵਿਸ਼ਿਆਂ ਤੇ ਲਿਖੇ ਅਹਿਮ 40 ਦਸਤਾਵੇਜ਼ ਇਸ ਗੱਲ ਦੀ ਬਾਤ ਪਾਉਂਦੇ ਹਨ।

ਡਾ. ਅੰਬੇਡਕਰ ਦੀ ਜ਼ਿੰਦਗੀ ਦਾ ਸਭ ਤੋਂ ਅਹਿਮ ਮਿਸ਼ਨ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਕਰਨਾ ਸੀ। ਉਹ ਖਰੜਾ ਕਮੇਟੀ ਦੇ ਚੇਅਰਮੈਨ ਸਨ। ਸੰਵਿਧਾਨ ਦੇ ਨਿਰਮਾਣ ਲਈ 2 ਸਾਲ 11 ਮਹੀਨੇ 17 ਦਿਨ ਲੱਗੇ। ਇਹ ਕੋਈ ਸੌਖਾ ਕੰਮ ਨਹੀਂ ਸੀ। ਉਹਨਾਂ ਨੂੰ ਹਜ਼ਾਰਾਂ ਦੀ ਤਦਾਦ ਵਿੱਚ ਸੰਸ਼ੋਧਨ ਪ੍ਰਾਪਤ ਹੋਏ। ਇਹਨਾਂ ਵਿੱਚੋਂ ਬਹੁਤੇ ਉਹਨਾਂ ਦੇ ਰਾਜਸੀ ਵਿਰੋਧੀਆਂ ਦੇ ਸਨ। ਇਹਨਾਂ ਵਿੱਚੋਂ ਉਹਨਾਂ ਨੇ 5162 ਸੰਸ਼ੋਧਨਾਂ ਨੂੰ ਤੱਥਾਂ ਦੇ ਅਧਾਰ ਤੇ ਕਿਨਾਰੇ ਕੀਤਾ ਤੇ 2473 ਸੰਸ਼ੋਧਨਾਂ ਨੂੰ ਸਮਾਯੋਜਿਤ ਕੀਤਾ। 17.10.1946 ਨੂੰ ਸੰਵਿਧਾਨ ਸਭਾ ਦੀ ਡੀਬੇਟ ਵਿੱਚ ਉਹ 27 ਵਾਰ ਖੜ੍ਹੇ ਹੋ ਕੇ ਬੋਲੇ। ਉਹ ਹਰ ਰੋਜ 10-12 ਵਾਰ ਬੋਲਦੇ ਸਨ।ਉਹਨਾਂ ਦੁਆਰਾ ਲਿਖੇ ਸੰਵਿਧਾਨ ਕਾਰਨ ਹੀ ਅੱਜ ਸਾਰਾ ਦੇਸ਼ ਇੱਕ ਜੁਟ ਹੈ ਭਾਵੇਂ ਕੁਝ ਕੱਟੜ ਤਾਕਤਾਂ ਇਸਨੂੰ ਤੋੜਨ ਲਈ ਯਤਨ ਕਰ ਰਹੀਆਂ ਹਨ ਪਰ ਉਹਨਾਂ ਦੀ ਪੇਸ਼ ਕੋਈ ਨਹੀਂ ਜਾ ਰਹੀ। ਸਾਡਾ ਸੰਵਿਧਾਨ ਸਮਾਨਤਾ, ਸੁਤੰਤਰਤਾ ਅਤੇ ਭਰਾਤਰੀ ਭਾਵ ਦਾ ਮੁਦੱਈ ਹੈ।

ਅਨੁਸੂਚਿਤ ਜਾਤਾਂ, ਅਨੁਸੂਚਿਤ ਜਨ ਜਾਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਇਕੱਤਰ ਕਰਕੇ ਡਾ. ਅੰਬੇਡਕਰ ਨੇ ਕਈ ਸੰਗਠਨ ਬਣਾਏ, ਸੰੰਮੇਲਨ ਕਰਕੇ ਇਹਨਾਂ ਨੂੰ ਹੱਕਾਂ ਪ੍ਰਤੀ ਚੇਤੰਨ ਕੀਤਾ। ਰਾਜਨੀਤਕ ਪਾਰਟੀ ਬਣਾਈ ,ਚੋਣਾਂ ਲੜੀਆਂ। ਅਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ। ਹਿੰਦੂ ਕੋਡ ਬਿਲ ਅਤੇ ਮਜ਼ਦੂਰ ਜਮਾਤ ਦੇ ਹੱਕਾਂ ਲਈ ਜੂਝਦੇ ਹੋਏ ਮੰਤਰੀ ਪਦ ਤੋਂ ਅਸਤੀਫ਼ਾ ਵੀ ਦੇ ਗਏ।

ਦਲਿਤ ਵਰਗ ਨੂੰ ਮਾਨਵਤਾ ਵਾਲੇ ਹੱਕ ਲੈ ਕੇ ਦੇਣ ਲਈ ਆਪਣੇ ਪਰਿਵਾਰ ਵੱਲ ਵੀ ਮੁੜ ਕੇ ਨਾ ਦੇਖਿਆ। ਉਹਨਾਂ ਦੇ ਚਾਰ ਬੱਚੇ ਦਵਾਈ ਖੁਣੋਂ ਮੁੱਕ ਗਏ, ਪਤਨੀ ਨੂੰ ਲੋਕਾਂ ਦੇ ਘਰਾਂ ਵਿੱਚ ਜਾ ਕੇ ਕੰਮ ਕਰਨਾ ਪਿਆ। ਪਰ ਉਹ ਸੂਰਮਾ ਦਲਿਤ ਉਥਾਨ ਲਈ ਸਿਰ ਸੁੱਟ ਕੇ ਦਿਨ ਰਾਤ ਜੂਝਦਾ ਰਿਹਾ। ਕਿੱਡੀ ਵੱਡੀ ਕੁਰਬਾਨੀ ਸੀ ਇਹ ਉਹਨਾਂ ਦੀ।ਉਹ ਸੱਚ ਮੁਚ ਅਫਰੀਕਾ ਦਾ ਨੈਲਸਨ ਮੰਡੇਲਾ ਅਤੇ ਜਰਮਨ ਦਾ ਮਾਰਟਿਨ ਲੂਥਰ ਕਿੰਗ ਸੀ ਜੋ ਹਾਸ਼ੀਆਗਤ ਲੋਕਾਂ ਲਈ ਬਿਨਾਂ ਹਥਿਆਰਾਂ ਅਤੇ ਸਾਧਨਾਂ ਤੋਂ ਵੱਡੀ ਜੰਗ ਲੜਿਆ ਅਤੇ ਜੇਤੂ ਰਿਹਾ। ਉਹਨਾਂ ਦੀਆਂ ਬੇ-ਮਿਸਾਲ ਪ੍ਰਾਪਤੀਆਂ ਬਦਲੇ ਭਾਰਤ ਸਰਕਾਰ ਨੇ 1990 ਈਸਵੀ ਵਿੱਚ ਉਹਨਾਂ ਨੂੰ ਭਾਰਤ ਦਾ ਸਰਵੋਤਮ ਖ਼ਿਤਾਬ ਉਭਾਰਤ ਰਤਨ" ਦੇ ਕੇ ਨਿਵਾਜ਼ਿਆ।

ਅੱਜ ਜਦੋਂ ਸਾਰਾ ਸੰਸਾਰ ਉਹਨਾਂ ਦੀ 132 ਵੀਂ ਜਯੰਤੀ ਮਨਾ ਰਿਹਾ ਹੈ ਤਾਂ ਦੇਖਣ ਦੀ ਲੋੜ ਹੈ ਕਿ ਜੋ ਸੁਪਨੇ ਡਾ. ਅੰਬੇਡਕਰ ਨੇ ਸਿਰਜੇ ਸਨ ਕੀ ਉਹ ਪੂਰੇ ਹੋ ਗਏ ਹਨ? ਕਿਤੇ ਅਸੀਂ ਉਹਨਾਂ ਦੇ ਬੁੱਤ ਪੂਜਕ ਹੀ ਤਾਂ ਨਹੀਂ ਬਣ ਕੇ ਬੈਠ ਗਏ? ਵਿਚਾਰਧਾਰਾ ਕਿੱਥੇ ਗਈ? ਉਹਨਾਂ ਨੇ ਆਪਣੀ ਪਤਨੀ ਨੂੰ ਇੱਕ ਪੱਤਰ 'ਚ ਲਿਖਿਆ ਸੀ ਕਿ ਮੇਰੇ ਕੋਲ ਹੋਰ ਕੁਝ ਨਹੀਂ ਸਿਰਫ਼ ਇੱਕ ਕ੍ਰੈਕਟਰ ਹੀ ਹੈ।ਇਸ ਕ੍ਰੈਕਟਰ ਕਰਕੇ ਹੀ ਵੱਡੇ ਵੱਡੇ ਨੇਤਾ ਮੇਰੇ ਨਾਲ ਅੱਖ 'ਚ ਅੱਖ ਪਾ ਕੇ ਗੱਲ ਕਰਨ ਤੋਂ ਤ੍ਰਭਕਦੇ ਹਨ।ਆਓ ਅੱਜ ਆਪਾਂ ਸਾਰੇ ਉਹਨਾਂ ਦੇ ਜਨਮ ਦਿਹਾੜੇ ਤੇ ਆਪਣਾ ਕ੍ਰੈਕਟਰ ਉਹਨਾਂ ਵਰਗਾ ਬਣਾਉਣ ਦਾ ਪ੍ਰਣ ਕਰੀਏ। ਇਹੋ ਸਾਡੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# 'ਅਦਬੀ ਮਹਿਕ' ਅਦਾਰੇ ਵਲੋਂ ਸਾਹਿਤ ਪ੍ਰੇਮੀ ਹਰਿੰਦਰ ਸਿੰਘ ਬੀਸਲਾ ਦਾ ਸਨਮਾਨ

**ਮੁਕੰਦਪੁਰ, (ਰੇਸ਼ਮ ਕਰਨਾਣਵੀ) –** ਮਾਸਿਕ ਸਾਹਿਤਕ ਰਸਾਲੇ 'ਅਦਬੀ ਮਹਿਕ' ਵਲੋਂ ਸਾਹਿਤਕ ਤੇ ਸਮਾਜਿਕ ਖੇਤਰ ਨੂੰ ਪ੍ਰਣਾਈ ਸਖ਼ਸ਼ੀਅਤ ਸ. ਹਰਿੰਦਰ ਸਿੰਘ ਬੀਸਲਾ ਦਾ ਸਨਮਾਨ ਕੀਤਾ ਗਿਆ। ਇਹ ਰਸਮ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ ਨੇ ਨਿਭਾਈ। ਉਹਨਾਂ ਕਿਹਾ ਕਿ ਹਰਿੰਦਰ ਬੀਸਲਾ ਦਾ ਇੱਥੇ ਰਹਿੰਦਿਆਂ ਅਤੇ ਵਿਦੇਸ਼ ਜਾ ਕੇ ਪੀ ਪੰਜਾਬੀਅਤ ਲਈ ਸੇਵਾਵਾਂ ਨਿਭਾਉਣੀਆਂ ਸ਼ਲਾਘਾਯੋਗ ਹੈ। ਸ. ਹਰਿੰਦਰ ਸਿੰਘ ਬੀਸਲਾ ਨੇ ਆਪਣੇ ਵਤਨ ਨਾਲ ਜੁੜੀਆਂ ਕਦਰਾਂ ਕੀਮਤਾਂ ਅਤੇ ਪ੍ਰਵਾਸ ਦੇ ਨਫ਼ੇ ਨੁਕਸਾਨ ਸਬੰਧੀ ਵਿਚਾਰਾਂ ਦੀ ਸਾਂਝ ਪਾਈ। ਉਹਨਾਂ ਆਪਣੀਆਂ ਰਚਨਾਵਾਂ ਦੀ ਸਾਂਝੀਆਂ ਕੀਤੀਆਂ



ਅਤੇ ਅਮਰੀਕਾ 'ਚ ਵੱਖ ਵੱਖ ਰੇਡੀਓ ਰਾਹੀਂ ਕੀਤੀਆਂ ਪੇਸ਼ਕਾਰੀਆਂ ਸਬੰਧੀ ਤਜਰਬਾ ਵੀ ਸਾਂਝਾ ਕੀਤਾ। ਇਸ ਮੌਕੇ ਲੇਖਕ ਸਤਪਾਲ ਸਾਹਲੋਂ ਅਤੇ ਪੱਤਰਕਾਰ ਚਮਨ ਲਾਲ ਬੰਗਾ ਨੇ ਸਵਾਗਤੀ ਸ਼ਬਦ ਕਹੇ। ਪ੍ਰੋਗਰਾਮ ਦਾ ਸੰਚਾਲਨ ਸੁਰਜੀਤ ਮਜਾਰੀ ਨੇ ਕੀਤਾ।ਉਪਰੰਤ ਸ਼ਾਇਰ ਦਵਿੰਦਰ ਸਕੋਹਪੁਰੀ ਨੇ 'ਮਾਂ ਗੱਲਾਂ ਕਰਦੀ ਸੀ ਤੇਰੀ ਤਸਵੀਰ ਹੱਥਾਂ ਵਿੱਚ ਫੜ੍ਹਕੇ', ਅਮਰੀਕ ਢੀਂਡਸਾ ਨੇ ਮਨ ਅੱਥਰਾ ਨਾ ਡੋਲ ਜਾਏ ਇਹਦੀ ਖਿੱਚ ਕੇ ਰੱਖੀ ਤਣੀ' ਅਤੇ ਹਰਮਿੰਦਰ ਹੈਰੀ ਨੇ 'ਗੱਲਵਕੜ਼ੀ ਨੂੰ ਬਾਹਵਾਂ ਰਹੀਆਂ ਤਰਸਦੀਆਂ' ਰਾਹੀਂ ਹਾਜ਼ਰੀ ਭਰੀ। ਇਸ ਇਕੱਤਰਤਾ ਵਿੱਚ ਨਰਿੰਦਰ ਮਾਹੀ, ਮਨਜਿੰਦਰ ਸਿੰਘ, ਬਿੰਦਰ ਮੱਲ੍ਹਾਬੇਦੀਆਂ ਨੇ ਵੀ ਵਿਚਾਰ ਰੱਖੇ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust